**STATE COUNCIL OF EDUCATIONAL RESEARCH AND TRAINING PUNJAB**
6TH FLOOR,VIDYA BHAWAN,E-BLOCK
PHASE-8 MOHALI, PUNJAB PH.0172-2212221

**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ**
ਛੇਵੀਂ ਮੰਜ਼ਿਲ, ਈ ਬਲਾਕ, ਵਿਦਿਆ ਭਵਨ,
ਫੇਜ਼-8 ਮੁਹਾਲੀ, ਫੋਨ 0172-21212221

**ਵੱਲ:ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ., ਐ.ਸਿੱ) ਪੰਜਾਬ**

**ਸਮੂਹ ਸਕੂਲ ਮੁਖੀ ਪੰਜਾਬ**

**ਮੀਮੋ ਨੰ :** 5/32 2018 8E

**ਮਿਤੀ :** 17.4.2018

**ਵਿਸ਼ਾ: ਸਿੱਖਣ ਪ੍ਰਾਪਤੀਆਂ (ਲਰਨਿੰਗ ਆਊਟਕੰਮਜ਼) ਜਮਾਤ ਪਹਿਲੀ ਤੋਂ ਅੱਠਵੀਂ ਨੂੰ ਸਕੂਲ ਅਤੇ ਜਮਾਤ ਕਮਰਿਆਂ ਵਿਚ ਚਾਰਟਾਂ ਰਾਹੀਂ ਪ੍ਰਦਰਸ਼ਿਤ ਕਰਨ ਸੰਬੰਧੀ।**

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ :

1.1 ਐੱਸ.ਸੀ.ਈ.ਆਰ.ਟੀ. ਪੰਜਾਬ ਵੱਲੋਂ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਵਿਸ਼ਾ ਵਾਰ ਸਿੱਖਣ ਪ੍ਰਾਪਤੀਆਂ ਨਿਰਧਾਰਤ ਕੀਤੀਆਂ ਗਈਆਂ ਹਨ।

1.2 ਸਿੱਖਣ ਪ੍ਰਾਪਤੀਆਂ ਨੂੰ ਆਰ.ਟੀ.ਈ. ਐਕਟ 2009 ਦੇ ਅਧੀਨ ਲਿਆ ਕੇ ਸਮੁੱਚੇ ਰਾਜ ਵਿਚ ਵਿਦਿਆਰਥੀਆਂ ਅਧਿਆਪਕਾਂ ਅਤੇ ਮਾਪਿਆਂ ਲਈ ਲਾਗੂ ਕੀਤਾ ਗਿਆ ਹੈ।

1.3 ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਲਈ ਸਿੱਖਣ ਪ੍ਰਾਪਤੀਆਂ ਦੇ ਦਸਤਾਵੇਜ਼ ਨੂੰ ਐੱਸ.ਐੱਸ.ਏ ਦੀ ਵੈਬਸਾਈਟ ਉੱਤੇ ਅੱਪਲੋਡ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਦਸਤਾਵੇਜ਼ ਪੀ.ਡੀ.ਐੱਫ ਰੂਪ ਵਿਚ ਹੈ ਜੋ ਸਹਿਜੇ ਹੀ ਮੋਬਾਇਲ ਫੋਨ ਉੱਤੇ ਡਾਊਨਲੋਡ ਕਰਕੇ ਪੜ੍ਹਿਆ ਜਾ ਸਕਦਾ ਹੈ।

1.4 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦਸਤਾਵੇਜ਼ ਵਿਚ ਦਿੱਤੀਆਂ ਜਮਾਤਵਾਰ ਅਤੇ ਵਿਸ਼ਾਵਾਰ ਸਿੱਖਣ ਪ੍ਰਾਪਤੀਆਂ ਨੂੰ ਚਾਰਟ ਬਣਾ ਕੇ ਸਕੂਲ ਅਤੇ ਜਮਾਤ ਕਮਰਿਆ ਵਿਚ ਪ੍ਰਦਰਸ਼ਿਤ ਕੀਤਾ ਜਾਵੇ।

1.5 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਸਹਿਬਾਨ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖਣ ਪ੍ਰਪਤੀਆਂ ਦਾ ਚਾਰਟਾ ਰਾਹੀਂ ਸਕੂਲਾਂ ਵਿਚ ਪ੍ਰਦਰਸ਼ਨ ਯਕੀਨੀ ਬਣਾਇਆ ਜਾਵੇ।

ਉਕਤ ਹਦਾਇਤਾਂ ਦੀ ਇਨਬਿਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ
(ਐੱਸ.ਸੀ.ਈ.ਆਰ.ਟੀ. ਪੰਜਾਬ)

ਨੋਟ : ਸਿੱਖਣ ਪ੍ਰਾਪਤੀਆਂ ਦਸਤਾਵੇਜ਼ ਨਾਲ ਨੱਥੀ।

ਐਲੀਮੈਂਟਰੀ ਪੱਧਰ ਦੀਆਂ

# ਸਿੱਖਣ ਪ੍ਰਾਪਤੀਆਂ

(ਲਰਨਿੰਗ ਆਉਟਕੰਮਜ਼)

## ਵਿੱਦਿਆ ਵਿਚਾਰੋ
## ਜ਼ਿੰਦਗੀ ਸੁਧਾਰੋ

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

**ਪਹਿਲਾ ਐਡੀਸ਼ਨ**
ਸਤੰਬਰ - 2017

**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ**
ਸਾਰੇ ਹੱਕ ਸਮੇਤ ਅਨੁਵਾਦ, ਪੁਨਰ ਸਿਰਜਣ ਅਤੇ ਏਕਾਧਿਕਾਰ ਆਦਿ ਪੰਜਾਬ ਸਰਕਾਰ ਕੋਲ ਰਾਖਵੇਂ ਹਨ।

**ਦਫ਼ਤਰ**

**ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ**
ਈ- ਬਲਾਕ, ਵਿੱਦਿਆ ਭਵਨ, ਛੇਵੀਂ ਮੰਜ਼ਿਲ
ਫ਼ੇਜ਼-8, ਐੱਸ.ਏ.ਐੱਸ.ਨਗਰ (ਮੁਹਾਲੀ), ਪੰਜਾਬ - 160062
ਫ਼ੋਨ: 0172-2212221
ਈ ਮੇਲ: directorscert@yahoo.in

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
ਈ- ਬਲਾਕ, ਵਿੱਦਿਆ ਭਵਨ, ਪੰਜਵੀਂ ਮੰਜ਼ਿਲ
ਫ਼ੇਜ਼-8, ਐੱਸ.ਏ.ਐੱਸ.ਨਗਰ (ਮੁਹਾਲੀ), ਪੰਜਾਬ - 160062
ਫੋਨ: 0172-5212363, 0172-5212313
ਈ ਮੇਲ: dgsepunjab18@gmail.com

**ਪ੍ਰਕਾਸ਼ਨ ਟੀਮ**
ਡਾ. ਮਨਿੰਦਰ ਸਿੰਘ ਸਰਕਾਰੀਆ - ਸਹਾਇਕ ਡਾਇਰੈਕਟਰ ਅਕਾਦਮਿਕ
ਰਣਬੀਰ ਸਿੰਘ ਸੋਹਲ - ਵਿਸ਼ਾ ਮਾਹਰ
ਨਵਨੀਤ ਕੁਮੇਦਾਨ - ਵਿਸ਼ਾ ਮਾਹਰ

# ਵਿਸ਼ਾ-ਵਸਤੂ


| ਲੜੀ ਨੰ | ਵਿਸ਼ਾ | ਪੇਜ ਨੰ |
|---|---|---|
| 1 | **ਮੁੱਖਬੰਦ** | i-iv |
| 2 | **ਪ੍ਰਸਤਾਵਨਾ** | i-ii |
| 3 | **ਭਾਸ਼ਾ** | |
| | **ਪੰਜਾਬੀ** | **11-32** |
| | ਪ੍ਰਾਇਮਰੀ | 11-24 |
| | ਅੱਪਰ-ਪ੍ਰਾਇਮਰੀ | 25-32 |
| | **ਅੰਗਰੇਜ਼ੀ** | **33-50** |
| | ਪ੍ਰਾਇਮਰੀ | 33-42 |
| | ਅੱਪਰ-ਪ੍ਰਾਇਮਰੀ | 43-50 |
| | **ਹਿੰਦੀ** | **53-72** |
| | ਪ੍ਰਾਇਮਰੀ | 53-59 |
| | ਅੱਪਰ-ਪ੍ਰਾਇਮਰੀ | 60-72 |
| 4 | **ਹਿਸਾਬ** | **73-89** |
| | ਪ੍ਰਾਇਮਰੀ | 73-89 |
| | ਅੱਪਰ-ਪ੍ਰਾਇਮਰੀ | 90-102 |
| 5 | **ਵਾਤਾਵਰਨ ਸਿੱਖਿਆ** | **103-114** |
| | ਪ੍ਰਾਇਮਰੀ | |
| 6 | **ਵਿਗਿਆਨ** | **115-124** |
| | ਅੱਪਰ-ਪ੍ਰਾਇਮਰੀ | |
| 7 | **ਸਮਾਜਿਕ ਸਿੱਖਿਆ** | **125-139** |
| | ਅੱਪਰ-ਪ੍ਰਾਇਮਰੀ | |

# ਪ੍ਰਸਤਾਵਨਾ

## ਦਸਤਾਵੇਜ਼ ਦਾ ਕਾਰਨ

ਪਿਛਲੇ ਤਿੰਨ ਦਹਾਕਿਆਂ ਤੋਂ 'ਸਭ ਲਈ ਸਿੱਖਿਆ' (EFA) ਦਾ ਲਿਟਰੇਚਰ, ਸਿੱਖਿਆ ਦੀ ਗੁਣਵੱਤਾ 'ਤੇ ਜੋਰ ਦਿੰਦਾ ਹੈ। ਇਸ ਨੂੰ ਦਾਖਲਾ, ਧਾਰਨਾ ਅਤੇ ਪ੍ਰਾਪਤੀ ਦੇ ਅਧਾਰ 'ਤੇ ਵਿਚਾਰਿਆ ਗਿਆ ਹੈ। ਇਸ ਤੋਂ ਇਲਾਵਾ ਸਿੱਖਿਆਰਥੀਆਂ ਦੀਆਂ ਇੱਛਾਗਤ ਵਿਸ਼ੇਸ਼ਤਾਵਾਂ, ਸਿੱਖਣ-ਪ੍ਰਕਿਰਿਆ, ਸਹੂਲਤਾਂ, ਸਿੱਖਣ ਸਮੱਗਰੀ, ਵਿਸ਼ਾ-ਵਸਤੂ, ਪ੍ਰਸ਼ਾਸਨਿਕ ਪ੍ਰਬੰਧਨ ਅਤੇ ਲਰਨਿੰਗ ਆਊਟਕੰਮਜ਼ ਵੀ ਸ਼ਾਮਲ ਹਨ। ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਲਗਾਤਾਰ ਹੀ ਆਰ.ਟੀ.ਈ ਐਕਟ ਅਤੇ ਸਰਵ ਸਿੱਖਿਆ ਅਭਿਆਨ ਦਾ ਮੁੱਖ ਖੇਤਰ ਰਿਹਾ ਹੈ। ਰਾਸ਼ਟਰੀ ਪੱਧਰ 'ਤੇ ਰਾਸ਼ਟਰੀ ਪਾਠਕ੍ਰਮ ਚੌਖਟਾ ਅਤੇ ਰਾਜ ਪੱਧਰ 'ਤੇ ਰਾਜ ਵੱਲੋਂ ਤਿਆਰ ਕੀਤੇ ਪਾਠਕ੍ਰਮ ਚੌਖਟੇ ਦਾ ਉਦੇਸ਼ ਸਿੱਖਿਆ ਦਾ ਗੁਣਾਤਮਿਕ ਸੁਧਾਰ ਰਿਹਾ ਹੈ। ਇਹ ਜ਼ਰੂਰੀ ਹੈ ਕਿ ਹਰ ਬੱਚਾ ਬੁਨਿਆਦੀ ਸਿੱਖਿਆ ਗ੍ਰਹਿਣ ਕਰੇ ਅਤੇ ਉਸ ਨੂੰ ਆਵ੍ਰਿਤੀ ਕੌਸ਼ਲ ਪ੍ਰਾਪਤ ਕਰਨ ਲਈ ਲੋੜੀਂਦੇ ਮੌਕੇ ਮਿਲਣ ਤਾਂ ਜੋ ਉਹ ਵਿਸ਼ਵੀ ਨਾਗਰਿਕ ਬਣ ਸਕੇ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸਿੱਖਿਆ ਦੀ ਅੰਦਰੂਨੀ ਵਿਵਸਥਾ, ਕੇਂਦਰ ਅਤੇ ਰਾਜਾਂ ਦੀਆਂ ਸਿੱਖਿਆ ਸੰਸਥਾਂਵਾਂ ਦੇ ਪ੍ਰਬੰਧਕ, ਯੋਜਨਾਕਾਰ ਅਤੇ ਨੀਤੀ-ਘਾੜੇ ਸਿੱਖਿਆ ਸੰਸਥਾਂਵਾਂ ਤੋਂ ਜਾਣੂ ਹੋਣ ਕਿ ਉਹਨਾਂ ਵੱਲੋਂ ਤਰਕਸ਼ੀਲ ਨਿਰਨੇ ਲਏ ਜਾਣੇ ਹਨ। ਰਾਸ਼ਟਰੀ ਅਤੇ ਰਾਜ ਪੱਧਰ 'ਤੇ ਕਰਵਾਏ ਜਾਣ ਵਾਲੇ ਵੱਖ-ਵੱਖ ਸਰਵੇਖਣ (NAS/SLAS) ਇਸ ਦਿਸ਼ਾ ਵਿਚ ਇਕ ਪਹਿਲ ਹਨ। ਇਸ ਦੇ ਨਾ਼ਲ ਹੀ ਸਕੂਲ ਅਤੇ ਸਮੁਦਾਇ ਦੇ ਪੱਧਰ 'ਤੇ ਅਲੱਗ-ਅਲੱਗ ਭਾਗੀਦਾਰ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਲਈ ਆਪਣਾ ਹਿੱਸਾ ਪਾਉਂਦੇ ਹਨ।

ਗਲੋਬਲ ਮੌਨੀਟਰਿੰਗ ਦੀ ਤਾਜ਼ੀ ਰਿਪੋਰਟ (GMR)-2015 ਅਨੁਸਾਰ ਪ੍ਰਗਤੀਸ਼ੀਲ ਦੇਸ਼ਾਂ (ਸਮੇਤ ਭਾਰਤ) ਵਿਚ ਸਿੱਖਿਆ ਦੀ ਪਹੁੰਚ ਵਿਚ ਪ੍ਰਭਾਵਸ਼ਾਲੀ ਵਾਧਾ ਹੋਇਆ ਹੈ ਪਰ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਅਜੇ ਵੀ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿਚ ਮੁਲਾਂਕਣ ਲਈ ਕੀਤੇ ਗਏ ਵੱਖ-ਵੱਖ ਸਰਵੇਖਣਾ ਜਿਵੇਂ ਕਿ ਸਾਲਾਨਾ ਸਿੱਖਿਆ ਦਰਜਾ ਰਿਪੋਰਟ (ASER) ਰਾਹੀਂ ਵੱਖ-ਵੱਖ ਰਾਜਾਂ ਵਿਚਕਾਰ ਸਿੱਖਿਆਰਥੀਆਂ ਦੇ ਬੁਨਿਆਦੀ ਕੌਸ਼ਲਾਂ ਦੀਆਂ ਪ੍ਰਾਪਤੀਆਂ ਵਿਚਕਾਰ ਵਿਸ਼ਾਲ ਅਸਮਾਨਤਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਦੀ ਪੁਸ਼ਟੀ ਰਾਸ਼ਟਰੀ ਪ੍ਰਾਪਤੀ ਸਰਵੇਖਣ (NAS) ਜਮਾਤ-3 (MHRD-2014) ਨਾ਼ਲ ਵੀ ਹੁੰਦੀ ਹੈ। ਪਿਛਲੇ ਕੁਝ ਸਾਲਾਂ ਦੀਆਂ ਐੱਸ.ਐੱਸ.ਏ. ਲਈ 'ਜੁਆਇੰਟ ਰੀਵਿਊ ਮਿਸ਼ਨਜ਼' ਦੀਆਂ ਰਿਪੋਰਟਾਂ ਅਨੁਸਾਰ, ਰਾਜਾਂ ਦੁਆਰਾ ਹਰ ਤਰ੍ਹਾਂ ਦੇ ਉਪਰਾਲਿਆਂ (ਸਮੇਂ ਸਿਰ ਸਿੱਖਣ-ਸਿਖਾਉਣ ਅਤੇ ਸਿੱਖਿਆ ਸਮੱਗਰੀ ਦਾ ਪ੍ਰਬੰਧ, ਅਧਿਆਪਕਾਂ ਦੀ ਤੈਨਾਤੀ ਅਤੇ ਨਿਯਮਤ ਨਿਗਰਾਨੀ) ਦੇ ਬਾਵਜੂਦ ਸਿੱਖਿਆਰਥੀਆਂ ਦੇ ਸਿੱਖਣ ਦਾ ਪੱਧਰ ਇੱਛਤ ਪੱਧਰ ਤੱਕ ਨਹੀਂ ਪਹੁੰਚ ਸਕਿਆ। ਇਹ ਰਿਪੋਰਟਾਂ ਪੜ੍ਹਨ, ਸੰਖਿਅਕ ਅਤੇ ਗਣਿਤ ਲਈ ਯੋਗਤਾਵਾਂ ਦੇ ਲਈ ਆਉਟਕ ਮਜ਼ ਵਿਚ ਗਿਰਾਵਟ ਨੂੰ ਦਰਸਾਉਂਦੀਆਂ ਹਨ ਜੋ ਕਿ ਅਜੋਕੇ ਸਮੇਂ ਵਿਚ ਇਕ



ਚਿੰਤਾ ਦਾ ਵਿਸ਼ਾ ਹੈ। ਇਸ ਦੇ ਮੱਦ-ਏ-ਨਜ਼ਰ ਗੁਣਵੱਤਾ ਦਾ ਪੈਮਾਨਾ 'ਲਰਨਿੰਗ ਆਉਟਕੰਮਜ਼' ਹਨ ਜੋ ਕਿ ਸਭ ਵੱਲੋਂ ਪ੍ਰਾਪਤ ਕੀਤਾ ਜਾਣੇ ਹਨ, ਜਿਨ੍ਹਾਂ ਵਿਚ ਸਾਖ਼ਰਤਾ, ਸੰਖਿਅਕ ਅਤੇ ਲੋੜੀਂਦੇ ਜੀਵਨ ਕੌਸ਼ਲ ਅਹਿਮ ਹਨ। ਬਾਰਵੀਂ ਪੰਜ ਸਾਲਾ ਯੋਜਨਾ ਵਿਚ ਬੁਨਿਆਦੀ ਸਿੱਖਿਆ 'ਤੇ ਜ਼ੋਰ ਦਿੱਤਾ ਗਿਆ ਹੈ ਜੋ ਕਿ ਪ੍ਰਇਮਰੀ ਸਿੱਖਿਆ ਦਾ ਖਾਸ ਉਦੇਸ਼ ਹੈ ਅਤੇ ਇਸ ਵਿਚ ਦੋ ਗੁਣਾਤਮਕ ਟੀਚਿਆਂ ਤੱਕ ਪਹੁੰਚਣ ਲਈ ਨਿਯਮਤ ਮੁਲਾਂਕਣ ਦੀ ਜ਼ਰੂਰਤ ਹੈ। ਇਹ ਜੀ.ਐੱਮ.ਆਰ. (GMR)-2015 ਅਤੇ ਐੱਸ.ਡੀ.ਜੀ.(SGD) ਦੀਆਂ ਸਿਫ਼ਾਰਸ਼ਾਂ ਦੇ ਮੁਤਾਬਕ ਵੀ ਹੈ। ਇਸ ਲਈ ਰਾਜ, ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਤੇ 'ਲਰਨਿੰਗ ਆਉਟਕੰਮਜ਼ 'ਦਾ ਮੁਲਾਂਕਣ ਗੁਣਵੱਤਾ ਦੀ ਨਿਗਰਾਨੀ ਲਈ ਜ਼ਰੂਰੀ ਹੈ। ਇਸ ਸਮੇਂ ਵੱਖ-ਵੱਖ ਭਾਗੀਦਾਰ ਜਿਵੇਂ ਕਿ ਮਾਪੇ ਅਤੇ ਸਮਾਜ, ਧਰਾਤਲ ਪੱਧਰ 'ਤੇ ਪ੍ਰਾਪਤੀਆਂ ਲਈ ਜਾਗਰੁਕ ਹੋਣ, ਜਿਸ ਨਾ਼ਲ ਸਿੱਖਿਆ ਵਿਵਸਥਾ ਚੁਸਤ ਰਹੇਗੀ ਅਤੇ ਸਿੱਖਿਆ ਸੁਧਾਰ ਲਈ ਸਹੀ ਪੈਮਾਨੇ ਲਗਾਉਣ ਪ੍ਰਤੀ ਜੁਆਬਦੇਹ ਹੋਵੇਗੀ।

ਅਕਸਰ ਅਧਿਆਪਕਾਂ ਨੂੰ ਸਪੱਸ਼ਟ ਨਹੀਂ ਹੁੰਦਾ ਕਿ ਕਿਸ ਤਰ੍ਹਾਂ ਦੇ ਸਿੱਖਣ ਦੀ ਜ਼ਰੂਰਤ ਹੈ ਅਤੇ ਉਸ ਦੇ ਮੁਲਾਂਕਣ ਦੇ ਮਾਪਦੰਡ ਕੀ ਹਨ। ਉਹ ਪਾਠ-ਪੁਸਤਕ ਦੀ ਵਰਤੋਂ ਬਤੌਰ ਸੰਪੂਰਨ ਪਾਠਕ੍ਰਮ ਕਰਦੇ ਹਨ ਅਤੇ ਅਭਿਆਸ ਵਾਲੇ ਪ੍ਰਸ਼ਨਾਂ ਦੇ ਅਧਾਰ ਤੇ ਮੁਲਾਂਕਣ ਕਰਦੇ ਹਨ। ਆਮ ਤੌਰ 'ਤੇ ਪਾਠ-ਪੁਸਤਕ ਵਿਚ ਵਸਤੂ ਸਮੱਗਰੀ ਦੇ ਸੰਦਰਭਗਤ ਪਰਿਵਰਤਨ ਅਤੇ ਪੈਡਾਗੋਜ਼ੀਕਲ ਪਰਿ-ਵਰਤਨ ਦਾ ਧਿਆਨ ਨਹੀਂ ਰੱਖਿਆ ਜਾਂਦਾ ਕਿਉਂਕਿ ਇਹਨਾਂ ਦੇ ਮੁਲਾਂਕਣ ਦੇ ਕੋਈ ਨਿਸ਼ਚਿਤ ਮਾਪਦੰਡ ਨਹੀਂ ਹਨ।

ਹਰ ਜਮਾਤ ਲਈ ਨਿਰਧਾਰਤ 'ਲਰਨਿੰਗ ਆਉਟਕਮਜ਼' ਨਾ ਸਿਰਫ਼ ਅਧਿਆਪਕ ਦੀ ਅਧਿਆਪਨ-ਸਿੱਖਣ ਨੂੰ ਦਿਸ਼ਾ ਦੇਂਦੇ ਹਨ ਸਗੋਂ ਬਾਕੀ ਹਿੱਸੇਦਾਰਾਂ (Stakeholders: ਮਾਪੇ/ਸਰਪ੍ਰਸਤ, ਸਕੂਲ ਪ੍ਰਬੰਧਨ ਕਮੇਟੀ (SMC) ਦੇ ਮੈਂਬਰ, ਸਮਾਜ ਅਤੇ ਰਾਜ ਦੇ ਅਧਿਕਾਰੀਆਂ) ਨੂੰ ਵੀ ਗੁਣਾਤਮਕ ਸਿੱਖਿਆ ਦੇ ਸੰਬੰਧ ਵਿਚ ਉਹਨਾਂ ਦੀ ਭੂਮਿਕਾ ਪ੍ਰਤੀ ਜਾਗਰੁਕ ਕਰਦੇ ਹਨ ਅਤੇ ਉਹਨਾਂ ਦੀ ਜ਼ਿੰਮੇਵਾਰੀ ਨਿਸ਼ਚਿਤ ਕਰਦੇ ਹਨ।

### ਇਹ ਬਦਲਾਵ (Shift) ਕਿਉਂ?

ਰਾਸ਼ਟਰੀ ਸਿੱਖਿਆ ਨੀਤੀ (NPE) 1986, ਜੋ 1992 ਵਿਚ ਸੰਸ਼ੋਧਿਤ ਕੀਤੀ ਗਈ ਅਤੇ ਪ੍ਰੋਗਰਾਮ ਆਫ਼ ਐਕਸ਼ਨ (POA) 1992 ਵਿਚ ਇਸ ਗੱਲ 'ਤੇ ਜੋਰ ਦਿੱਤਾ ਗਿਆ ਕਿ 'ਬੱਚਿਆਂ ਦਾ ਘੱਟ ਤੋਂ ਘੱਟ ਸਿੱਖਣ ਪੱਧਰ' (MLL) ਨਿਰਧਾਰਤ ਕੀਤਾ ਜਾਵੇ। ਰਾਸ਼ਟਰੀ ਸਿੱਖਿਆ ਨੀਤੀ (NPE) ਦੇ ਇਸ ਉਦੇਸ਼ ਕਿ 'ਹਰ ਬੱਚਾ ਘੱਟ ਤੋਂ ਘੱਟ ਨਿਰਧਾਰਤ ਪੱਧਰ ਹਾਸਲ ਕਰੇ' ਜਿਸ ਲਈ ਬੱਚਿਆਂ ਦੇ ਸਿੱਖਣ ਦਾ ਨਿਯਮਿਤ ਮੁਲਾਂਕਣ ਕੀਤਾ ਜਾਵੇ। ਪ੍ਰੋਗਰਾਮ ਆਫ਼ ਐਕਸ਼ਨ 1992 ਤਹਿਤ ਪ੍ਰਾਇਮਰੀ ਪੱਧਰ ਲਈ 'ਘੱਟ ਤੋਂ ਘੱਟ ਨਿਰਧਾਰਤ ਪੱਧਰ' ਜੋ ਕਿ ਵਿਸ਼ਾ-ਵਾਰ ਅਤੇ ਜਮਾਤਵਾਰ ਵਿਕਸਤ ਕੀਤੇ ਗਏ ਸਨ ਜੋ ਉਤਪਾਦ ਦੀਆਂ ਪ੍ਰਾਪਤੀਆਂ 'ਤੇ ਅਧਾਰਿਤ ਸਨ ਅਤੇ ਬੱਚਿਆਂ ਦੇ ਵਿਕਾਸ ਨੂੰ ਮੁਲਾਂਕਿਤ ਕਰਨ ਲਈ ਇਹਨਾਂ ਦਾ ਦਾਇਰਾ ਸੀਮਤ ਸੀ। ਇਕ ਦਹਾਕੇ ਪਹਿਲਾਂ ਇਕ ਮਹੱਤਵਪੂਰਨ ਤਬਦੀਲੀ ਆਈ, ਜਦੋਂ ਇਕ ਸੁਭਾਵਿਕ ਸਿੱਖਿਆਰਥੀ ਦੇ ਰੂਪ ਵਿਚ ਬੱਚੇ ਦੇ ਗਿਆਨ ਨੂੰ ਉਸਾਰਨ ਦੀ ਸਮਰੱਥਾ ਨੂੰ ਪਾਠਕ੍ਰਮ ਦੇ ਕਾਰਜ ਪ੍ਰਬੰਧ ਲਈ ਕੇਂਦਰ ਮੰਨਿਆ ਗਿਆ

ਅਤੇ ਅਧਿਆਪਕ ਦੀ ਭੂਮਿਕਾ, ਮੁੱਖ ਤੌਰ 'ਤੇ ਸਿੱਖਣ ਪ੍ਰਕਿਰਿਆ ਵਿਚ ਇਕ ਸਹਾਇਕ ਵਜੋਂ ਦੇਖੀ ਜਾਣ ਲੱਗੀ। ਸੋ ਗਿਆਨ ਦੀ ਪ੍ਰਾਪਤੀ ਬੱਚਿਆਂ ਦੇ ਨੇੜਲੇ ਸੰਸਾਰ ਨਾਲ ਅੰਤਰ-ਸੰਬੰਧਾਂ ਵਿਚੋਂ ਹੋਣ ਲੱਗੀ ਜਿਸ ਵਿਚ ਉਹ ਆਪਣੇ ਗਿਆਨ ਦਾ ਵਾਧਾ ਕਰਦੇ, ਖੋਜਦੇ, ਪੁੱਛੇ ਗਏ ਪ੍ਰਸ਼ਨਾਂ ਦੀ ਹਾਮੀ ਭਰਦੇ ਅਤੇ ਆਲੇ-ਦੁਆਲੇ ਦੇ ਅਰਥ ਆਪ ਕੱਢਣ ਲੱਗੇ, ਜਿਸ ਦਾ ਅਰਥ ਇਹ ਹੈ ਕਿ ਧਿਆਨ ਦਾ ਕੇਂਦਰ ਸਿੱਖਣ ਪ੍ਰਕਿਰਿਆ ਬਣ ਗਈ। ਸੰਕਲਪ ਦੀ ਸਮਝ ਨੂੰ ਇਕ ਲਗਾਤਾਰ ਪ੍ਰਕਿਰਿਆ ਮੰਨਿਆ ਗਿਆ। ਸਿੱਖਿਆ ਰਾਹੀਂ ਬੱਚੇ ਦਾ ਸਰਵਪੱਖੀ ਵਿਕਾਸ 'ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ-2009' ਰਾਹੀ ਮੌਲਿਕ ਸੰਕਲਪ ਦੇ ਤੌਰ 'ਤੇ ਲਿਆ ਗਿਆ ਜਿਸ ਨੂੰ ਹਰ ਦਸਤਾਵੇਜ਼ ਲਈ ਪਹਿਲ ਦੇ ਆਧਾਰ 'ਤੇ ਪਹਿਚਾਣਿਆ ਜਾਣਾ ਹੈ। ਪ੍ਰਾਇਮਰੀ ਪੱਧਰ ਲਈ 'ਘੱਟ ਤੋਂ ਘੱਟ ਨਿਰਧਾਰਤ ਪੱਧਰ' ਲਈ ਤਿਆਰ ਕੀਤਾ ਦਸਤਾਵੇਜ਼ ਵੀ ਇਸ ਨੂੰ ਮੰਨਦਾ ਹੈ ਪਰ ਇਹ ਸਾਈਕੋ-ਮੋਟਰ ਅਤੇ ਭਾਵਨਾਤਮਿਕ ਪੱਖਾਂ ਨਾਲ ਨਜਿੱਠਣ ਵਿਚ ਅਸਫਲ ਰਿਹਾ।

ਇਸ ਦੇ ਕਈ ਕਾਰਨ ਰਹੇ, ਜਿਨਾਂ ਵਿਚ ਇਕ ਪੇਪਰ-ਪੈਂਨਸਿਲ ਟੈਸਟ ਜਿਵੇਂ ਕਿ ਉਹ ਗੁੰ-ਝਲਦਾਰ ਅਤੇ ਵਿਸਤ੍ਰਿਤ, ਵਿਅਕਤੀਗਤ ਪਹੁੰਚਾਂ ਅਤੇ ਪੱਖਪਾਤ ਤੋਂ ਪ੍ਰਭਾਵਿਤ ਹੁੰਦੇ ਹਨ ਜਿਨਾਂ ਰਾਹੀਂ ਪ੍ਰਭਾਵਸ਼ਾਲੀ ਗੁਣਾਂ ਦਾ ਮੁਲਾਂਕਣ ਕਠਿਨ ਹੁੰਦਾ ਹੈ ਜਿਸ ਕਾਰਨ ਬੱਚਿਆਂ ਦੇ ਸਰਵਪੱਖੀ ਵਿਕਾਸ ਦੀ ਅਨਿਸ਼ਚਿਤਤਾ ਬਣੀ ਰਹਿੰਦੀ ਹੈ।

ਇਸ ਸੰਦਰਭ ਵਿਚ, ਸਮੁੱਚੀ ਪ੍ਰਕਿਰਿਆ ਨੂੰ ਨਵੇਂ ਦ੍ਰਿਸਟੀਕੋਣ ਪੱਖੋਂ ਦੇਖਣ ਲਈ ਅਤੇ ਐਲੀਮੈਂਟਰੀ ਪੱਧਰ (ਜਮਾਤ ਪਹਿਲੀ ਤੋਂ ਅੱਠਵੀਂ) ਦੇ ਪਾਠਕ੍ਰਮ ਦੇ ਖੇਤਰਾਂ ਲਈ 'ਲਰਨਿੰਗ ਆਉਟਕੰਮਜ਼' ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਆਰੰਭੀ ਗਈ।

## ਦਸਤਾਵੇਜ਼ ਦੇ ਬਾਰੇ:

ਮੌਜੂਦਾ ਦਸਤਾਵੇਜ਼ ਵਿਚ ਹਰ ਇਕ ਜਮਾਤ ਲਈ 'ਲਰਨਿੰਗ ਆਉਟਕੰਮਜ਼' ਸਪੱਸ਼ਟ ਕੀਤੇ ਗਏ ਹਨ ਜੋ ਕਿ ਭਾਸ਼ਾ (ਪੰਜਾਬੀ, ਅੰਗਰੇਜ਼ੀ, ਹਿੰਦੀ) ਹਿਸਾਬ, ਵਾਤਾਵਰਨ ਸਿੱਖਿਆ, ਵਿਗਿਆਨ ਅਤੇ ਸਮਾਜਿਕ ਸਿੱਖਿਆ ਲਈ ਐਲੀਮੈਂਟਰੀ ਪੱਧਰ ਤੱਕ ਵਿਕਸਤ ਕੀਤੇ ਗਏ ਹਨ। ਇਹ ਦਸਤਾਵੇਜ਼ ਸਾਰੇ ਹਿੱਸੇਦਾਰਾਂ (Stakeholders: ਮਾਪੇ/ਸਰਪ੍ਰਸਤ, ਸਕੂਲ ਪ੍ਰਬੰਧਨ ਕਮੇਟੀ (SMC) ਦੇ ਮੈਂਬਰ, ਸਮਾਜ ਅਤੇ ਰਾਜ ਦੇ ਅਧਿਕਾਰੀਆਂ) ਲਈ ਹੈ। ਦਸਤਾਵੇਜ਼ ਦੀਆਂ ਕੁਝ ਵਿਸ਼ੇਸ਼ਤਾਵਾਂ ਨਿਮਨ ਅਨੁਸਾਰ ਹਨ:

- ਇਸ ਨੂੰ ਵਰਤੋਂਕਾਰ ਸਹਿਯੋਗੀ ਬਣਾਉਣ ਹਿੱਤ ਦਸਤਾਵੇਜ਼ ਵਿਚ ਜਿਥੋਂ ਤੱਕ ਹੋ ਸਕਿਆ ਸਰਲ ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ।
- ਹਰੇਕ ਪਾਠਕ੍ਰਮ ਖੇਤਰ ਅਧੀਨ ਭਾਗ ਵਿਚ ਵਿਸ਼ੇ ਦੇ ਬਾਰੇ ਸੰਖੇਪ ਜਾਣਕਾਰੀ ਹੈ ਜਿਸ ਤੋਂ ਬਾਅਦ ਪਾਠਕ੍ਰਮ ਤੋਂ ਉਮੀਦਾਂ ਦਰਸਾਈਆਂ ਗਈਆਂ ਹਨ ਜੋ ਕਿ ਦੂਰਗਾਮੀ ਸਮੇਂ ਦੇ ਉਦੇਸ਼ (Long Term) ਹਨ ਜੋ ਸਿੱਖਿਆਰਥੀਆਂ ਨੂੰ ਕੁਝ ਸਮੇਂ ਤੋਂ ਬਾਅਦ ਹਾਸਲ ਕਰਨੇ ਪੈਂਦੇ ਹਨ ਅਤੇ ਇਹ ਅਵਸਥਾ-ਵਾਰ ਪਰਿਭਾਸ਼ਤ ਹਨ।
- ਜਮਾਤ-ਵਾਰ ਪਰਿਭਾਸ਼ਤ 'ਲਰਨਿੰਗ ਆਉਟਕੰਮਜ਼' ਪ੍ਰਕਿਰਿਆ 'ਤੇ ਅਧਾਰਿਤ ਹਨ ਜੋ ਕਿ ਪੜਤਾਲ-ਬਿੰਦੂ ਮੁਹੱਈਆ ਕਰਵਾਉਂਦੀ ਹੈ ਜਿਨਾ ਨੂੰ ਬੱਚਿਆਂ ਦੇ ਸਰਬਾਂਗੀ ਵਿਕਾਸ ਦੀ ਆਸ ਨੂੰ ਸਾਹਮਣੇ ਰੱਖ ਕੇ ਗੁਣਾਤਮਿਕ ਅਤੇ ਗਿਣਾਤਮਿਕ ਤੌਰ 'ਤੇ ਮਾਪਿਆ ਜਾ ਸਕਦਾ ਹੈ।
- ਅਧਿਆਪਕਾਂ ਦੀ ਸਮਝ ਦੀ ਸਹਾਇਤਾ ਹਿੱਤ ਅਤੇ ਪਾਠਕ੍ਰਮ ਆਧਾਰਿਤ 'ਲਰਨਿੰਗ ਆਉਟਕੰਮਜ਼' ਪ੍ਰਾਪਤ ਕਰਨ ਲਈ ਅਧਿਆਪਕਾਂ ਦੇ ਸਹਿਯੋਗ ਵਾਸਤੇ ਕੁਝ ਸੁਝਾਆਤਮਿਕ ਅਧਿਆਪਨ ਪ੍ਰਕਿਰਿਆਵਾਂ 'ਲਰਨਿੰਗ ਆਉਟਕੰਮਜ਼' ਦੇ ਨੇੜਲ ਕਾਲਮ ਵਿਚ ਦਰਸਾਈਆਂ ਗਈਆਂ ਹਨ।
- ਸੰਦਰਭਾਤਮਿਕ ਸਾਧਨਾਂ ਅਤੇ ਢੁੱਕਵੀਆਂ ਸਿੱਖਣ ਪ੍ਰਕਿਰਿਆਵਾਂ ਦੀ ਵਰਤੋਂ ਨਾਲ ਵਿਸ਼ੇਸ਼ ਜਮਾਤ ਕਮਰੇ ਵਿਚ ਅਧਿਆਪਕ ਵਿਸ਼ਾ ਤਿਆਰ ਕਰ ਸਕਦਾ ਹੈ ਅਤੇ ਸਿੱਖਿਣ ਦੀਆਂ ਵਿਵਧ ਅਵਸਥਾਂਵਾਂ/ਮੌਕੇ ਮਹੱਈਆ ਕਰਵਾ ਸਕਦਾ ਹੈ।
- ਪੈਡਾਗੋਜੀਕਲ ਪ੍ਰਕਿਰਿਆਵਾਂ ਸੁਝਾਆਤਮਿਕ ਹਨ ਅਤੇ ਇਹਨਾਂ ਨੂੰ ਸੰਪੂਰਨ ਰੂਪ ਵਿਚ ਵੇਖਿਆ ਜਾ ਸਕਦਾ ਹੈ ਪਰ ਨੇੜਲੇ ਕਾਲਮ ਵਿਚ ਦਰਸਾਏ ਗਏ 'ਲਰਨਿੰਗ ਆਉਟਕੰਮਜ਼' ਦੇ ਸਮਾਨਾਂਤਰ ਰੱਖ ਕੇ ਨਹੀਂ ਵੇਖਿਆ ਜਾ ਸਕਦਾ। ਸੋ ਇਹਨਾਂ ਨੂੰ ਸਮੁੱਚੇ ਰੂਪ ਵਿਚ ਹੀ ਲਿਆ ਜਾਵੇ। ਅਧਿਆਪਕ ਇਹਨਾਂ ਨੂੰ ਅਪਣਾ ਸਕਦਾ ਹੈ ਅਤੇਸਾਧਨਾਂ ਦੀ ਉਪਲੱਬਧਤਤਾ ਦੇ ਪਰਿਪੇਖ ਵਿਚ ਹੋਰ ਬਹੁਤ ਸਾਰੇ ਤਰੀਕੇ ਵਿਕਸਤ ਕਰ ਸਕਦਾ ਹੈ।
- ਇਸ ਗੱਲ ਦਾ ਧਿਆਨ ਰੱਖਿਆ ਗਿਆ ਹੈ ਕਿ ਹਰ ਇਕ ਪਾਠਕ੍ਰਮ ਖੇਤਰ ਲਈ ਪਰਿਭਾਸ਼ਤ ਕੀਤੇ ਗਏ 'ਲਰਨਿੰਗ ਆਉਟਕੰਮਜ਼' ਉਮਰ ਅਨੁਕੂਲਤਾ, ਅੰਦਰੂਨੀ ਗੁੰਝਲਾਂ ਅਤੇ ਸਮੁੱਚੇ ਪਾਠਕ੍ਰਮ ਖੇਤਰਾਂ ਅਤੇ ਪੱਧਰਾਂ ਦੇ ਆਰ-ਪਾਰ ਕੜੀਦਾਰ ਰੂਪ ਵਿਚ ਜੁੜੇ ਹੋਣ।
- ਜਮਾਤ-ਵਾਰ ਸੈਕਸ਼ਨ ਨੂੰ ਵੱਖਰੇ ਰੂਪ ਵਿਚ ਨਹੀਂ ਵੇਖਿਆ ਜਾ ਸਕਦਾ। ਸੰਪੂਰਨ ਦ੍ਰਿਸ਼ਟੀਕੋਣ ਹੀ ਬੱਚੇ ਦੇ ਸਮੁੱਚੇ ਵਿਕਾਸ ਦੇ ਉਦੇਸ਼ ਨੂੰ ਸੰਪੰਨ ਕਰਨ ਲਈ ਸਹਿਯੋਗੀ ਹੋਵੇਗਾ।

ਸੰਮਿਲਤ (Inclusion) ਦਾ ਮੰਤਵ ਸਾਰੇ ਸਿੱਖਿਆਰਥੀਆਂ ਲਈ ਸਿੱਖਿਆ ਦੇ ਪ੍ਰਭਾਵੀ ਮੌਕੇ ਪ੍ਰਦਾਨ ਕਰਨਾ ਹੈ। ਹਰ ਬੱਚੇ ਲਈ 'ਲਰਨਿੰਗ ਆਉਟਕੰਮਜ਼' ਸਮਾਨ ਹਨ ਅਤੇ ਇਹ ਹਰ ਬੱਚੇ ਨੂੰ ਉਹਨਾਂ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਸੰਤੁਲਨ ਦੇ ਨਾਲ-ਨਾਲ ਇਕਸਾਰਤਾ ਪ੍ਰਦਾਨ ਕਰਦੇ ਹਨ।

ਵਿਸ਼ੇਸ਼ ਵਿੱਦਿਅਕ ਲੋੜਾਂ (SEN) ਕਈ ਕਾਰਨਾਂ ਤੋਂ ਉਤਪੰਨ ਹੋ ਸਕਦੀਆਂ ਹਨ, ਤੇ ਸਰੀਰਕ ਅਪੰਗਤਾ ਇਹਨਾਂ ਵਿਚੋਂ ਇਕ ਹੋ ਸਕਦੀ ਹੈ। ਇਸ ਅਨੁਸਾਰ, ਉਹਨਾਂ ਨੂੰ ਵੱਖ-ਵੱਖ ਸਾਧਨਾਂ (Aids) ਦੀ ਲੋੜ ਹੈ ਜਿਵੇਂ ਕਿ ਚੱਲਣ ਲਈ (ਵੀਲਚੇਅਰ, ਘੋੜੀ, ਖੂੰਡੀ) ਸੁਣਨ ਲਈ ਸਾਧਨ (Aids), ਦੇਖਣ ਲਈ ਐਨਕਾਂ ਅਤੇ ਹੋਰ ਸਾਧਨ (Aids) , ਵਿੱਦਿਅਕ ਸਾਧਨ (Aids) ਜਿਵੇਂ ਕਿ ਟੇਲਰ ਫ੍ਰੇਮਜ਼, ਅਬੈਕਸ ਆਦਿ ਅਤੇ ਉਹਨਾਂ ਦੀਆਂ ਲੋੜਾਂ ਅਨੁਸਾਰ ਸਿੱਖਿਆ ਦੀਆਂ ਸਥਿਤੀਆਂ ਵਿਚ ਬਦਲਾਵ ਕੀਤਾ ਜਾਵੇ। ਦੂਜੇ ਬੱਚਿਆਂ ਨੂੰ ਉਹਨਾਂ ਦੀ ਮਦਦ ਕਰਨ ਲਈ ਸੰਵੇਦਨਸ਼ੀਲ ਬਣਾਉਣਾ, ਸਿੱਖਣ ਪ੍ਰਕਿਰਿਆ ਵਿਚ ਉਹਨਾਂ ਦੀ ਸ਼ਮੂਲੀਅਤ ਯਕੀਨੀ ਬਣਾਉਣਾ,

ਬਾਕੀ ਬੱਚਿਆਂ ਦੀ ਤਰ੍ਹਾਂ ਵਿਕਾਸ ਕਰਨ ਲਈ ਉਹਨਾਂ ਦੀ ਮਦਦ ਕਰਨਾ। ਵਿਸ਼ੇਸ਼ ਲੋੜਾਂ ਵਾਲੇ ਸਿੱਖਿਆਰਥੀਆਂ ਦੀ ਸੁਵਿਧਾ ਲਈ 'ਲਰਨਿੰਗ ਆਉਟਕੰਮਜ਼' ਨਾਲ਼ ਸੰਬੰਧਿਤ ਕੁਝ ਹੋਰ ਨੁਕਤੇ ਨਿਮਨ ਅਨੁਸਾਰ ਹਨ:

- ਟੈਸਟ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਵਾਧੂ ਸਮਾਂ ਅਤੇ ਉਪਯੁਕਤ ਵਿਧੀ ਪ੍ਰਦਾਨ ਕਰਨਾ।
- ਪਾਠਕ੍ਰਮ ਵਿਚ ਬਦਲਾਵ ਕਿਉਂਕਿ ਇਹਨਾਂ ਬੱਚਿਆਂ ਲਈ ਮੌਜੂਦਾ ਪਾਠਕ੍ਰਮ ਕੁਝ ਮੁਸ਼ਕਲਾਂ ਪੈਦਾ ਕਰਦਾ ਹੈ।
- ਵੱਖਰੇ-ਵੱਖਰੇ ਵਿਸ਼ਾ-ਵਸਤੂ ਖੇਤਰਾਂ ਵਿਚ ਅਨੁਕੂਲ , ਸੰਸ਼ੋਧਿਤ ਜਾਂ ਵਿਕਲਪੀ ਗਤੀਵਿਧੀਆਂ ਦੀ ਵਿਵਸਥਾ ਕਰਨਾ।
- ਇਹਨਾਂ ਬੱਚਿਆਂ ਦੀ ਉਮਰ ਅਤੇ ਵਿੱਦਿਅਕ ਪੱਧਰ ਦੇ ਅਨੁਕੂਲ ਪਾਠ-ਪੁਸਤਕਾਂ ਅਤੇ ਸਿੱਖਣ ਸਮੱਗਰੀ ਮੁਹੱਈਆ ਕਰਵਾਉਣਾ।
- ਉਹਨਾਂ ਵਿਚ ਸਥਾਨਿਕ ਭਾਸ਼ਾਵਾਂ ਅਤੇ ਸਮਾਜ-ਸੱਭਿਆਚਾਰਕ ਮਾਹੌਲ (ਜਿਵੇਂ ਰਵਾਇਤਾਂ ਅਤੇ ਰੀਤੀ ਰਿਵਾਜ ਆਦਿ) ਲਈ ਸਨਮਾਨ ਪੈਦਾ ਕਰਨਾ।
- ਕਲਾਸਰੂਮ ਦਾ ਉਚਿਤ ਪ੍ਰਬੰਧਨ (ਆਵਾਜ਼, ਰੋਸ਼ਨੀ ਆਦਿ ਦਾ ਪ੍ਰਬੰਧ)
- ਆਈ.ਸੀ.ਟੀ. (ICT), ਵੀਡੀਓ ਅਤੇ ਡਿਜ਼ੀਟਲਾਈਜ਼ ਤਰੀਕੇ ਨਾਲ਼ ਉਹਨਾਂ ਦੀ ਵਾਧੂ ਸਹਾਇਤਾ ਕਰਨਾ

ਪਾਠਕ੍ਰਮ ਖੇਤਰ ਅਧੀਨ ਹਰ 'ਲਰਨਿੰਗ ਆਉਟਕੰਮਜ਼' ਦੇ ਸੈਕਸ਼ਨ ਵਿਚ ਦਿੱਤੇ ਦਿਸ਼ਾ-ਨਿਰਦੇਸ਼ਾਂ ਦੇ ਨਾਲ਼ ਹੀ ਵਿਸ਼ੇਸ਼ ਵਿੱਦਿਅਕ ਲੋੜਾਂ ਵਾਲੇ ਸਿੱਖਿਆਰਥੀਆਂ ਲਈ ਖਾਸ ਤੌਰ 'ਤੇ ਵੱਖਰੇ ਦਿਸ਼ਾਂ-ਨਿਰਦੇਸ਼ ਦਿੱਤੇ ਗਏ ਹਨ। ਵਿਸ਼ੇਸ ਵਿੱਦਿਅਕ ਲੋੜਾਂ ਵੱਲੇ ਸਿੱਖਿਆਰਥੀਆਂ ਦੀ ਮਦਦ ਲਈ ਉਲੇਖੀਆਂ ਵਿੱਦਿਅਕ ਮੁਸ਼ਕਲਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਤਾਂ ਜੋ ਇਹ ਸਿੱਖਿਆਰਥੀ ਹਰ ਪਾਠਕ੍ਰਮ ਖੇਤਰ ਅਧੀਨ ਪਰਿਭਾਸ਼ਤ 'ਲਰਨਿੰਗ ਆਉਟਕੰਮਜ਼' ਹਾਸਲ ਕਰ ਸਕਣ। ਗੰਭੀਰ ਬੌਧਿਕ ਕਮਜ਼ੋਰ (ਬੌਧਿਕ ਤੌਰ 'ਤੇ ਅਪੰਗ) ਬੱਚਿਆਂ ਲਈ ਲੋੜ ਅਨੁਸਾਰ 'ਲਰਨਿੰਗ ਆਉਟਕੰਮਜ਼' ਦੀ ਪੂਰਤੀ ਨੂੰ ਲਚਕੀਲਾ ਰੱਖਿਆ ਗਿਆ ਹੈ।

ਇਹ ਦਸਤਾਵੇਜ਼ ਹਰ ਪੜਾਅ ਤੋਂ ਪਾਠਕ੍ਰਮ ਉਮੀਦਾਂ ਅਤੇ ਜਮਾਤ-ਵਾਰ 'ਲਰਨਿੰਗ ਆਉਟਕੰਮਜ਼' ਸਥਾਪਿਤ ਕਰਨ ਲਈ ਸਹਾਇਕ ਹੋਵੇਗਾ। ਹਿੱਸੇਦਾਰਾਂ (stakeholders) ਵੱਲੋਂ ਸੂਖਮ (Micro) ਅਤੇ ਸਮੱਸ਼ਟੀ (Macro) ਪੱਧਰਾਂ 'ਤੇ ਕੀਤਾ ਜਾ ਸਕਦਾ ਹੈ ਜਿਸ ਨਾਲ਼ ਬੱਚੇ ਦੀ ਵੱਖ-ਵੱਖ ਜਮਾਤਾਂ ਵਿਚ ਪ੍ਰਾਪਤ ਸਿੱਖਿਆ ਰਾਹੀਂ ਹੋਈ ਪ੍ਰਗਤੀ ਦੀ ਅੰਤਰਦ੍ਰਿਸ਼ਟੀ ਉਹਨਾਂ ਨੂੰ ਮੁਹੱਈਆ ਕਰਵਾਈ ਜਾ ਸਕੇ। ਇਸ ਤਰ੍ਹਾਂ ਇਹ ਦਸਤਾਵੇਜ਼ ਅਧਿਆਪਕਾਂ, ਮਾਪਿਆਂ ਅਤੇ ਪੂਰੀ ਸਿੱਖਿਆਂ ਵਿਵਸਥਾ ਲਈ ਗੁਣਾਤਮਿਕ ਸੁਧਾਰ ਲਿਆਵੇਗਾ ਅਤੇ ਸਕੂਲ ਸਿੱਖਿਆ ਦੇ ਐਲੀਮੈਂਟਰੀ ਪੱਧਰ 'ਤੇ ਬੱਚਿਆਂ ਦੇ ਵਿਕਾਸ ਲਈ ਲਾਭਦਾਇਕ ਹੋਵੇਗਾ।



# ਮੁੱਖ ਬੰਦ

ਸਿੱਖਿਆ ਨੂੰ ਗੁਣਾਤਮਿਕ ਬਣਾਉਣ ਅਤੇ ਇਸ ਦਾ ਮਿਆਰੀਕਰਨ ਕਰਨ ਲਈ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਨੀਤੀਆਂ ਘੜੀਆਂ ਜਾਂਦੀਆਂ ਹਨ। ਕਿਸੇ ਵੀ ਨੀਤੀ ਨੂੰ ਘੜਨ ਦਾ ਮਕਸਦ ਸਿੱਖਿਆ ਨੂੰ ਸਰਲ, ਸਹਿਜ ਅਤੇ ਪ੍ਰਭਾਵੀ ਢੰਗ ਨਾਲ਼ ਬੱਚਿਆਂ ਤੱਕ ਪਹੁੰਚਾਉਣਾ ਹੈ। ਆਧੁਨਿਕ ਸਿੱਖਿਆ ਵਿਵਸਥਾ ਵਿਚ ਵਿਦਿਆਰਥੀ ਕੇਂਦਰਤ ਪਹੁੰਚ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾਂਦੀ ਹੈ। ਇਸ ਕਾਰਨ ਹੀ 'ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ (ਆਰ.ਟੀ.ਈ.) 2009, ਪਾਸ ਕੀਤਾ ਗਿਆ ਜਿਸ ਅਨੁਸਾਰ 6 ਤੋਂ 14 ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਗੁਣਾਤਮਕ ਸਿੱਖਿਆ ਦਾ ਅਧਿਕਾਰ ਪ੍ਰਦਾਨ ਦਿੱਤਾ ਗਿਆ ਹੈ।

ਵਿਦਿਆਰਥੀਆਂ ਦੇ ਸਿੱਖਿਆ ਰੁਝਾਨ ਨੂੰ ਜਾਣਨ ਲਈ ਰਾਸ਼ਟਰੀ ਅਤੇ ਰਾਜ ਪੱਧਰ ਉੱਤੇ ਸਰਵੇਖਣ ਕਰਵਾਏ ਜਾਂਦੇ ਹਨ। ਇਹਨਾਂ ਵਿਚ ਰਾਸ਼ਟਰੀ ਪ੍ਰਾਪਤੀ ਸਰਵੇਖਣ(NAS) ਅਤੇ ਰਾਜ ਪੱਧਰੀ ਪ੍ਰਾਪਤੀ ਸਰਵੇਖਣ (SLAS) ਮੁੱਖ ਹਨ। ਇਹਨਾਂ ਸਰਵੇਖਣਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਸਿੱਖਿਆ ਦੇ ਖੱਪਿਆਂ ਦੀ ਸ਼ਨਾਖ਼ਤ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਪੂਰ ਕਰਨ ਲਈ ਪ੍ਰੋਗਰਾਮ ਤਿਆਰ ਕੀਤੇ ਜਾਂਦੇ ਹਨ।

'ਲਰਨਿੰਗ ਆਉਟਕੰਮਜ਼' ਦਸਤਾਵੇਜ਼ ਵਿਚ ਹਰੇਕ ਜਮਾਤ ਲਈ 'ਲਰਨਿੰਗ ਆਉਟਕਮਜ਼' 'ਸਪੱਸ਼ਟ ਕੀਤੇ ਗਏ ਹਨ, ਜੋ ਕਿ ਭਾਸ਼ਾ (ਪੰਜਾਬੀ, ਅੰਗਰੇਜ਼ੀ, ਹਿੰਦੀ), ਹਿਸਾਬ, ਵਾਤਾਵਰਨ ਸਿੱਖਿਆ, ਵਿਗਿਆਨ ਅਤੇ ਸਮਾਜਿਕ ਸਿੱਖਿਆ ਲਈ ਐਲੀਮੈਂਟਰੀ ਪੱਧਰ ਤੱਕ ਵਿਕਸਤ ਕੀਤੇ ਗਏ ਹਨ। ਇਹ ਦਸਤਾਵੇਜ਼ ਸਾਰੇ ਹਿੱਸੇਦਾਰਾਂ (Stakeholders) ਖਾਸ ਤੌਰ ਤੇ ਮਾਪੇ/ ਸਰਪ੍ਰਸਤ, ਅਧਿਆਪਕ, ਐੱਸ.ਐੱਮ.ਸੀ ਅਤੇ ਸਮੁਦਾਇ ਦੇ ਮੈਂਬਰ ਆਦਿ ਨੂੰ ਸਹੂਲਤ ਪ੍ਰਦਾਨ ਕਰਨ ਦੇ ਨਾਲ਼-ਨਾਲ਼ ਉਹਨਾਂ ਦੀ ਸਿੱਖਣ ਪ੍ਰਤੀ ਜੁਆਬਦੇਹੀ ਨਿਸ਼ਚਿਤ ਕਰਦਾ ਹੈ।

ਇਹ ਦਸਤਾਵੇਜ਼ ਹਰ ਪੜਾਅ ਤੋਂ ਪਾਠਕ੍ਰਮ ਉਮੀਦਾਂ ਅਤੇ ਜਮਾਤ-ਵਾਰ 'ਲਰਨਿੰਗ ਆਉਟਕਮ' ਸਥਾਪਤ ਕਰਨ ਲਈ ਸਹਾਇਕ ਹੋਵੇਗਾ। ਹਿੱਸੇਦਾਰਾਂ (Stakeholders) ਵੱਲੋਂ ਇਸ ਦਾ ਪ੍ਰਯੋਗ ਸੂਖਮ (Micro) ਅਤੇ ਸਮੱਸ਼ਟੀ (Macro) ਪੱਧਰਾਂ ਤੇ ਕੀਤਾ ਜਾ ਸਕਦਾ ਹੈ ਜਿਸ ਨਾਲ਼ ਬੱਚੇ ਦੀ ਵੱਖ-ਵੱਖ ਜਮਾਤਾਂ ਵਿੱਚ ਪ੍ਰਾਪਤ ਸਿੱਖਿਆ ਰਾਹੀਂ ਹੋਈ ਪ੍ਰਗਤੀ ਦੀ ਅੰਤਰਦ੍ਰਿਸ਼ਟੀ ਉਹਨਾਂ ਨੂੰ ਮੁਹੱਈਆ ਕਰਵਾਈ ਜਾ ਸਕੇ। ਇਹਨਾਂ ਲਰਨਿੰਗ ਆਉਟਕੰਮਜ਼ ਨੂੰ ਲਚਕੀਲਾ ਰੱਖਿਆ ਗਿਆ ਹੈ ਤਾਂ ਜੋ ਅਧਿਆਪਕ ਆਪਣੀ ਸਹੂਲਤ ਅਨੁਸਾਰ ਆਪਣੇ ਪਾਠ ਅਤੇ ਪਾਠ ਸਹਾਇਕ ਗਤੀਵਿਧੀਆਂ ਨੂੰ ਉਲੀਕ ਸਕੇ।

ਇਸ ਦਸਤਾਵੇਜ਼ ਵਿਚ ਪੰਜਾਬੀ ਦੇ 'ਲਰਨਿੰਗ ਆਉਟਕੰਮਜ਼', ਫੀਲਡ ਦੇ ਸੰਬੰਧਿਤ ਵਿਸ਼ਾ ਮਾਹਰਾਂ ਦੇ ਸਹਿਯੋਗ ਨਾਲ਼ ਤਿਆਰ ਕੀਤੇ ਗਏ ਹਨ ਇਸ ਤਰ੍ਹਾਂ। ਇਹ ਦਸਤਾਵੇਜ਼ ਅਧਿਆਪਕਾਂ,

ਮਾਪਿਆਂ ਅਤੇ ਪੂਰੀ ਸਿੱਖਿਆ ਵਿਵਸਥਾ ਵਿਚ ਗੁਣਾਤਮਕ ਸੁਧਾਰ ਲਿਆਵੇਗਾ ਅਤੇ ਸਕੂਲ ਸਿੱਖਿਆ ਦੇ ਐਲੀਮੈਂਟਰੀ ਪੱਧਰ ਤੇ ਬੱਚਿਆਂ ਦੇ ਵਿਕਾਸ ਲਈ ਲਾਭਦਾਇਕ ਹੋਵੇਗਾ।

ਅਸੀਂ ਇਸ ਦਸਤਾਵੇਜ਼ ਦੀ ਗੁਣਵੱਤਾ ਅਤੇ ਵਰਤੋਂਯੋਗਤਾ ਵਿਚ ਸੁਧਾਰ ਲਈ ਮਿਲਣ ਵਾਲੀਆਂ ਟਿੱਪਣੀਆਂ ਅਤੇ ਸੁਝਾਵਾਂ ਨੂੰ ਜੀ ਆਇਆਂ ਆਖਦੇ ਹਾਂ।

**ਸੁਖਦੇਵ ਸਿੰਘ**
(ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਪੰਜਾਬ)





# ਪੰਜਾਬੀ ਭਾਸ਼ਾ
# ਪ੍ਰਾਇਮਰੀ ਪੱਧਰ 'ਤੇ ਪੰਜਾਬੀ ਭਾਸ਼ਾ ਸਿੱਖਣ ਦੇ ਪਰਿਣਾਮ

**ਜਾਣ-ਪਛਾਣ**

ਪੰਜਾਬੀ, ਪੰਜਾਬੀਆਂ ਦੀ ਮਾਤ-ਭਾਸ਼ਾ ਹੈ ਜਿਸ ਕਰਕੇ ਪ੍ਰਾਇਮਰੀ ਪੱਧਰ 'ਤੇ ਹੀ ਵਿਦਿਆਰਥੀ ਇਸ ਨਾਲ਼ ਮੋਹ ਭਰੀ ਗੂੜ੍ਹੀ ਸਾਂਝ ਪਾ ਲੈਂਦੇ ਹਨ। ਇਸ ਦੇ ਸਿੱਟੇ ਵਜੋਂ ਵਿਦਿਆਰਥੀ ਜਲਦੀ ਹੀ ਪੰਜਾਬੀ ਬੋਲਣੀ ਸਿੱਖ ਜਾਂਦੇ ਹਨ ਤੇ ਵਿਦਿਆਰਥੀਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਮਾਤ-ਭਾਸ਼ਾ ਨਾਲ਼ ਭਾਵੁਕ ਤੌਰ 'ਤੇ ਜੁੜਨ। ਕਵਿਤਾ, ਕਹਾਣੀ, ਲੇਖ, ਇਕਾਂਗੀ ਆਦਿ ਸਾਹਿਤ ਦੇ ਰੂਪ ਵਿਦਿਆਰਥੀ ਨੂੰ ਇਸ ਪਾਸੇ ਵੱਲ ਮੋੜਣ ਵਿੱਚ ਸਹਾਈ ਹੁੰਦੇ ਹਨ। ਜਿੱਥੇ ਵਿਦਿਆਰਥੀ ਪੰਜਾਬੀ ਸਾਹਿਤ ਦਾ ਰਸ ਮਾਣਦਾ ਹੈ ਉੱਥੇ ਨੈਤਿਕ ਕਦਰਾਂ ਕੀਮਤਾਂ, ਪੰਜਾਬੀ ਜੀਵਨ-ਜਾਚ, ਇਤਿਹਾਸ, ਸਮਾਜ ਅਤੇ ਧਰਮ ਜਿਹੇ ਅਨੁਸ਼ਾਸਨਾ ਨਾਲ਼ ਮੁਢਲੇ ਤੌਰ 'ਤੇ ਸਾਂਝ ਪਾਉਂਦਾ ਹੈ। ਇਸ ਸਾਂਝ ਨਾਲ਼ ਉਸਦੇ ਆਮ ਗਿਆਨ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਸ਼ਬਦ ਭੰਡਾਰ ਵਿੱਚ ਵੀ। ਹੌਲ਼ੀ-ਹੌਲ਼ੀ ਵਿਦਿਆਰਥੀ ਨਵੀਂਆਂ ਕਿਤਾਬਾਂ, ਅਖ਼ਬਾਰ, ਰਸਾਲੇ ਆਦਿ ਪੜ੍ਹਨ ਵਿੱਚ ਦਿਲਚਸਪੀ ਲੈਣ ਲੱਗਦਾ ਹੈ, ਇਸ ਪੱਧਰ 'ਤੇ ਆ ਕੇ ਪੜ੍ਹਨ ਦਾ ਉਦੇਸ਼ ਅਤੇ ਤਰੀਕਾ ਬਦਲ ਜਾਂਦਾ ਹੈ। ਇਹ ਉਹ ਪੱਧਰ ਹੈ ਜਿੱਥੇ ਵਿਦਿਆਰਥੀ ਦਾ ਪੰਜਾਬੀ ਭਾਸ਼ਾ ਵਿੱਚੋਂ ਮਨੋਰੰਜਨ ਦੇ ਨਾਲ਼-ਨਾਲ਼ ਉਸਦਾ ਬੌਧਿਕ ਵਿਕਾਸ ਵੀ ਹੁੰਦਾ ਹੈ ਅਤੇ ਉਹ ਸੰਕਲਪਾਂ ਨੂੰ ਤਰਕ ਨਾਲ਼ ਸਮਝਣ ਦੇ ਰਾਹ ਪੈਂਦਾ ਹੈ। ਵਿਦਿਆਰਥੀ ਵਿੱਚ ਸਿਰਜਨਾਤਮਕ ਪ੍ਰਵਿਰਤੀਆਂ ਸਮਾਵੇਸ਼ ਕਰਨ ਲੱਗਦੀਆਂ ਹਨ ਤੇ ਉਹ ਆਪਣੀ ਭਾਸ਼ਾ/ਆਪਣੇ ਸ਼ਬਦਾਂ ਰਾਹੀਂ ਗੱਲ ਕਹਿਣ ਦੇ ਯੋਗ ਹੋ ਜਾਂਦਾ ਹੈ। ਸਿੱਟੇ ਵਜੋਂ ਉਸਦਾ ਪੜ੍ਹਨ ਦਾ ਤਰੀਕਾ ਬਦਲ ਜਾਂਦਾ ਹੈ, ਭਾਵ ਉਹ ਪਾਠ ਨੂੰ ਰੱਟੇ ਨਾਲ਼ ਯਾਦ ਕਰਨ ਦੀ ਬਜਾਇ ਸਮਝ ਕੇ ਪੜ੍ਹਦਾ ਹੈ, ਨਾਲ਼-ਨਾਲ਼ ਹੀ ਵਿਦਿਆਰਥੀ ਆਪਣੇ ਅਗਲੇ ਪੱਧਰ (ਸਰਲ ਵਿਆਖਿਆ ਅਤੇ ਵਿਸ਼ਲੇਸ਼ਣ) ਵੱਲ ਵੱਧਦਾ ਹੈ। ਵਿਆਕਰਨਿਕ ਪੱਧਰ 'ਤੇ ਮੁੱਢਲੀਆਂ ਸ਼ਬਦ-ਸ਼੍ਰੇਣੀਆਂ ਲਿੰਗ, ਵਚਨ, ਵਿਰੋਧਾਰਥਕ/ਸਮਾਨਾਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਆਦਿ ਦਾ ਵਿਹਾਰਕ ਗਿਆਨ ਉਸਦੀ ਭਾਸ਼ਾ 'ਤੇ ਪਕੜ ਮਜ਼ਬੂਤ ਬਣਾਉਂਦਾ ਹੈ। ਸਿੱਟੇ ਵਜੋਂ ਮੁੱਢਲੀਆਂ ਚਾਰ ਕੌਸ਼ਲਤਾਵਾਂ (ਸੁਣਨਾ, ਬੋਲਣਾ, ਪੜ੍ਹਨਾ, ਲਿਖਣਾ) ਵਿੱਚ ਨਿਪੁੰਨਤਾ ਵੱਲ ਅਗਰਸਰ ਹੁੰਦਾ ਹੈ। ਇਹਨਾਂ ਚਾਰ ਕੌਸ਼ਲਤਾਵਾਂ ਰਾਹੀਂ ਵਿਦਿਆਰਥੀ ਕਿਸੇ ਵਸਤੂ ਜਾਂ ਵਰਤਾਰੇ ਬਾਰੇ ਆਪਣੇ ਪੱਧਰ ਅਨੁਸਾਰ ਟਿੱਪਣੀ ਦੇਣ ਦੇ ਯੋਗ ਹੋ ਜਾਂਦਾ ਹੈ ਅਤੇ ਉਹ ਪ੍ਰਸ਼ਨ ਪੁੱਛਦਾ ਹੈ। ਇਹਨਾਂ ਸਾਰੇ ਤੱਥਾਂ ਨੂੰ ਧਿਆਨ ਵਿੱਚ ਰਖਦੇ ਹੋਏ ਪਾਠਕ੍ਰਮ ਦੇ ਉਦੇਸ਼, ਸਿੱਖਣ-ਸਿੱਖਾਉਣ ਦੀ ਪ੍ਰਕਿਰਿਆ ਅਤੇ ਸਿੱਖਣ ਦੇ ਪਰਿਣਾਮਾਂ ਦੇ ਅਧਾਰ 'ਤੇ ਹੀ ਕੁੱਝ ਮਾਪਦੰਡ ਨਿਰਧਾਰਿਤ ਕੀਤੇ ਗਏ ਹਨ, ਇਹਨਾਂ ਸਾਰੇ ਮਾਪਦੰਡਾਂ ਵਿੱਚ ਜਿੱਥੇ ਆਪਸ ਵਿੱਚ ਗਹਿਰਾ ਸਬੰਧ ਹੈ ਉੱਥੇ ਪੰਜ ਜਮਾਤਾਂ (ਪਹਿਲੀ, ਦੂਸਰੀ, ਤੀਸਰੀ, ਚੌਥੀ ਅਤੇ ਪੰਜਵੀਂ) ਦੇ ਮਾਪਦੰਡਾਂ ਵਿੱਚਕਾਰ ਵੀ ਇੱਕਸਾਰਤਾ ਅਤੇ ਅਨੁਪਾਤਕ ਪਹੁੰਚ ਅਪਣਾਈ ਗਈ ਹੈ। ਪ੍ਰੰਤੂ ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਜਿੱਥੇ ਮਾਪਦੰਡ ਨਿਰਧਾਰਿਤ ਕੀਤੇ ਗਏ ਹਨ ਉੱਥੇ ਯੋਗ ਪ੍ਰਕਿਰਿਆਵਾਂ ਦੀ ਵੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਸ ਲਈ ਚੰਗੇ ਪਰਿਣਾਮਾਂ ਵਾਸਤੇ ਇਹਨਾਂ ਪ੍ਰਕਿਰਿਆਵਾਂ ਦਾ ਪਾਲਣ ਜ਼ਰੂਰੀ ਹੈ।

## ਪਾਠਕ੍ਰਮ ਦੇ ਉਦੇਸ਼

**ਪਾਠਕ੍ਰਮ ਦੇ ਉਦੇਸ਼ ਪੂਰੇ ਪੰਜਾਬ ਦੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਨਿਰਧਾਰਿਤ ਕੀਤੇ ਗਏ ਹਨ:**

- ਸਮਾਜਿਕ ਜੀਵਨ ਵਿੱਚ ਗੱਲਬਾਤ ਕਰਨ ਦੇ ਯੋਗ ਹੋ ਸਕਣ।
- ਦੂਜਿਆਂ ਦੀ ਗੱਲ ਨੂੰ ਸਹੀ ਪਰਿਪੇਖ ਵਿੱਚ ਸਮਝ ਸਕਣ, ਜਵਾਬ ਦੇ ਸਕਣ ਜਾਂ ਟਿੱਪਣੀ ਕਰ ਸਕਣ।
- ਪੱਧਰ ਅਨੁਸਾਰ ਵੱਖ-ਵੱਖ ਰੂਪਾਂ ਨੂੰ ਜਾਨਣਾ, ਸਮਝਣਾ ਅਤੇ ਉਹਨਾਂ ਦੀ ਵਿਆਖਿਆ ਕਰ ਸਕਣ ਦੇ ਯੋਗ ਹੋਣਾ।
- ਸਾਹਿਤ ਦੇ ਵੱਖ-ਵੱਖ ਰੂਪਾਂ (ਕਵਿਤਾ, ਕਹਾਣੀ, ਲੇਖ, ਇੱਕਾਂਗੀ) ਬਾਰੇ ਸਮਝ ਪੈਦਾ ਹੋਣੀ, ਇਹਨਾਂ ਦਾ ਅਨੰਦ ਪ੍ਰਾਪਤ ਕਰਨ ਦੇ ਸਮਰੱਥ ਹੋਣਾ।
- ਸਾਹਿਤ ਦੇ ਉੱਕਤ ਰੂਪਾਂ ਵਿੱਚ ਰੂਪਗਤ ਪੱਧਰ 'ਤੇ ਨਿਖੇੜਾ ਕਰਨ ਦੇ ਯੋਗ ਹੋਣਾ।
- ਅਖ਼ਬਾਰਾਂ ਅਤੇ ਬਾਲ-ਸਾਹਿਤ ਦੀਆਂ ਰਚਨਾਵਾਂ ਨੂੰ ਪੜ੍ਹਣ ਤੇ ਸਮਝਣ ਦੇ ਯੋਗ ਹੋਣਾ।
- ਟੈਲੀਵਿਜ਼ਨ 'ਤੇ ਖ਼ਬਰਾਂ/ਪੰਜਾਬੀ ਸੱਭਿਆਚਾਰ ਨਾਲ਼ ਜੁੜੇ ਪ੍ਰੋਗਰਾਮ/ਗੀਤ-ਸੰਗੀਤ ਆਦਿ ਨੂੰ ਸਮਝਣ ਦੇ ਯੋਗ ਹੋਣਾ।
- ਵੱਖ-ਵੱਖ ਸਮਾਜਿਕ, ਸੱਭਿਆਚਾਰਕ, ਇਤਿਹਾਸਕ, ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਬਣਾ ਸਕਣ।
- ਭਾਸ਼ਾ ਦੀ ਸੂਖਮਤਾ (ਸੁਰ, ਲੈਅ, ਤਾਲ, ਉਤਰਾਅ-ਚੜ੍ਹਾਅ, ਰਵਾਗੀ) ਦੀ ਮੁੱਢਲੇ ਪੱਧਰ ਦੀ ਸਮਝ ਅਤੇ ਉਚਾਰਨ ਦੇ ਯੋਗ ਹੋਣਾ।
- ਬਾਕੀ ਵਿਸ਼ਿਆਂ(ਗਣਿਤ ਅਤੇ ਵਾਤਾਵਨ ਸਿੱਖਿਆ) ਦੇ ਸੰਕਲਪਾਂ ਨੂੰ ਸਹੀ ਪਰਿਪੇਖ ਵਿੱਚ ਸਮਝ ਸਕਣ ਦੇ ਯੋਗ ਹੋਣਾ।
- ਆਮ ਜੀਵਨ ਵਿੱਚ ਤਾਰਕਿਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਣਾ ਸਕਣ ਦੇ ਯੋਗ ਹੋਣਾ।





## ਜਮਾਤ-ਪਹਿਲੀ

### ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਸਾਰੇ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਖੇਡ ਵਿਧੀ ਰਾਹੀਂ, ਸਹੀਸੁਣ ਕੇ, ਸਮਝ ਕੇ, ਧਿਆਨ ਨਾਲ਼ ਪੜ੍ਹ ਕੇ ਪ੍ਰਗਟਾਅ ਕਰ ਸਕਣ ਦੇ ਯੋਗ ਹੋ ਸਕਣ ਤਾਂ ਕਿ**

- ਵਿਦਿਆਰਥੀ ਗੁਰਮੁਖੀ ਵਰਨਮਾਲ਼ਾ ਦੇ ਅੱਖਰ ਪਛਾਣ ਸਕੇ ਅਤੇ ਉਹਨਾਂ ਦੀਆਂ ਧੁਨੀਆਂ ਦਾ ਸਹੀ ਉਚਾਰਨ ਕਰ ਸਕੇ।
- ਉਚਾਰਨ ਪੱਖੋਂ ਮਿਲ਼ਦੀਆਂ-ਜੁਲਦੀਆਂ ਧੁਨੀਆਂ ਦਾ ਨਿਖੇੜਾ ਕਰ ਸਕੇ।
- ਵਿਦਿਆਰਥੀ ਵਰਨਮਾਲ਼ਾ ਦੀਆਂ ਵੱਖ-ਵੱਖ ਅਕ੍ਰਿਤੀਆਂ ਦੀ ਪਛਾਣ ਕਰ ਸਕੇ ਅਤੇ ਅਧੂਰੀਆਂ ਅਕ੍ਰਿਤੀਆਂ ਨੂੰ ਪੂਰਾ ਕਰ ਸਕੇ।
- ਅੱਖਰ ਨੂੰ ਅਤੇ ਉਸਦੀ ਧੁਨੀ ਵਿੱਚਲੇ ਫ਼ਰਕ ਨੂੰ ਸਮਝ ਸਕੇ, ਲਗਾਂ-ਮਾਤਰਾਂ ਦੀ ਪਛਾਣ ਅਤੇ ਵਰਤੋਂ ਤੋਂ ਜਾਣੂੰ ਹੋ ਸਕੇ।
- ਸਾਰੀਆਂ ਮਾਤਰਾਵਾਂ ਵਾਲ਼ੇ ਸਧਾਰਨ, ਸੰਯੁਕਤ, ਦੋ ਜਾਂ ਤਿੰਨ ਅੱਖਰਾਂ ਵਾਲ਼ੇ ਸ਼ਬਦ ਪੜ੍ਹ ਅਤੇ ਲਿਖ ਸਕੇ।
- ਅਧਿਆਪਕ ਵੱਲੋਂ ਸੁਣਾਈ ਗਈ ਗੱਲਬਾਤ ਨੂੰ ਉਸਦੇ ਭਾਵਾਂ ਅਨੁਸਾਰ ਸਮਝ ਸਕੇ। ਸਰਲ ਅਤੇ ਛੋਟੀਆਂ ਕਹਾਣੀਆਂ/ਕਵਿਤਾਵਾਂ/ਕਥਨਾਂ ਆਦਿ ਨੂੰ ਸੁਣ ਕੇ ਸਮਝ ਸਕੇ, ਉਸ ਬਾਰੇ ਗੱਲਬਾਤ ਕਰ ਸਕੇ ਅਤੇ ਆਪਣੇ ਆਪ ਪੜ੍ਹ ਸਕੇ।
- ਘਰ, ਸਕੂਲ ਅਤੇ ਆਲ਼ੇ-ਦੁਆਲ਼ੇ ਵਿੱਚੋਂ ਸਿੱਖੀ ਹੋਈ ਸ਼ਬਦਾਵਲੀ ਤੋਂ ਇਲਾਵਾ 150-200 ਸ਼ਬਦ ਹੋਰ ਸਿੱਖ ਸਕੇ। ਇੱਕ ਅੱਖ਼ਰ ਤੋਂ ਬਹੁਤ ਸਾਰੇ ਸ਼ਬਦ ਬਣਾ ਸਕੇ ਅਤੇ ਸ਼ਬਦਾਂ ਦੇ ਅਸਾਨ ਵਾਕ ਬਣਾ ਸਕੇ।
- ਵਿਦਿਆਰਥੀ ਘਰ ਅਤੇ ਸਕੂਲ ਤੋਂ ਬਾਹਰ ਵੀ ਕਿਸੇ ਨਾਲ਼ ਬਿਨਾ ਝਿਜਕ ਗੱਲਬਾਤ ਕਰ ਸਕੇ।

### ਸਿੱਖਣ ਦੇ ਪਰਿਣਾਮ

**ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ**

- ਵਿਦਿਆਰਥੀ ਤਸਵੀਰ ਦੇ ਨਾਲ਼ ਅੱਖਰ ਨੂੰ ਪਛਾਣਦਾ ਹੈ ਅਤੇ ਅੱਖਰ ਦੀ ਧੁਨੀ ਦੇ ਨਾਲ਼ ਹੋਰ ਬਹੁਤ ਸਾਰੀਆਂ ਆਲ਼ੇ-ਦੁਆਲ਼ੇ ਦੀਆਂ ਵਸਤੂਆਂ ਦੇ ਨਾਮ ਦੱਸ ਦਿੰਦਾ ਹੈ। ਜਿਵੇਂ:- 'ਉ'-ਊਠ, ਉੱਨ, ਉਸ, ਉਮਰ ਆਦਿ।
- ਵਿਦਿਆਰਥੀ ਲਗਾਂ-ਮਾਤਰਾਂ ਦੇ ਨਾਮ ਅਤੇ ਮੁਹਾਰਨੀ ਜਾਣਦਾ ਹੈ ਅਤੇ ਮੁਹਾਰਨੀ ਦੇ ਆਧਾਰ ਤੇ ਹੋਰ ਸ਼ਬਦ ਬਣਾ ਸਕਦਾ ਹੈ ਜਿਵੇਂ:-'ਕਾ'_ਕਾਰ, ਕਾਲ਼ਾ, ਕਾਨਾ, ਕਾਗਜ਼ ਆਦਿ।
- ਵਿਦਿਆਰਥੀ ਮਿਲ਼ਦੀਆਂ-ਜੁਲ਼ਦੀਆਂ ਧੁਨੀਆਂ ਦਾ ਨਿਖੇੜਾ ਕਰਦੇ ਹਨ ਅਤੇ ਉਹਨਾਂ ਦੇ ਸ਼ਬਦ ਬਣਾਉਂਦੇ ਹਨ ਜਿਵੇਂ:-'ਗ' ਤੇ 'ਘ'ਵਿੱਚਲੇ ਫ਼ਰਕ ਨੂੰ ਸਮਝਣ ਲਈ -ਗੋਰਾ/ਘੋੜਾ, ਗੋਲ/ਘੋਲ਼ ਆਦਿ।
- ਵਿਦਿਆਰਥੀ ਵਰਨਮਾਲ਼ਾ ਦੇ ਅੱਖ਼ਰ ਤਰਤੀਬ ਅਨੁਸਾਰ ਅਤੇ ਭੁਲਾਵੇਂ ਰੂਪ ਦੋਹਾਂ ਨੂੰ ਪੜ੍ਹਦਾ ਹੈ। ਸਾਰੇ ਅੱਖਰਾਂ ਦੀ ਮੁਹਾਰਨੀ ਪੜ੍ਹਦਾ ਹੈ। ਮੁਹਾਰਨੀ ਤੋਂ ਸ਼ਬਦ ਅਤੇ ਸ਼ਬਦਾਂ ਤੋਂ ਅਸਾਨ ਵਾਕ ਬਣਾ ਕੇ ਬੋਲਦਾ ਹੈ।
- ਵੱਖ-ਵੱਖ ਕਿਰਿਆਵਾਂ ਦਰਸਾਉਂਦੀਆਂ ਤਸਵੀਰਾਂ ਨੂੰ ਦੇਖ ਕੇ ਉਸ ਬਾਰੇ ਉੱਚੀ ਬੋਲ ਕੇ ਦੱਸਦਾ ਹੈ। ਕਿਸੇ ਕਵਿਤਾ ਨਾਲ਼ ਸਬੰਧਿਤ ਤਸਵੀਰ ਦੇਖ ਕੇ ਹੀ ਉਸ ਬਾਰੇ ਉੱਚੀ ਅਵਾਜ਼ ਵਿੱਚ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਕਵਿਤਾ ਗਾਇਨ ਕਰਦਾ ਹੈ।
- ਵਿਦਿਆਰਥੀ ਕਵਿਤਾ ਵਿੱਚਲੇ ਭਾਵਾਂ ਨੂੰ ਸਮਝਦੇ ਹੋਏ ਲੈਅ-ਬੱਧ ਤਰੀਕੇ ਨਾਲ਼ ਅਤੇ ਮੁਦਰਾਵਾਂ ਸਹਿਤ ਗਾਇਨ ਕਰਦੇ ਹਨ ਅਤੇ

ਆਪਣੀਆਂ ਲੋੜਾਂ ਬਾਰੇ ਬੇਝਿਜਕ ਹੋ ਕੇ ਦੱਸ ਸਕੇ।

- ਇੱਕੱਲਿਆਂ ਜਾਂ ਰਲ ਕੇ ਲੋਰੀਆਂ/ਬਾਲ-ਗੀਤ ਗਾ ਸਕੇ।
- ਵਿਦਿਆਰਥੀ ਵਰਨਮਾਲ਼ਾ ਦੇ ਸਾਰੇ ਅੱਖ਼ਰਾਂ, ਲਗਾਂ ਨੂੰ ਠੀਕ ਅਕਾਰ ਵਿੱਚ ਲਿਖ ਸਕੇ। ਬਲੈਕ-ਬੋਰਡ ਜਾਂ ਪਾਠ-ਪੁਸਤਕ ਵਿੱਚੋਂ ਸ਼ਬਦ, ਵਾਕਾਂਸ਼ ਜਾਂ ਵਾਕ ਦੇਖ ਕੇ ਲਿਖ ਸਕੇ। ਸਹੀ ਕਿਰਿਆ ਨੂੰ ਵਾਕ ਵਿੱਚ ਸਹੀ ਥਾਂ ਤੇ ਲਗਾ ਸਕਦਾ ਹੋਵੇ।
- ਛੋਟੀਆਂ ਤੇ ਅਸਾਨ ਬੁਝਾਰਤਾਂ ਬੁੱਝ ਸਕਣ ਦੇ ਕਾਬਲ ਹੋ ਸਕੇ।
- ਰੋਜ਼ਾਨਾ ਜੀਵਨ ਦੀਆਂ ਅਤੇ ਆਲ਼ੇ-ਦੁਆਲ਼ੇ ਦੀਆਂ ਚੀਜ਼ਾਂ, ਘਟਨਾਵਾਂ ਆਦਿ ਸਬੰਧੀ ਛੋਟੇ-ਛੋਟੇ ਪ੍ਰਸ਼ਨਾਂ ਦੇ ਉੱਤਰ ਦੇ ਸਕਦਾ ਹੋਵੇ।
- ਰੋਜ਼ਾਨਾ ਜੀਵਨ ਦੀਆਂ ਵਸਤੂਆਂ ਅਤੇ ਘਟਨਾਵਾਂ ਪ੍ਰਤੀ ਪ੍ਰਸ਼ਨ ਪੁਛ ਸਕੇ।

ਸੰਗੀਤਕ-ਰਸ ਮਾਣਦੇ ਹਨ।

- ਵਿਦਿਆਰਥੀ ਅੱਖਰਾਂ ਨੂੰ ਪਛਾਨਣ ਅਤੇ ਉਹਨਾਂ ਦੀਆਂ ਧੁਨੀਆਂ ਦਾ ਸ਼ੁੱਧ ਉਚਾਰਨ ਕਰ ਸਕਣ ਦੇ ਯੋਗ ਹੈ।
- ਵਿਦਿਆਰਥੀ ਸੋਚਣ, ਸਮਝਣ ਅਤੇ ਅੰਦਾਜ਼ਾ ਲਾ ਸਕਣ ਦੇ ਸਮਰੱਥ ਹਨ ਅਤੇ ਉਹ ਛੋਟੇ-ਛੋਟੇ ਪ੍ਰਸ਼ਨਾਂ ਅਤੇ ਅਸਾਨ ਬੁਝਾਰਤਾਂ ਦੇ ਉੱਤਰ ਦਿੰਦੇ ਹਨ।
- ਵਿਦਿਆਰਥੀ ਵਾਕ ਦੇ ਲਿੰਗ, ਵਚਨ ਆਦਿ ਅਨੁਸਾਰ ਕਿਰਿਆ ਸਮਝ ਸਕਣ ਦੇ ਯੋਗ ਹਨ ਜਿਵੇਂ:- ਮੁੰਡਾ ਖਾਣਾ........... । (ਖਾਂਦਾ ਹੈ/ਖਾਂਦੀ ਹੈ) ਘੋੜੇ ਤੇਜ਼ ਭੱਜ........... (ਰਹੇ ਹਨ/ਰਿਹਾ ਹੈ) ਆਦਿ।
- ਵਿਦਿਆਰਥੀ ਸਿੱਖਣ ਉਪਰੰਤ ਜਾਨਵਰਾਂ, ਪੰਛੀਆਂ, ਫੁੱਲਾਂ, ਰੁੱਤਾਂ, ਖੇਡਾਂ, ਅਕ੍ਰਿਤੀਆਂ, ਆਵਾਜਾਈ ਦੇ ਨਿਯਮਾਂ, ਹਫ਼ਤੇ ਦੇ ਦਿਨ, ਮਹੀਨੇ ਆਦਿ ਬਾਰੇ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ।





## ਜਮਾਤ-ਦੂਜੀ

### ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਸਾਰੇ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਖੇਡ ਵਿਧੀ ਰਾਹੀਂ, ਸਹੀ ਸਹੀ ਸੁਣ ਕੇ, ਸਮਝ ਕੇ, ਧਿਆਨ ਨਾਲ਼ ਪੜ੍ਹ ਕੇ ਪ੍ਰਗਟਾਅ ਕਰ ਸਕਣ ਦੇ ਯੋਗ ਹੋ ਸਕਣ ਤਾਂ ਕਿ**

- ਵਿਦਿਆਰਥੀ ਸੰਯੁਕਤ ਅੱਖ਼ਰਾਂ ਵਾਲੇ ਜਾਣੇ-ਪਛਾਣੇ ਸ਼ਬਦਾਂ ਨੂੰ ਪੜ੍ਹ ਸਕੇ।
- ਵਿਦਿਆਰਥੀ ਪੜ੍ਹਨ ਸਮੱਗਰੀ ਜਿਵੇਂ ਕਿ ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ ਅਤੇ ਲੇਖ ਆਦਿ ਨੂੰ ਪੂਰਨ ਵਿਸ਼ਰਾਮ, ਕਾਮਾ, ਪ੍ਰਸ਼ਨਾਚਕ ਤੇ ਵਿਸਮਿਕ-ਚਿੰਨ੍ਹਾਂ ਅਨੁਸਾਰ ਬੋਲ ਕੇ ਪੜ੍ਹ ਸਕੇ।
- ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਨੂੰ ਧਿਆਨ ਨਾਲ਼ ਸੁਣ ਅਤੇ ਸਮਝ ਸਕੇ।
- ਵਿਦਿਆਰਥੀ ਆਮ ਗੱਲਬਾਤ, ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਅਤੇ ਚੁਟਕਲੇ ਆਦਿ ਨੂੰ ਸੁਣ ਕੇ ਸਮਝ ਸਕੇ।
- ਵਿਦਿਆਰਥੀ ਟੈਲੀਵਿਜ਼ਨ ਜਾਂ ਰੇਡੀਉ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਪ੍ਰੋਗਰਾਮਾਂ ਨੂੰ ਦੇਖ/ਸੁਣ ਸਕੇ ਅਤੇ ਸਮਝ ਸਕੇ।
- ਵਿਦਿਆਰਥੀ ਪਾਠ-ਪੁਸਤਕ ਵਿੱਚਲੇ ਪਾਠਾਂ ਨੂੰ ਪੜ੍ਹ ਸਕੇ, ਸਮਝ ਸਕੇ ਅਤੇ ਪੁੱਛੇ ਗਏ ਸਰਲ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ।
- ਪੜ੍ਹਦੇ ਸਮੇਂ ਲਿਖਤ ਵਿੱਚ ਪ੍ਰਗਟਾਏ ਭਾਵਾਂ (ਹੈਰਾਨੀ, ਖ਼ੁਸ਼ੀ, ਡਰ, ਚਿੰਤਾ ਆਦਿ) ਨੂੰ ਸਮਝ ਸਕਣ ਦੇ ਯੋਗ ਹੋ ਸਕੇ।
- ਵਿਦਿਆਰਥੀ ਪੜ੍ਹੀ ਜਾਂ ਸੁਣੀ ਹੋਈ ਕਿਸੇ ਕਵਿਤਾ ਜਾਂ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ।
- ਵਿਦਿਆਰਥੀ ਆਪਣੀ ਪਾਠ-ਪੁਸਤਕ ਵਿੱਚੋਂ

### ਸਿੱਖਣ ਦੇ ਪਰਿਣਾਮ

**ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ:-**

- ਵਿਦਿਆਰਥੀ ਪੜ੍ਹਨ ਸਮੱਗਰੀ ਜਿਵੇਂ ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ ਅਤੇ ਲੇਖ ਆਦਿ ਨੂੰ ਪੂਰਨ ਵਿਸ਼ਰਾਮ, ਕਾਮਾ, ਪ੍ਰਸ਼ਨਾਚਕ ਤੇ ਵਿਸਮਿਕ-ਚਿੰਨ੍ਹਾਂ ਅਨੁਸਾਰ ਠਹਿਰਾਉ ਦੇ ਕੇ, ਠੀਕ ਢੰਗ ਨਾਲ਼ ਬੋਲ ਕੇ ਪੜ੍ਹਦਾ ਹੈ।
- ਵਿਦਿਆਰਥੀ ਦੀ ਪੜ੍ਹਨ ਸਮੱਗਰੀ ਨੂੰ ਪੜ੍ਹਨ ਦੀ ਗਤੀ ਵਿੱਚ ਪਹਿਲੀ ਜਮਾਤ ਦੇ ਮੁਕਾਬਲੇ ਤੇਜ਼ੀ ਆਈ ਹੈ ਅਤੇ ਉਚਾਰਨ ਦੇ ਪੱਧਰ ਤੇ ਸੁਧਾਰ ਹੋਇਆ ਹੈ।
- ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਨੂੰ ਧਿਆਨ ਨਾਲ਼ ਸੁਣਦੇ ਹਨ ਅਤੇ ਉਹਨਾਂ ਦੀ ਸੁਣਨ ਸ਼ਕਤੀ ਵਿੱਚ ਵਾਧਾ ਹੋਇਆ ਹੈ।
- ਵਿਦਿਆਰਥੀ ਟੈਲੀਵਿਜ਼ਨ ਜਾਂ ਰੇਡੀਉ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਪ੍ਰੋਗਰਾਮਾਂ ਵਿੱਚ ਦਿਲਚਸਪੀ ਦਿਖਾਉਂਦੇ ਹਨ ਅਤੇ ਉਸ ਬਾਰੇ ਆਪਣੇ ਸਾਥੀਆਂ ਨਾਲ਼ ਗੱਲਬਾਤ ਵੀ ਕਰਦੇ ਹਨ।
- ਵਿਦਿਆਰਥੀ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਕਵਿਤਾ/ਗੀਤ ਗਾਇਨ ਕਰਦੇ ਹਨ। ਉਹ ਇਸਦਾ ਅਨੰਦ ਲੈਂਦੇ ਹਨ ਅਤੇ ਉਹਨਾਂ ਅੰਦਰ ਸੰਗੀਤ ਪ੍ਰਤੀ ਖਿੱਚ ਪੈਦਾ ਹੋਣੀ ਸ਼ੁਰੂ ਹੁੰਦੀ ਹੈ।
- ਵਿਦਿਆਰਥੀ ਬੋਲ-ਲਿਖਤ (Dictation) ਕਰਨ ਦੇ ਯੋਗ ਹਨ।
- ਵਿਦਿਆਰਥੀ ਮੇਰਾ ਸਕੂਲ, ਮੇਰੇ ਮਾਤਾ ਜੀ, ਮੇਰੇ ਪਿਤਾ ਜੀ, ਮੇਰੇ ਦਾਦਾ ਜੀ, ਮੇਰਾ ਪਰਿਵਾਰ

ਕੋਈ ਕਵਿਤਾ ਜਾਂ ਗੀਤ ਸੁਣਾ ਸਕਣ ਦੇ ਯੋਗ ਹੋ ਸਕੇ।

- ਵਿਦਿਆਰਥੀ ਬਹੁਤ ਹੀ ਸਧਾਰਨ ਪੱਧਰ ਦੇ ਵਾਕ ਲਿਖਣ ਦੇ ਯੋਗ ਹੋ ਸਕੇ।
- ਵਿਦਿਆਰਥੀ ਕਿਰਿਆ ਨੂੰ ਉਸਦੇ ਲਿੰਗ, ਵਚਨ ਆਦਿ ਅਨੁਸਾਰ ਬਦਲ ਸਕੇ।
- ਰੋਜ਼ਾਨਾ ਜੀਵਨ ਦੀਆਂ ਅਤੇ ਆਲ਼ੇ-ਦੁਆਲ਼ੇ ਦੀਆਂ ਘਟਨਾਵਾਂ, ਅੱਖੀਂ ਦੇਖੇ ਦ੍ਰਿਸ਼, ਆਪਣੇ ਪਰਿਵਾਰ ਦੇ ਮੈਂਬਰਾਂ ਬਾਰੇ, ਸਕੂਲ ਬਾਰੇ ਪੰਜ ਤੋਂ ਦਸ ਵਾਕਾਂ ਵਿੱਚ ਸੁਣਾ ਸਕਣ ਦੇ ਯੋਗ ਹੋ ਸਕੇ।

ਆਦਿ ਲੇਖ ਸੁਣਾਉਂਦੇ ਹਨ ਅਤੇ ਲਿਖਦੇ ਹਨ।

- ਵਿਦਿਆਰਥੀ ਅੰਦਰ ਰਿਸ਼ਤਿਆਂ ਦੀ ਮਹੱਤਤਾ ਦੀ ਸਮਝ ਪੈਦਾ ਹੁੰਦੀ ਹੈ ਜਿਵੇਂ "ਮਾਂ ਦਾ ਪਿਆਰ" ਕਵਿਤਾ ਪੜ੍ਹਨ ਤੋਂ ਬਾਅਦ ਵਿਦਿਆਰਥੀ ਆਪਣੀ ਮਾਂ ਦਾ ਵਧੇਰੇ ਸਤਿਕਾਰ ਕਰਦਾ ਹੈ ਅਤੇ ਇੱਕ ਬੱਚੇ ਦੇ ਜੀਵਨ ਵਿੱਚ ਮਾਂ ਦੇ ਰਿਸ਼ਤੇ ਦੀ ਅਹਿਮੀਅਤ ਜਾਣਦਾ ਹੈ।
- ਵਿਦਿਆਰਥੀ ਸਧਾਰਨ ਪੱਧਰ ਦੀਆਂ ਬੁਝਾਰਤਾਂ ਬੁੱਝ ਲੈਂਦਾ ਹੈ ਅਤੇ ਉਸਦਾ ਦਿਮਾਗੀ ਵਿਕਾਸ ਹੁੰਦਾ ਹੈ।
- ਕਹਾਣੀਆਂ, ਕਵਿਤਾਵਾਂ, ਲੇਖ ਪੜ੍ਹਨ ਨਾਲ਼ ਵਿਦਿਆਰਥੀ ਦੀ ਕਲਪਨਾ ਸ਼ਕਤੀ ਵਿੱਚ ਵਾਧਾ ਹੁੰਦਾ ਹੈ ਅਤੇ ਉਸ ਅੰਦਰ ਸੌਂਦਰਯ ਬੋਧ ਪੈਦਾ ਹੋਣਾ ਸ਼ੁਰੂ ਹੋਇਆ ਹੈ।





## ਜਮਾਤ-ਤੀਜੀ

### ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਸਾਰੇ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਖੇਡ ਵਿਧੀ ਰਾਹੀਂ, ਸਹੀ ਸੁਣ ਕੇ, ਸਮਝ ਕੇ, ਧਿਆਨ ਨਾਲ਼ ਪੜ੍ਹ ਕੇ ਪ੍ਰਗਟਾਅ ਕਰ ਸਕਣ ਦੇ ਯੋਗ ਹੋ ਸਕਣ ਤਾਂ ਕਿ**

- ਪਾਠ-ਪੁਸਤਕ ਵਿੱਚਲੀਆਂ ਕਹਾਣੀਆਂ, ਕਵਿਤਾਵਾਂ ਤੇ ਲੇਖਾਂ ਨੂੰ ਢੁੱਕਵੇਂ ਉਚਾਰਨ, ਠਹਿਰਾਅ, ਦਬਾਅ ਸਹਿਤ ਉੱਚੀ ਬੋਲ ਕੇ ਪੜ੍ਹ ਸਕੇ ਅਤੇ ਮੌਨ ਪਾਠ ਵੀ ਕਰ ਸਕੇ।
- ਦੂਜੇ ਵਿਦਿਅਰਥੀਆਂ ਦੁਆਰਾ ਪੜ੍ਹੇ ਪਾਠ ਨੂੰ ਸੁਣ ਸਕੇ ਅਤੇ ਸਮਝ ਸਕੇ।
- ਧਾਰਮਿਕ ਸਥਾਨਾਂ, ਮਹਾਨ ਸ਼ਖਸੀਅਤਾਂ, ਰੁੱਤਾਂ, ਵਾਤਾਵਰਨ, ਪਸ਼ੂ, ਪੰਛੀਆਂ ਆਦਿ ਬਾਰੇ ਜਾਣ ਸਕੇ।
- ਸ਼੍ਰੇਣੀ ਜਾਂ ਸਕੂਲ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ, ਖਾਸ ਗੱਲਬਾਤ ਸੁਣ ਕੇ ਸਮਝ ਸਕੇ।
- ਟੈਲੀਵਿਜ਼ਨ ਜਾਂ ਰੇਡੀਉ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਪ੍ਰੋਗਰਾਮ ਵੇਖ/ਸੁਣ ਸਕੇ, ਸਮਝ ਸਕੇ ਅਤੇ ਉਸ ਬਾਰੇ ਆਪਣੀ ਭਾਸ਼ਾ ਵਿੱਚ ਗੱਲਬਾਤ ਕਰ ਸਕੇ।
- ਪਾਠ-ਪੁਸਤਕ ਵਿੱਚਲੇ ਲੇਖ, ਕਹਾਣੀ ਜਾਂ ਕਵਿਤਾ ਨੂੰ ਪੜ੍ਹ ਕੇ ਉਸ ਵਿੱਚਲੇ ਘਟਨਾ-ਕ੍ਰਮ ਨੂੰ ਸਮਝ ਸਕੇ ਅਤੇ ਉਸ ਵਿੱਚਲੇ ਭਾਵ ਗ੍ਰਹਿਣ ਕਰ ਸਕੇ।
- ਪੜ੍ਹੀ ਜਾਂ ਸੁਣੀ ਹੋਈ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ।
- ਕਵਿਤਾ ਵਿੱਚਲੇ ਭਾਵ, ਸੁਨੇਹੇ ਅਤੇ ਸਿੱਖਿਆ ਨੂੰ ਸਮਝ ਸਕੇ।
- ਆਪਣੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਗੀਤ ਲੈਅਬੱਧ ਤਰੀਕੇ ਨਾਲ਼ ਅਤੇ ਮੁਦਰਾਵਾਂ

### ਸਿੱਖਣ ਦੇ ਪਰਿਣਾਮ

**ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ**

- ਵਿਦਿਆਰਥੀ ਕਿਸੇ ਵੀ ਲੇਖ, ਕਹਾਣੀ ਨੂੰ ਪੜ੍ਹ ਕੇ ਉਸ ਵਿੱਚਲੇ ਭਾਵ/ਸਿੱਖਿਆ ਨੂੰ ਸਮਝਦੇ ਹਨ।
- ਵਿਦਿਆਰਥੀ ਦੀ ਪੜ੍ਹਨ ਸਮੱਗਰੀ ਨੂੰ ਪੜ੍ਹਨ ਦੀ ਗਤੀ ਵਿੱਚ ਦੂਜੀ ਜਮਾਤ ਦੇ ਮੁਕਾਬਲੇ ਤੇਜ਼ੀ ਆਈ ਹੈ ਅਤੇ ਉਚਾਰਨ ਦੇ ਪੱਧਰ ਤੇ ਸੁਧਾਰ ਹੋਇਆ ਹੈ।
- ਵਿਦਿਆਰਥੀ ਕਹਾਣੀ ਪੜ੍ਹਦੇ ਸਮੇਂ ਪੂਰਨ ਵਿਸ਼ਰਾਮ, ਕਾਮਾ, ਪ੍ਰਸ਼ਨਵਾਚਕ ਆਦਿ ਚਿੰਨ੍ਹਾਂ ਅਨੁਸਾਰ ਉਚਾਰਨ ਕਰਦੇ ਹਨ।
- ਵਿਦਿਆਰਥੀ ਏਕਤਾ ਦੀ ਸ਼ਕਤੀ ਬਾਰੇ, ਦੋਸਤੀ ਦੇ ਮਹੱਤਵ ਬਾਰੇ, ਰੁੱਤਾਂ ਬਾਰੇ, ਪੰਛੀਆਂ ਅਤੇ ਰੁੱਖਾਂ ਦਾ ਮਨੁੱਖੀ ਜੀਵਨ ਵਿੱਚ ਮਹੱਤਵ, ਪਹੀਏ ਦੀ ਕਾਢ ਦੇ ਲਾਭ ਅਤੇ ਸਾਡੇ ਦੇਸ਼ ਬਾਰੇ ਲਿਖੀਆਂ ਕਵਿਤਾਵਾਂ ਦੇ ਭਾਵ-ਅਰਥ ਸਮਝਦੇ ਹਨ ਅਤੇ ਇਸ ਬਾਰੇ ਗੱਲਬਾਤ ਕਰਦੇ ਹਨ।
- ਵਿਦਿਆਰਥੀ ਕਾਨੂੰਨ, ਅਨੁਸਾਸ਼ਨ ਦੀ ਮਹੱਤਤਾ, ਆਵਾਜਾਈ ਦੇ ਨਿਯਮਾਂ ਬਾਰੇ ਜਾਣਦੇ ਹਨ ਅਤੇ ਇਸ ਸਬੰਧੀ ਚੰਗੀਆਂ ਆਦਤਾਂ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ ਹਨ।
- ਉਹ ਬਾਲ-ਖੇਡਾਂ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦੇ ਹਨ ਅਤੇ ਅਲੋਪ ਹੋ ਚੁੱਕੀਆਂ ਖੇਡਾਂ ਬਾਰੇ ਜਾਨਣ ਵਿੱਚ ਦਿਲਚਸਪੀ ਦਿਖਾਉਂਦੇ ਹਨ।
- ਵਿਦਿਆਰਥੀ ਨਵੇਂ-ਨਵੇਂ ਸ਼ਬਦਾਂ ਦੇ ਰੂਬਰੂ ਹੁੰਦਾ ਹੈ ਅਤੇ ਇਹਨਾਂ ਦਾ ਅਰਥ ਦੱਸ ਕੇ ਵਾਕਾਂ ਵਿੱਚ ਵਰਤਦਾ ਹੈ। ਇਸ ਤਰਾਂ ਉਸਦੇ ਸ਼ਬਦ ਭੰਡਾਰ ਵਿੱਚ ਵਾਧਾ ਹੁੰਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਵਿੱਚੋਂ ਦੇਖ ਕੇ ਪੈਰੇ

ਸਹਿਤ ਸੁਣਾ ਸਕੇ।

- ਆਪਣੇ ਸਾਥੀ ਵਿਦਿਆਰਥੀਆਂ ਨਾਲ਼, ਅਧਿਆਪਕਾਂ ਨਾਲ਼, ਰਿਸ਼ਤੇਦਾਰਾਂ ਨਾਲ਼ ਤੇ ਆਲ਼ੇ-ਦੁਆਲ਼ੇ ਦੇ ਹੋਰ ਲੋਕਾਂ ਨਾਲ਼ ਬੇਝਿਜਕ ਗੱਲਬਾਤ ਕਰ ਸਕੇ।
- ਸੁਣ ਕੇ ਜਾਂ ਵੇਖ ਕੇ ਸਹੀ ਸ਼ਬਦ ਜੋੜ ਲਿਖ ਸਕੇ।
- ਲਿਖਣ ਵੇਲੇ ਵਿਸ਼ਰਾਮ ਚਿੰਨ੍ਹਾਂ ਦੀ ਸਹੀ ਵਰਤੋਂ ਕਰ ਸਕੇ।
- ਅੱਖਰਾਂ ਦੀ ਸ਼ੁੱਧ ਬਣਾਵਟ ਨਾਲ਼ ਸੁੰਦਰ ਲਿਖਾਈ ਕਰ ਸਕੇ।
- ਪੜ੍ਹੀ ਹੋਈ ਸਮੱਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕੇ, ਵਿਰੋਧੀ-ਸ਼ਬਦ, ਸਮਾਨਾਰਥਕ-ਸ਼ਬਦ ਲਿਖ ਸਕੇ।
- ਰੋਜ਼ਾਨਾ ਜੀਵਨ ਦੀਆਂ ਅਤੇ ਆਲ਼ੇ-ਦੁਆਲ਼ੇ ਦੀਆਂ ਘਟਨਾਵਾਂ, ਦਿਨ ਤਿਉਹਾਰ, ਅਧਿਆਪਕ, ਸਕੂਲ, ਮਾਪੇ, ਰੁੱਖ, ਹਵਾ, ਪਾਣੀ ਬਾਰੇ ਦਸ ਤੋਂ ਪੰਦਰਾਂ ਸਤਰਾਂ ਵਿੱਚ ਲਿਖ ਸਕੇ।
- ਜ਼ਰੂਰਤ ਅਨੁਸਾਰ ਅਰਜ਼ੀ ਲਿਖ ਸਕੇ।

ਵਿੱਚ ਲਿਖ ਸਕਣ ਦੇ ਯੋਗ ਹਨ।

- ਉਹ ਲਿਖਤੀ ਕੰਮ ਕਰਦੇ ਹਨ, ਅੱਖਰਾਂ ਦੀ ਬਨਾਵਟ, ਇੱਕਸਾਰਤਾ, ਅੱਖਰਾਂ ਵਿੱਚਲੀ ਵਿਸ਼ੇਸ਼ ਤੇ ਲੋੜੀਂਦੀ ਦੂਰੀ ਰੱਖਣਾ ਆਦਿ ਗੱਲਾਂ ਦੀ ਸਮਝ ਰੱਖਦੇ ਹਨ।
- ਵਿਦਿਆਰਥੀ ਆਪਣੇ ਵੱਲੋਂ ਕਿਸੇ ਵਿਸ਼ੇ 'ਤੇ ਦਿੱਤੀ ਜਾਣਕਾਰੀ ਨੂੰ ਅਸਾਨ ਸ਼ਬਦਾਂ ਵਿੱਚ ਅੱਠ ਤੋਂ ਦਸ ਵਾਕਾਂ ਵਿੱਚ ਆਪ ਲਿਖਣ ਦੇ ਯੋਗ ਹੈ।
- ਵਿਦਿਆਰਥੀ ਇੱਕ ਸ਼ਬਦ ਨੂੰ ਇੱਕ ਤੋਂ ਵੱਧ ਵਾਕਾਂ ਵਿੱਚ ਵਰਤ ਸਕਦਾ ਹੈ।
- ਵਿਦਿਆਰਥੀ ਸਕੂਲ, ਘਰ, ਮਿੱਤਰ, ਰੇਡੀਉ, ਟੈਲੀਵਿਜ਼ਨ ਆਦਿ ਤੋਂ ਸੁਣੀ ਗੱਲਬਾਤ ਸਾਂਝੀ ਕਰਨ ਦੇ ਯੋਗ ਹਨ।





## ਜਮਾਤ-ਚੌਥੀ

### ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਸਾਰੇ ਵਿਦਿਆਰਥੀਆਂ ਨੂੰ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਕਾਰਜ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਉਹਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਕਿ**

- ਵਿਦਿਆਰਥੀ ਆਪਣੇ ਪਾਠਕ੍ਰਮ ਦੀਆਂ ਕਿਤਾਬਾਂ, ਅਖ਼ਬਾਰ, ਬਾਲ-ਰਸਾਲੇ, ਇਸ਼ਤਿਹਾਰ ਆਦਿ ਵਿੱਚੋਂ ਸਰਲ ਕਵਿਤਾਵਾਂ, ਕਹਾਣੀਆਂ ਆਦਿ ਪੜ੍ਹਣ ਦੇ ਯੋਗ ਹੋ ਸਕੇ।
- ਵਿਦਿਆਰਥੀ ਚਿੱਠੀ-ਪੱਤਰ, ਬਿਨੈ-ਪੱਤਰ ਆਦਿ ਪੜ੍ਹ ਸਕੇ।
- ਉਸ ਅੰਦਰ ਵਿਸ਼ਰਾਮ-ਚਿੰਨ੍ਹਾਂ ਅਨੁਸਾਰ ਸਹੀ ਉਚਾਰਨ ਅਤੇ ਲਹਿਜ਼ੇ ਬਾਰੇ ਸਮਝ ਦਾ ਵਿਕਾਸ ਹੋਵੇ। ਉਹ ਉਚਿੱਤ ਗਤੀ ਸਹਿਤ ਉੱਚੀ ਅਤੇ ਮੌਨ ਤਰੀਕਿਆਂ ਨਾਲ਼ ਪੜ੍ਹ ਸਕੇ।
- ਵਿਦਿਆਰਥੀ ਨੂੰ ਰੋਚਕ ਵਿਧੀਆਂ ਅਤੇ ਸਰਲ ਕਿਰਿਆਵਾਂ ਜਿਵੇਂ ਪੂਰੇ ਹਾਵ-ਭਾਵ ਨਾਲ਼ ਕਹਾਣੀ ਸੁਣਾਉਣਾ ਆਦਿ ਰਾਹੀਂ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਅਧਿਆਪਕ ਜਾਂ ਸਹਿਪਾਠੀਆਂ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸਮਝ ਸਕੇ। ਉਹ ਰੇਡੀਓ ਜਾਂ ਟੈਲੀਵਿਜ਼ਨ ਤੋਂ ਸੁਣੇ ਹੋਏ ਕਵਿਤਾ, ਕਹਾਣੀ ਜਾਂ ਵਿਅੰਗ ਆਦਿ ਦੇ ਭਾਵ ਨੂੰ ਸਮਝ ਸਕੇ।
- ਵਿਦਿਆਰਥੀ ਨੂੰ ਅਭਿਆਸ ਦੇ ਵੱਖ-ਵੱਖ ਸਰਲ ਢੰਗਾਂ ਰਾਹੀਂ ਅਤੇ ਬਾਲ-ਸਾਹਿਤ ਮੁਹੱਈਆ ਕਰਵਾ ਕੇ ਅਜਿਹੇ ਮੌਕੇ ਦਿੱਤੇ ਜਾਣ ਕਿ ਉਹ ਪੱਧਰ ਅਨੁਸਾਰ ਪਾਠਕ੍ਰਮ ਦੀਆਂ ਪੁਸਤਕਾਂ, ਬਾਲ-ਸਾਹਿਤ, ਅਖ਼ਬਾਰ, ਇਸ਼ਤਿਹਾਰ ਆਦਿ ਵਿੱਚੋਂ ਖੁਦ ਪੜ੍ਹੀ ਸਰਲ ਕਵਿਤਾ, ਕਹਾਣੀ, ਲੇਖ, ਪੱਤਰ, ਖ਼ਬਰ ਆਦਿ ਦੇ ਅੰਦਰਲੇ ਭਾਵ ਨੂੰ ਗ੍ਰਹਿਣ ਕਰ ਸਕੇ। ਉਸ ਅੰਦਰ ਵਿਸ਼ਰਾਮ ਚਿੰਨ੍ਹਾਂ ਅਨੁਸਾਰ ਸਹੀ ਉਚਾਰਨ ਅਤੇ ਲਹਿਜ਼ੇ ਦੀ ਸਮਝ

### ਸਿੱਖਣ ਦੇ ਪਰਿਣਾਮ

**ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ**

- ਵਿਦਿਆਰਥੀ ਪਾਠਕ੍ਰਮ ਦੀਆਂ ਕਿਤਾਬਾਂ, ਬਾਲ-ਸਾਹਿਤ, ਰਸਾਲੇ, ਇਸ਼ਤਿਹਾਰ ਆਦਿ ਵਿੱਚੋਂ ਸਰਲ ਕਵਿਤਾਵਾਂ ਕਹਾਣੀਆਂ ਲੇਖ ਖ਼ਬਰਾਂ ਆਦਿ ਪੜ੍ਹਦਾ ਹੈ। ਉਹ ਵਿਸ਼ਰਾਮ-ਚਿੰਨ੍ਹਾਂ ਦੇ ਮਹੱਤਵ ਤੋਂ ਜਾਣੂੰ ਹੁੰਦਿਆਂ, ਉਹਨਾਂ ਅਨੁਸਾਰ ਸਹੀ-ਉਚਾਰਨ ਅਤੇ ਦਬਾਅ ਨਾਲ਼ (ਉੱਚੀ ਅਤੇ ਮੌਨ) ਪੜ੍ਹ ਸਕਦਾ ਹੈ।
- ਵਿਦਿਆਰਥੀ ਜਮਾਤ ਦੀਆਂ ਵਿਭਿੰਨ ਗਤੀ-ਵਿਧੀਆਂ ਵਿੱਚ ਦਿਲਚਸਪੀ ਨਾਲ਼ ਹਿੱਸਾ ਲੈਂਦਾ ਹੋਇਆ ਦੂਜਿਆਂ ਦੁਆਰਾ ਪੜ੍ਹੇ ਹੋਏ ਪਾਠ ਜਾਂ ਪਾਠ-ਅੰਸ਼ ਦੇ ਭਾਵ ਨੂੰ ਸਮਝਦਾ ਹੈ। ਉਹ ਭਿੰਨ-ਭਿੰਨ ਪਾਠਾਂ ਵਿੱਚਲੀਆਂ ਸਿੱਖਿਆਵਾਂ ਨੂੰ ਅਪਣਾਉਂਦਾ ਹੈ ਅਤੇ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਦਾ ਹੈ।
- ਵਿਦਿਆਰਥੀ ਸਰਲ ਪ੍ਰਸ਼ਨਾਂ ਦੇ ਜ਼ੁਬਾਨੀ ਉੱਤਰ ਦੇ ਸਕਦਾ ਹੈ। ਉਹ ਸਹਿਪਾਠੀਆਂ ਅਤੇ ਅਧਿਆਪਕਾਂ ਨਾਲ਼ ਬਿਨਾਂ ਝਿਜਕ ਗੱਲਬਾਤ ਕਰ ਸਕਦਾ ਹੈ। ਉਹ ਕਿਸੇ ਕਵਿਤਾ ਜਾਂ ਕਹਾਣੀ ਨੂੰ ਆਪਣੇ ਤਰੀਕੇ ਜਾਂ ਸ਼ਬਦਾਂ ਵਿੱਚ ਸੁਣਾਉਂਦਾ ਹੈ।
- ਉਹ ਬਾਲ-ਸਾਹਿਤ ਦੀਆਂ ਕਹਾਣੀਆਂ ਤੋਂ ਪ੍ਰੇਰਿਤ ਹੋ ਕੇ ਖੁਦ ਵੀ ਕਹਾਣੀ ਲਿਖਣ ਦਾ ਯਤਨ ਕਰਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਵਿੱਚਲੇ ਸਰਲ ਪ੍ਰਸ਼ਨਾਂ ਦੇ ਉੱਤਰ ਲਿਖਦਾ ਹੈ ਅਤੇ ਉਹ ਖਾਲੀ ਸਥਾਨਾਂ ਵਿੱਚ ਢੁਕਵੇਂ ਸ਼ਬਦ ਚੁਣ ਕੇ ਭਰਦਾ ਹੈ।
- ਵਿਦਿਆਰਥੀ ਵਾਕ ਅਤੇ ਪੈਰੇ ਦੀ ਬਣਤਰ ਤੇ ਉਸਦੇ ਸ਼ੁੱਧ ਰੂਪ ਤੋਂ ਜਾਣੂੰ ਹੋ ਚੁੱਕਿਆ ਹੈ ਉਹ ਆਪਣੇ ਕੰਮ ਦੀ ਕੋਈ ਚੀਜ਼ ਨੋਟ ਕਰ ਸਕਦਾ ਹੈ।

ਵਿਕਸਿਤ ਹੋਵੇ। ਵਿਦਿਆਰਥੀ ਪਾਠ ਨੂੰ (ਉੱਚੀ ਅਤੇ ਮੌਨ) ਲੋੜੀਂਦੀ ਗਤੀ ਨਾਲ਼ ਪੜ੍ਹ ਕੇ ਸਮਝ ਸਕੇ।

- ਵਿਦਿਆਰਥੀ ਪਾਠ-ਪੁਸਤਕ ਵਿੱਚਲੇ ਸਰਲ ਪ੍ਰਸ਼ਨਾਂ ਦੇ ਜ਼ੁਬਾਨੀ ਉੱਤਰ ਦੇ ਸਕੇ। ਅਜਿਹੀਆਂ ਗਤੀਵਿਧੀਆਂ ਅਤੇ ਮੌਕੇ ਪੈਦਾ ਕੀਤੇ ਜਾਣ ਕਿ ਵਿਦਿਆਰਥੀ ਪੜ੍ਹੀ ਜਾਂ ਸੁਣੀ ਹੋਈ ਕਹਾਣੀ ਜਾਂ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ। ਉਹ ਸਹਿਪਾਠੀਆਂ ਜਾਂ ਅਧਿਆਪਕਾਂ ਨਾਲ਼ ਬਿਨਾਂ ਝਿਜਕ ਗੱਲਬਾਤ ਕਰ ਸਕੇ।
- ਵਿਦਿਆਰਥੀਆਂ ਨੂੰ ਪ੍ਰੇਰਣਾ ਦੇਣ ਲਈ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਵਿਦਿਆਰਥੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਕਹਾਣੀ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ ਅਤੇ ਕਿਸੇ ਵਿਸ਼ੇ 'ਤੇ ਆਪਣੇ ਵਿੱਚਾਰ ਪ੍ਰਗਟਾਅ ਸਕੇ।
- ਵਿਦਿਆਰਥੀ ਪਾਠ-ਪੁਸਤਕ ਵਿੱਚਲੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ, ਉਹ ਢੁਕਵੇਂ ਸ਼ਬਦਾਂ ਨੂੰ ਵਾਕਾਂ ਵਿੱਚ ਦਿੱਤੇ ਗਏ ਖ਼ਾਲੀ ਸਥਾਨਾਂ ਨੂੰ ਭਰ ਸਕੇ। ਲੋੜੀਂਦੇ ਅਭਿਆਸ ਨਾਲ਼ ਉਹ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸ਼ੁੱਧ ਰੂਪ ਵਿੱਚ ਲਿਖ ਕੇ ਪ੍ਰਗਟਾਅ ਸਕੇ। ਉਹ ਸ਼ਬਦਾਂ ਨੂੰ ਵਾਕਾਂ ਵਿੱਚ ਵਰਤ ਸਕੇ ਅਤੇ ਆਪਣੀ ਲੋੜ ਮੁਤਾਬਕ ਕੋਈ ਵੀ ਚੀਜ਼ ਨੋਟ ਕਰ ਸਕੇ।
- ਅਜਿਹੀਆਂ ਕਿਰਿਆਵਾਂ ਦੀ ਰਚਨਾ ਕੀਤੀ ਜਾਵੇ ਕਿ ਵਿਦਿਆਰਥੀ ਆਪਣੇ ਪੱਧਰ ਅਤੇ ਅਨੁਭਵ ਅਨੁਸਾਰ ਕਿਸੇ ਵਿਸ਼ੇ ਜਿਵੇਂ ਮੇਰੀ ਕਿਤਾਬ, ਸਾਡਾ ਪਿੰਡ/ਸ਼ਹਿਰ, ਕਿਸੇ ਪਸ਼ੂ, ਡਾਕੀਆ, ਦਿਵਾਲੀ, ਦੁਸਹਿਰਾ, ਕਿਸੇ ਰੁੱਤ ਆਦਿ ਵਿਸ਼ੇ ਤ਼ਤੇ ਲੇਖ ਲਿਖ ਸਕੇ।
- ਵਿਦਿਆਰਥੀ ਬਿਨੈ-ਪੱਤਰ ਜਿਵੇਂ: ਜ਼ਰੂਰੀ ਕੰਮ ਲਈ ਛੁੱਟੀ ਦੀ ਅਰਜ਼ੀ, ਬਿਮਾਰੀ ਲਈ ਛੁੱਟੀ ਦੀ ਅਰਜ਼ੀ, ਵਿਆਹ'ਤੇ ਜਾਣ ਲਈ ਛੁੱਟੀ ਦੀ ਅਰਜ਼ੀ, ਪੱਖੇ ਠੀਕ
- ਵਿਦਿਆਰਥੀ ਪੂਰੀ ਦਿਲਚਸਪੀ ਅਤੇ ਲਗਨ ਨਾਲ਼ ਆਪਣੇ ਪੱਧਰ ਦੇ ਕਿਸੇ ਵੀ ਵਿਸ਼ੇ ਜਿਵੇਂ ਮੇਰੀ ਕਿਤਾਬ, ਸਾਡਾ ਪਿੰਡ, ਕਿਸੇ ਪਸ਼ੂ, ਡਾਕੀਆ, ਦਿਵਾਲੀ, ਦਸਹਿਰਾ, ਕਿਸੇ ਰੁੱਤ ਆਦਿ ਵਿਸ਼ੇ 'ਤੇ ਆਪਣੇ ਸ਼ਬਦਾਂ ਵਿੱਚ ਲੇਖ ਲਿਖਦਾ ਹੈ।
- ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਜਿਵੇਂ: ਜ਼ਰੂਰੀ ਕੰਮ ਲਈ ਛੁੱਟੀ ਦੀ ਅਰਜ਼ੀ, ਬਿਮਾਰੀ ਲਈ ਛੁੱਟੀ ਦੀ ਅਰਜ਼ੀ, ਵਿਆਹ 'ਤੇ ਜਾਣ ਲਈ ਛੁੱਟੀ ਦੀ ਅਰਜ਼ੀ, ਪੱਖੇ ਠੀਕ ਕਰਾਉਣ ਲਈ ਛੁੱਟੀ ਦੀ ਅਰਜ਼ੀ, ਜਮਾਤ ਵਿੱਚ ਸ਼ਰਾਰਤਾਂ ਰੋਕਣ ਸਬੰਧੀ ਅਰਜ਼ੀ, ਲਾਊਡ ਸਪੀਕਰ ਦੀ ਅਵਾਜ਼ ਘੱਟ ਕਰਾਉਣ ਲਈ ਅਰਜ਼ੀ, ਉੱਤੇ ਬਿਨੈ-ਪੱਤਰ ਅਤੇ ਸਧਾਰਨ ਚਿੱਠੀ-ਪੱਤਰ ਲਿਖ ਸਕਦਾ ਹੈ।
- ਵਿਦਿਆਰਥੀ ਪੰਜਾਬ ਦੀਆਂ ਪ੍ਰਮੁੱਖ ਸ਼ਖਸੀਅਤਾਂ ਜਿਵੇਂ ਮਾਤਾ ਗੁਜਰੀ ਜੀ, ਸ਼ਹੀਦ ਸੁਖਦੇਵ ਅਤੇ ਬਾਬਾ ਸੋਹਣ ਸਿੰਘ ਭਕਨਾ ਆਦਿ ਤੋਂ ਪ੍ਰਭਾਵਿਤ ਹੋ ਕੇ ਇੱਕ ਚੰਗਾ ਇਨਸਾਨ ਬਣਨ ਲਈ ਯਤਨ ਕਰਦਾ ਹੈ ਅਤੇ ਉਸ ਅੰਦਰ ਦੇਸ਼ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ।
- ਵਿਦਿਆਰਥੀ ਕਵਿਤਾਵਾਂ ਨੂੰ ਗਾਉਂਦਾ ਹੈ ਜਿਸ ਨਾਲ਼ ਉਹ ਸੁਰ, ਤਾਲ ਅਤੇ ਲੈਅ ਦੇ ਮਹੱਤਵ ਨੂੰ ਸਮਝਦਾ ਹੈ। ਉਸ ਅੰਦਰ ਹੋਰ ਕਵਿਤਾਵਾਂ ਪੜ੍ਹਨ ਅਤੇ ਖੁਦ ਕਵਿਤਵਾਂ ਰਚਨ ਲਈ ਉਤਸ਼ਾਹ ਪੈਦਾ ਹੁੰਦਾ ਹੈ।
- ਵਿਦਿਆਰਥੀ ਤਿਉਹਾਰਾਂ ਦੇ ਮਹੱਤਵ ਨੂੰ ਜਾਣਦਾ ਹੈ ਅਤੇ ਉਸ ਅੰਦਰ ਹੋਰ ਤਿਉਹਾਰਾਂ ਅਤੇ ਮੇਲਿਆਂ ਬਾਰੇ ਜਾਨਣ ਦੀ ਤਾਂਘ ਪੈਦਾ ਹੁੰਦੀ ਹੈ।
- ਵਿਦਿਆਰਥੀ ਨੂੰ ਮਿਹਨਤ ਦੇ ਮੁੱਲ ਦਾ ਅਹਿਸਾਸ ਹੁੰਦਾ ਹੈ, ਉਹ ਇਮਾਨਦਾਰੀ ਅਤੇ ਲਗਨ ਨਾਲ਼ ਸਫਲਤਾ ਪ੍ਰਾਪਤੀ ਲਈ ਯਤਨ ਕਰਦਾ ਹੈ।
- ਵਿਦਿਆਰਥੀ ਅੰਦਰ ਪੰਛੀਆਂ, ਰੁੱਖਾਂ, ਜਾਨਵਰਾਂ ਆਦਿ ਪ੍ਰਤੀ ਮੋਹ ਪੈਦਾ ਹੁੰਦਾ ਹੈ ਉਹ ਇਹਨਾਂ ਦੀ ਹੋਂਦ ਦੇ ਮਹੱਤਵ ਤੋਂ ਜਾਣੂੰ ਹੁੰਦਾ ਹੋਇਆ ਵਾਤਾਵਰਨ ਅਤੇ ਪਾਣੀ ਨੂੰ ਬਚਾਉਣ





ਕਰਾਉਣ ਲਈ ਛੁੱਟੀ ਦੀ ਅਰਜ਼ੀ, ਜਮਾਤ ਵਿੱਚ ਸ਼ਰਾਰਤਾਂ ਰੋਕਣ ਸਬੰਧੀ ਅਰਜ਼ੀ, ਲਾਊਡਸਪੀਕਰ ਦੀ ਅਵਾਜ਼ ਘੱਟ ਕਰਾਉਣ ਲਈ ਅਰਜ਼ੀ, ਉੱਤੇ ਬਿਨੈ-ਪੱਤਰ ਅਤੇ ਸਧਾਰਨ ਚਿੱਠੀ-ਪੱਤਰ ਲਿਖ ਸਕੇ।

- ਇਸ ਦੇ ਨਾਲ਼ ਹੀ ਲਿੰਗ, ਵਚਨ, ਸ਼ਬਦ-ਜੋੜ, ਵਿਸ਼ਰਾਮ-ਚਿੰਨ੍ਹ, ਮੁਹਾਵਰੇ ਆਦਿ ਦੀ ਵਰਤੋਂ ਦਾ ਅਭਿਆਸ ਕਰਾਇਆ ਜਾਵੇ ਤਾਂ ਜੋ ਵਿਦਿਆਰਥੀ ਦੀ ਭਾਸ਼ਾਈ ਸਮਰਥਾ ਵਿੱਚ ਵਾਧਾ ਹੋਵੇ।
- ਵਿਦਿਆਰਥੀ ਨੂੰ ਉਸਦੇ ਮਾਨਸਿਕ ਪੱਧਰ ਅਨੁਸਾਰ ਅਜਿਹਾ ਅਭਿਆਸ ਕਰਇਆ ਜਾਵੇ ਕਿ ਉਸਦੇ ਸ਼ਬਦ ਭੰਡਾਰ ਵਿੱਚ ਵਾਧਾ ਹੋ ਸਕੇ।
- ਵਿਦਿਆਰਥੀ ਦੀਆਂ ਸਿਰਜਨਾਤਮਿਕ ਰੁਚੀਆਂ ਨੂੰ ਉਭਾਰਨ ਲਈ ਬਾਲ-ਸਾਹਿਤ ਨਾਲ਼ ਜੋੜਿਆ ਜਾਵੇ ਅਤੇ ਉਸ ਅੰਦਰਲੀ ਸਿਰਜਨਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਮੌਕੇ ਸਿਰਜੇ ਜਾਣ।

ਲਈ ਪ੍ਰੇਰਿਤ ਹੁੰਦਾ ਹੈ ਅਤੇ ਇੰਨ੍ਹਾਂ ਦੀ ਸੰਭਾਲ ਲਈ ਉਪਰਾਲੇ ਕਰਦਾ ਹੈ।

- ਵਿਦਿਆਰਥੀ ਵਿਹਾਰਕ ਵਿਆਕਰਨ ਦੇ ਬਹੁਤ ਸਾਰੇ ਭੇਦਾਂ ਨੂੰ ਪਛਾਣਦਾ ਹੈ ਅਤੇ ਲਿੰਗ, ਵਚਨ, ਸਮਾਨ-ਆਰਥਕ ਸ਼ਬਦ ਵਿਰੋਧੀ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਆਦਿ ਲਿਖ ਸਕਦਾ ਹੈ।

# ਜਮਾਤ-ਪੰਜਵੀਂ

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਵਿਭਿੰਨ ਕਿਰਿਆਵਾਂ ਰਾਹੀਂ ਅਜਿਹੇ ਮੌਕੇ ਪੈਦਾ ਕੀਤੇ ਜਾਣ ਕਿ ਵਿਦਿਆਰਥੀ ਸਹੀ ਉਚਾਰਨ, ਦਬਾਅ, ਤਾਨ ਅਤੇ ਵਿਸ਼ਰਾਮ-ਚਿੰਨ੍ਹਾਂ ਪ੍ਰਤੀ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਅਤੇ ਪ੍ਰਭਾਵਸ਼ਾਲੀ ਢੰਗ ਨਾ.ਲ ਬੋਲ ਕੇ ਪੜ੍ਹ ਸਕੇ ਅਤੇ ਲੋੜੀਂਦੀ ਗਤੀ ਨਾ.ਲ ਪੂਰੀ ਤਰਾਂ ਸਮਝਦਿਆਂ ਹੋਇਆਂ ਚੁੱਪ ਚਾਪ ਮੂੰਹ ਵਿੱਚ ਹੀ ਪੜ੍ਹ ਸਕੇ।**

- ਵਿਦਿਆਰਥੀ ਲਈ ਅਖ਼ਬਾਰ, ਬਾਲ-ਸਾਹਿਤ ਆਦਿ ਮੁਹੱਈਆ ਕਰਾਇਆ ਜਾਵੇ, ਜਿਸ ਵਿੱਚੋਂ ਉਹ ਆਪਣੇ ਮਨ-ਪ੍ਰਚਾਵੇ ਲਈ ਚੋਣਵੀਆਂ ਰਚਨਾਵਾਂ ਪੜ੍ਹ ਸਕੇ।
- ਜਮਾਤ ਵਿੱਚ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਵਿਦਿਆਰਥੀ ਪਾਠ-ਸਮੱਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁਕਵੀਂ ਸਮੱਗਰੀ ਦੀ ਚੋਣ ਕਰ ਸਕੇ। ਉਸ ਨੂੰ ਸ਼ਬਦ-ਕੋਸ਼ ਦੀ ਮਹੱਤਤਾ ਤੋਂ ਜਾਣੂ ਕਰਾਇਆ ਜਾਵੇ ਅਤੇ ਉਸਨੂੰ ਵਰਤਣਾ ਕਰਨਾ ਵੀ ਸਿਖਾਇਆ ਜਾਵੇ।
- ਵਿਦਿਆਰਥੀਆਂ ਨੂੰ ਰੌਚਕ ਵਿਧੀਆਂ ਅਤੇ ਸਰਲ ਕਿਰਿਆਵਾਂ ਜਿਵੇਂ:- ਪੂਰੇ ਹਾਵ-ਭਾਵ ਨਾ.ਲ ਕਹਾਣੀ ਸੁਣਾਉਣਾ ਆਦਿ ਰਾਹੀਂ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸੁਣ ਕੇ ਸਮਝ ਸਕੇ।
- ਅਜਿਹੀਆਂ ਕਿਰਿਆਵਾਂ ਕਰਵਾਈਆਂ ਜਾਣ ਕਿ ਵਿਦਿਆਰਥੀ ਜਮਾਤ ਜਾਂ ਸਕੂਲ-ਸਭਾ ਵਿੱਚ ਸੁਣਾਏ ਗਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਅਦਿ ਨੂੰ ਸੁਣ ਕੇ ਸਮਝ ਸਕੇ। ਕਿਸੇ ਦਾ ਬੋਲਿਆ ਹੋਇਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝ ਸਕੇ ਅਤੇ ਟੈਲੀਵਿਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਪ੍ਰੋਗਰਾਮ ਆਦਿ ਨੂੰ ਸਮਝ ਸਕੇ।

## ਸਿੱਖਣ ਦੇ ਪਰਿਣਾਮ

**ਵਿਦਿਆਰਥੀ ਸਹੀ ਉਚਾਰਣ, ਦਬਾਅ, ਤਾਨ ਅਤੇ ਵਿਸ਼ਰਾਮ-ਚਿੰਨ੍ਹਾਂ ਪ੍ਰਤੀ ਪੂਰੀ ਸਾਵਧਾਨੀ ਵਰਤਦਿਆਂ ਹੋਇਆਂ ਗਤੀ ਅਤੇ ਪ੍ਰਭਾਵਸ਼ਾਲੀ ਢੰਗ ਨਾ.ਲ ਬੋਲ ਕੇ ਪੜ੍ਹਦਾ ਹੈ ਅਤੇ ਲੋੜੀਂਦੀ ਗਤੀ ਨਾ.ਲ ਪੂਰੀ ਤਰਾਂ ਸਮਝਦਿਆਂ ਹੋਇਆਂ ਚੁੱਪ ਚਾਪ (ਮੂੰਹ ਵਿੱਚ ਹੀ) ਵੀ ਪੜ੍ਹਦਾ ਹੈ।**

- ਵਿਦਿਆਰਥੀ ਅਖ਼ਬਾਰ, ਬਾਲ-ਸਾਹਿਤ ਆਦਿ ਵਿੱਚੋਂ ਉਹ ਆਪਣੇ ਮਨ-ਪ੍ਰਚਾਵੇ ਲਈ ਚੋਣਵੀਆਂ ਰਚਨਾਵਾਂ ਪੜ੍ਹਦਾ ਹੈ।
- ਵਿਦਿਆਰਥੀ ਪਾਠ-ਸਮੱਗਰੀ ਵਿੱਚੋਂ ਲੋੜ ਅਨੁਸਾਰ ਆਪਣੀ ਪਸੰਦ ਦੀ ਢੁੱਕਵੀਂ ਸਮੱਗਰੀ ਦੀ ਚੋਣ ਕਰਦਾ ਹੈ। ਉਹ ਸ਼ਬਦ-ਕੋਸ਼ ਦੀ ਮਹੱਤਤਾ ਤੋਂ ਜਾਣੂ ਹੈ ਅਤੇ ਉਸਨੂੰ ਵਰਤਦਾ ਹੈ
- ਵਿਦਿਆਰਥੀ ਅਧਿਆਪਕ ਅਤੇ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸੁਣ ਕੇ ਸਮਝਦਾ ਹੈ।
- ਵਿਦਿਆਰਥੀ ਜਮਾਤ ਜਾਂ ਸਕੂਲ ਸਭਾ ਵਿੱਚ ਸੁਣਾਏ ਗਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਅਦਿ ਨੂੰ ਸੁਣ ਕੇ ਸਮਝਦਾ ਹੈ। ਕਿਸੇ ਦਾ ਬੋਲਿਆ ਹੋਇਆ ਸੁਣ ਕੇ ਉਸ ਵਿੱਚ ਪ੍ਰਗਟਾਏ ਭਾਵਾਂ ਨੂੰ ਸਮਝਦਾ ਹੈ ਅਤੇ ਟੈਲੀਵਿਜ਼ਨ ਅਤੇ ਰੇਡੀਓ ਤੋਂ ਪ੍ਰਸਾਰਿਤ ਬੱਚਿਆਂ ਦੇ ਪ੍ਰੋਗਰਾਮ ਆਦਿ ਨੂੰ ਸਮਝਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਨ ਉਪਰੰਤ ਉਸ ਸਮੱਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕਦਾ ਹੈ ਅਤੇ ਪੜ੍ਹੀ ਹੋਈ ਸਮੱਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਦੇ ਪਾਠ, ਕਿਸੇ ਇਸ਼ਤਿਹਾਰ, ਨੋਟਿਸ ਅਤੇ ਮਾੱਟੋ ਆਦਿ ਨੂੰ ਪੜ੍ਹ ਕੇ ਉਸਦੇ ਭਾਵ ਨੂੰ ਗ੍ਰਹਿਣ ਕਰਦਾ ਹੈ।





- ਜਮਾਤ ਵਿੱਚ ਸਰਲ ਕਿਰਿਆਵਾਂ ਅਤੇ ਉਚਿਤ ਅਭਿਆਸ ਨਾ.ਲ ਪਾਠ-ਪੁਸਤਕ ਅਤੇ ਬਾਲ-ਸਾਹਿਤ ਪੜ੍ਹਣ ਉਪਰੰਤ ਉਸ ਸਮੱਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕੇ ਅਤੇ ਅਜਿਹੀਆਂ ਕਿਰਿਆਵਾਂ ਵੀ ਕਰਵਾਈਆਂ ਜਾਣ ਜਿਨ੍ਹਾਂ ਵਿੱਚ ਵਿਦਿਆਰਥੀ ਪੜ੍ਹੀ ਹੋਈ ਸਮੱਗਰੀ ਬਾਰੇ ਕੋਈ ਪ੍ਰਸ਼ਨ ਪੁੱਛ ਸਕੇ।
- ਵਿਦਿਆਰਥੀ ਪਾਠ-ਪੁਸਤਕ ਦੇ ਪਾਠ, ਕਿਸੇ ਇਸ਼ਤਿਹਾਰ, ਨੋਟਿਸ ਅਤੇ ਮਾੱਟੋ ਆਦਿ ਨੂੰ ਪੜ੍ਹ ਕੇ ਉਸਦੇ ਭਾਵ ਨੂੰ ਗ੍ਰਹਿਣ ਕਰ ਸਕੇ, ਇਸ ਮਕਸਦ ਲਈ ਭਿੰਨ-ਭਿੰਨ ਵੰਨਗੀਆਂ ਦੀ ਪੜ੍ਹਨ ਸਮੱਗਰੀ ਅਤੇ ਮੌਕੇ ਵਿਦਿਆਰਥੀਆਂ ਨੂੰ ਦਿੱਤੇ ਜਾਣ।
- ਜਮਾਤ ਵਿੱਚ ਅਜਿਹੀਆਂ ਕਿਰਿਆਵਾਂ ਦੀ ਰਚਨਾ ਕੀਤੀ ਜਾਵੇ ਜਿੰਨ੍ਹਾਂ ਰਾਹੀਂ ਵਿਸ਼ਰਾਮ-ਚਿਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।
- ਜਮਾਤ ਅਤੇ ਸਕੂਲ-ਸਭਾ ਵਿੱਚ ਅਜਿਹੇ ਮੌਕੇ ਪੈਦਾ ਕੀਤੇ ਜਾਣ ਜਿੰਨ੍ਹਾਂ ਨਾ.ਲ ਵਿਦਿਆਰਥੀ ਦਾ ਆਦਰ-ਭਾਵ ਅਤੇ ਠਰ੍ਹੰਮੇ ਨਾ.ਲ ਬੋਲਣ ਦਾ ਅਭਿਆਸ ਹੋਵੇ। ਉਹ ਗੱਲਬਾਤ ਵਿੱਚ ਹਿੱਸਾ ਲੈ ਸਕੇ ਅਤੇ ਉਸ ਨੂੰ ਨਾਟਕੀ ਰੂਪ ਦੇ ਸਕੇ।
- ਵਿਦਿਆਰਥੀ ਨੂੰ ਸਹੀ ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾ.ਲ ਪ੍ਰਮਾਣਿਕ ਪੰਜਾਬੀ ਬੋਲਣ ਅਤੇ ਪੜ੍ਹੀ ਜਾਂ ਸੁਣੀ ਗਈ ਸਮੱਗਰੀ ਵਿੱਚੋਂ ਉੱਤਰ ਦੇ ਸਕਣ ਦਾ ਅਭਿਆਸ ਕਰਾਉਣ ਲਈ ਵੱਖ-ਵੱਖ ਕਿਰਿਆਵਾਂ ਕਰਵਾਈਆਂ ਜਾਣ ਤਾਂ ਜੋ ਵਿਦਿਆਰਥੀ ਦੇ ਜ਼ਹਿਨ ਵਿੱਚ ਇਹਨਾਂ ਦੇ ਮਹੱਤਵ ਦੀ ਸਮਝ ਪਕੇਰੀ ਹੋ ਸਕੇ।
- ਵਿਦਿਆਰਥੀ ਨੂੰ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸੁਣ ਕੇ ਲਿਖਣ ਦਾ ਅਭਿਆਸ ਕਰਾਇਆ ਜਾਵੇ ਤਾਂ ਜੋ ਉਹ ਲੋੜੀਂਦੀ ਗਤੀ ਨਾ.ਲ ਲਿਖਣ ਦੇ ਯੋਗ ਹੋ ਸਕੇ। ਉਹ ਪਾਠ-ਪੁਸਤਕ ਵਿੱਚਲੇ ਪਾਠਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਉੱਤਰ ਆਪਣੀਆਂ ਕਾਪੀਆਂ ਅਤੇ ਬਲੈਕ-ਬੋਰਡ ਉੱਤੇ ਲਿਖ ਸਕੇ

- ਵਿਦਿਆਰਥੀ ਵਿਸ਼ਰਾਮ-ਚਿਨ੍ਹਾਂ ਨੂੰ ਸਮਝਦੇ ਹੋਏ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕਦਾ ਹੈ।
- ਵਿਦਿਆਰਥੀਆਂ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਲਿੰਗ, ਵਚਨ ਆਦਿ ਵਿਆਕਰਨਿਕ ਭੇਦਾਂ ਵਿੱਚਲੇ ਨਿਖੇੜ ਨੂੰ ਸਮਝ ਸਕਦਾ ਹੈ।
- ਵਿਦਿਆਰਥੀ ਆਦਰ-ਭਾਵ ਅਤੇ ਠਰ੍ਹੰਮੇ ਨਾ.ਲ ਬੋਲਦਾ ਹੈ। ਉਹ ਗੱਲਬਾਤ ਵਿੱਚ ਹਿੱਸਾ ਲੈਂਦਾ ਹੈ ਅਤੇ ਉਸ ਨੂੰ ਨਾਟਕੀ ਰੂਪ ਦੇ ਸਕਦਾ ਹੈ।
- ਵਿਦਿਆਰਥੀ ਸਹੀ-ਉਚਾਰਨ, ਦਬਾਅ, ਤਾਨ, ਗਤੀ ਅਤੇ ਸੌਖ ਨਾ.ਲ ਪ੍ਰਮਾਣਿਕ-ਪੰਜਾਬੀ ਬੋਲਦਾ ਹੈ ਅਤੇ ਪੜ੍ਹੀ ਜਾਂ ਸੁਣੀ ਗਈ ਸਮੱਗਰੀ ਵਿੱਚੋਂ ਉੱਤਰ ਦੇ ਸਕਦਾ ਹੈ।
- ਵਿਦਿਆਰਥੀ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸੁਣ ਕੇ ਲੋੜੀਂਦੀ ਗਤੀ ਨਾ.ਲ ਲਿਖਣ ਦੇ ਯੋਗ ਹੁੰਦਾ ਹੈ। ਉਹ ਪਾਠ-ਪੁਸਤਕ ਵਿੱਚਲੇ ਪਾਠਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਉੱਤਰ ਆਪਣੀਆਂ ਕਾਪੀਆਂ ਅਤੇ ਬਲੈਕ-ਬੋਰਡ ਉੱਤੇ ਵੀ ਲਿਖ ਸਕਦਾ ਹੈ ਅਤੇ ਦਿੱਤੀ ਸਮੱਗਰੀ ਨੂੰ ਲੋੜੀਂਦੀ ਤਰਤੀਬ ਵਿੱਚ ਵੀ ਲਿਖਦਾ ਹੈ।
- ਵਿਦਿਆਰਥੀ ਲਿਖਣ ਵੇਲੇ ਪੂਰਨ ਵਿਸ਼ਰਾਮ-ਚਿੰਨ੍ਹ, ਪ੍ਰਸ਼ਨਵਾਚਕ ਚਿੰਨ੍ਹ, ਵਿਸਮਿਕ ਚਿੰਨ੍ਹ, ਅਦਿ ਦੀ ਢੁੱਕਵੀਂ ਵਰਤੋਂ ਕਰਦਾ ਹੈ।
- ਵਿਦਿਆਰਥੀ ਪਿਕਨਿਕ, ਮੇਲਾ, ਤਿਉਹਾਰ, ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਪੈਰੇ ਜਾਂ ਲੇਖ ਲਿਖਦਾ ਹੈ।
- ਵਿਦਿਆਰਥੀ ਵੱਖ-ਵੱਖ ਵਿਸ਼ਿਆਂ ਜਿਵੇਂ: ਜ਼ਰੂਰੀ ਕੰਮ ਲਈ ਛੁੱਟੀ ਦੀ ਅਰਜ਼ੀ, ਬਿਮਾਰੀ ਲਈ ਛੁੱਟੀ ਦੀ ਅਰਜ਼ੀ, ਵਿਆਹ 'ਤੇ ਜਾਣ ਲਈ ਛੁੱਟੀ ਦੀ ਅਰਜ਼ੀ, ਪੱਖੇ ਠੀਕ ਕਰਾਉਣ ਲਈ ਛੁੱਟੀ ਦੀ ਅਰਜ਼ੀ, ਜਮਾਤ ਵਿੱਚ ਸ਼ਰਾਰਤਾਂ ਰੋਕਣ ਸਬੰਧੀ ਅਰਜ਼ੀ, ਲਾਊਡ ਸਪੀਕਰ ਦੀ ਅਵਾਜ਼ ਘੱਟ ਕਰਾਉਣ ਲਈ ਅਰਜ਼ੀ, ਉੱਤੇ ਬਿਨੈ-ਪੱਤਰ ਅਤੇ ਸਧਾਰਨ ਚਿੱਠੀ-ਪੱਤਰ ਲਿਖ ਸਕਦਾ ਹੈ।
- ਵਿਦਿਆਰਥੀ ਰਚਨਾਤਮਕ ਅਭਿਆਸ ਲਈ

ਅਤੇ ਦਿੱਤੀ ਸਮੱਗਰੀ ਨੂੰ ਲੋੜੀਂਦੀ ਤਰਤੀਬ ਵਿੱਚ ਵੀ ਲਿਖ ਸਕੇ।

- ਵਿਦਿਆਰਥੀ ਨੂੰ ਅਭਿਆਸ ਦੇ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਲਿਖਣ ਵੇਲੇ ਪੂਰਨ ਵਿਸ਼ਰਾਮ-ਚਿੰਨ੍ਹ, ਪ੍ਰਸ਼ਨਵਾਚਕ ਚਿੰਨ੍ਹ, ਵਿਸਮਿਕ ਚਿੰਨ੍ਹ, ਜੋੜਨੀ ਅਦਿ ਦੀ ਢੁੱਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ।
- ਵਿਦਿਆਰਥੀ ਨੂੰ ਲਿਖਤ-ਰਚਨਾਂ ਮੁਕਾਬਲਿਆਂ ਅਤੇ ਪ੍ਰੇਰਣਾ ਆਦਿ ਰਾਹੀਂ ਅਜਿਹੇ ਮੌਕੇ ਦਿੱਤੇ ਜਾਣ ਕਿ ਉਹ ਪਿਕਨਿਕ, ਮੇਲਾ, ਤਿਉਹਾਰ, ਰੁੱਤ ਆਦਿ ਅਤੇ ਹੋਰ ਜਾਣੇ-ਪਛਾਣੇ ਵਿਸ਼ਿਆਂ ਉੱਤੇ ਪੈਰੇ ਜਾਂ ਲੇਖ ਲਿਖ ਸਕੇ।
- ਵਿਦਿਆਰਥੀ ਰਚਨਾਤਮਕ ਅਭਿਆਸ ਲਈ ਸਰਲ-ਭਾਂਤ ਦੀ ਤੁਕਬੰਦੀ, ਦਿੱਤੇ ਗਏ ਸੰਕੇਤਾਂ ਦੇ ਅਧਾਰ 'ਤੇ ਕਹਾਣੀ ਵਾਰਤਾਲਾਪ, ਲੇਖ ਆਦਿ ਲਿਖ ਸਕੇ।
- ਉਹ ਦਿੱਤੇ ਗਏ ਸ਼ਬਦਾਂ ਦੇ ਲਿੰਗ, ਵਚਨ, ਵਿਰੋਧਾਰਥਕ ਜਾਂ ਸਮਾਨਾਰਥਕ ਸ਼ਬਦ, ਗਲਤ ਜੋੜਾਂ ਵਾਲ਼ੇ ਸ਼ਬਦਾਂ ਦਾ ਸ਼ੁੱਧ ਰੂਪ ਲਿਖ ਸਕੇ।
- ਵਿਦਿਆਰਥੀਆਂ ਨੂੰ ਬਜ਼ੁਰਗਾਂ ਨਾਲ ਗੱਲਬਾਤ ਲਈ ਪ੍ਰੇਰਦੇ ਹੋਏ ਉਹਨਾਂ ਨੂੰ ਬਜ਼ੁਰਗਾਂ ਪਾਸੋਂ ਮੁਹਾਵਰੇ ਤੇ ਅਖਾਣਾਂ ਬਾਰੇ ਜਾਣਨ ਲਈ ਕਿਹਾ ਜਾਵੇ।

ਸਰਲ-ਭਾਂਤ ਦੀ ਤੁਕਬੰਦੀ, ਦਿੱਤੇ ਗਏ ਸੰਕੇਤਾਂ ਦੇ ਅਧਾਰ 'ਤੇ ਕਹਾਣੀ ਵਾਰਤਾਲਾਪ, ਲੇਖ ਆਦਿ ਲਿਖ ਸਕੇ।

- ਵਿਦਿਆਰਥੀ ਨਿਯਤ ਪਾਠ-ਪੁਸਤਕ ਵਿੱਚ ਸ਼ਾਮਲ ਕਵਿਤਾਵਾਂ ਵਿੱਚੋਂ ਕੋਈ ਤਿੰਨ ਕਵਿਤਾਵਾਂ ਦੇ ਨਾਂ ਦੇ ਕੇ ਕਿਸੇ ਇੱਕ ਕਵਿਤਾ ਦੀਆਂ ਚਾਰ ਸਤਰਾਂ ਲਿਖਣ ਲਈ ਕਹੇ ਜਾਣ 'ਤੇ ਲਿਖ ਸਕਦਾ ਹੈ, ਕਵਿਤਾ ਦੀਆਂ ਅਧੂਰੀਆਂ ਸਤਰਾਂ ਪੂਰੀਆਂ ਕਰ ਸਕਦਾ ਹੈ ਅਤੇ ਦਿੱਤੀ ਗਈ ਸਤਰ ਨਾਲ਼ ਮੇਲਵੀਂ ਸਤਰ ਲਿਖ ਸਕਦਾ ਹੈ।
- ਉਹ ਦਿੱਤੇ ਗਏ ਸ਼ਬਦਾਂ ਦੇ ਲਿੰਗ, ਵਚਨ, ਵਿਰੋਧਾਰਥਕ ਜਾਂ ਸਮਾਨਾਰਥਕ ਸ਼ਬਦ, ਗਲਤ ਜੋੜਾਂ ਵਾਲ਼ੇ ਸ਼ਬਦਾਂ ਦਾ ਸ਼ੁੱਧ ਰੂਪ ਲਿਖਦਾ ਹੈ।
- ਵਿਦਿਆਰਥੀ ਪੰਜਾਬ ਦੀਆਂ ਮਹਾਨ ਸ਼ਖ਼ਸੀਅਤਾਂ ਜਿਵੇਂ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਮਾਤਾ ਗੁਜਰੀ ਜੀ, ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ, ਮਹਾਂਰਾਜਾ ਰਣਜੀਤ ਸਿੰਘ ਅਤੇ ਪੁਲਾੜ ਯਾਤਰੀ ਬਾਰੇ ਪੜ੍ਹਦਾ ਹੈ ਅਤੇ ਉਹਨਾਂ ਦੇ ਪਦ-ਚਿੰਨ੍ਹਾਂ 'ਤੇ ਚੱਲਕੇ ਜ਼ਿੰਦਗੀ ਵਿੱਚ ਪ੍ਰਗਤੀ ਲਈ ਯਤਨ ਕਰਦਾ ਹੈ।
- ਵਿਦਿਆਰਥੀ ਕਵਿਤਾਵਾਂ ਨੂੰ ਗਾਉਂਦਾ ਹੈ ਜਿਸ ਨਾਲ਼ ਉਸ ਦੇ ਮਨ ਵਿੱਚ ਸੁਰ, ਤਾਲ ਅਤੇ ਲੈਅ ਪ੍ਰਤੀ ਆਕਰਸ਼ਨ ਪੈਦਾ ਹੁੰਦਾ ਹੈ ਉਸਦੀ ਸੰਗੀਤਕ ਸਮਝ ਦਾ ਵਿਕਾਸ ਹੁੰਦਾ ਹੈ।
- ਰੌਚਕ ਕਹਾਣੀਆਂ, ਕਵਿਤਾਵਾਂ, ਅਤੇ ਲੇਖ ਪੜ੍ਹ ਕੇ ਵਿਦਿਆਰਥੀ ਦੇ ਮਨ ਵਿੱਚ ਖੁਦ ਵੀ ਸਾਹਿਤ ਸਿਰਜਣ ਦਾ ਜਜ਼ਬਾ ਪੈਦਾ ਹੁੰਦਾ ਹੈ।
- ਵਿਦਿਆਰਥੀ ਦੇ ਸ਼ਬਦ ਭੰਡਾਰ ਵਿੱਚ ਵਾਧਾ ਹੁੰਦਾ ਹੈ, ਮੁਹਾਵਰਿਆਂ ਦੇ ਮਹੱਤਵ ਤੋਂ ਜਾਣੂੰ ਹੁੰਦਿਆਂ ਵਿਦਿਆਰਥੀ ਦੀ ਭਾਸ਼ਾਈ ਸਮਰੱਥਾ ਵਿੱਚ ਨਿਖਾਰ ਆਉਂਦਾ ਹੈ।





# ਪੰਜਾਬੀ ਭਾਸ਼ਾ
# ਅੱਪਰ-ਪ੍ਰਾਇਮਰੀ ਪੱਧਰ 'ਤੇ ਪੰਜਾਬੀ ਭਾਸ਼ਾ ਸਿੱਖਣ ਦੇ ਪਰਿਣਾਮ

ਜਾਣ-ਪਛਾਣ

ਪੰਜਾਬੀ ਪੰਜਾਬੀਆਂ ਦੀ ਮਾਤ-ਭਾਸ਼ਾ ਹੈ ਜਿਸ ਕਰਕੇ ਪ੍ਰਾਇਮਰੀ ਪੱਧਰ 'ਤੇ ਹੀ ਵਿਦਿਆਰਥੀ ਇਸ ਨਾਲ ਮੋਹ ਭਰੀ ਗੂੜੀ ਸਾਂਝ ਪਾ ਲੈਂਦੇ ਹਨ। ਇਸਦੇ ਸਿੱਟੇ ਵਜੋਂ ਵਿਦਿਆਰਥੀ ਜਲਦੀ ਹੀ ਪੰਜਾਬੀ ਭਾਸ਼ਾ ਬੋਲਣੀ ਸਿੱਖ ਜਾਂਦੇ ਹਨ ਤੇ ਨਾਲ਼ ਹੀ ਪੜ੍ਹਨ-ਲਿਖਣ ਦੇ ਯੋਗ ਵੀ ਹੋ ਜਾਂਦੇ ਹਨ। ਅੱਪਰ ਪ੍ਰਾਇਮਰੀ ਪੱਧਰ ਤੇ ਵਿਦਿਆਰਥੀਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਆਪਣੀ ਮਾਤ-ਭਾਸ਼ਾ ਨਾਲ ਭਾਵੁਕ ਤੋਰ ਤੇ ਜੁੜਨ। ਕਵਿਤਾ, ਕਹਾਣੀ, ਲੇਖ, ਇਕਾਂਗੀ ਆਦਿ ਸਾਹਿਤ ਦੇ ਰੂਪ ਵਿਦਿਆਰਥੀ ਨੂੰ ਇਸ ਪਾਸੇ ਵੱਲ ਮੋੜਨ ਵਿਚ ਸਹਾਈ ਹੁੰਦੇ ਹਨ। ਜਿੱਥੇ ਵਿਦਿਆਰਥੀ ਪੰਜਾਬੀ ਸਾਹਿਤ ਦਾ ਰਸ ਮਾਣਦਾ ਹੈ ਉੱਥੇ ਨਾਲ਼-ਨਾਲ਼ ਨੈਤਿਕ ਕਦਰਾਂ-ਕੀਮਤਾਂ, ਪੰਜਾਬੀ ਜੀਵਨ-ਜਾਚ, ਇਤਿਹਾਸ, ਮਿਥਿਹਾਸ, ਸਮਾਜ, ਧਰਮ ਅਤੇ ਰਾਜਨੀਤੀ ਜਿਹੇ ਅਨੁਸ਼ਾਸ਼ਨਾਂ ਨਾਲ਼ ਮੁੱਢਲੇ ਤੌਰ ਤੇ ਸਾਂਝ ਪਾਉਂਦਾ ਹੈ। ਇਸ ਸਾਂਝ ਨਾਲ ਉਸਦੇ ਆਮ ਗਿਆਨ ਵਿਚ ਵੀ ਵਾਧਾ ਹੁੰਦਾ ਹੈ ਅਤੇ ਸ਼ਬਦ-ਭੰਡਾਰ ਵਿੱਚ ਵੀ ਵਾਧਾ ਹੁੰਦਾ ਹੈ। ਹੌਲੀ-ਹੌਲੀ ਵਿਦਿਆਰਥੀ ਨਵੀਆਂ ਕਿਤਾਬਾਂ, ਅਖ਼ਬਾਰ, ਰਸਾਲੇ ਆਦਿ ਪੜ੍ਹਨ ਵਿਚ ਦਿਲਚਸਪੀ ਲੈਣ ਲੱਗਦਾ ਹੈ। ਇਸ ਪੱਧਰ ਤੇ ਆ ਕੇ ਪੜ੍ਹਨ ਦਾ ਉਦੇਸ਼ ਅਤੇ ਤਰੀਕਾ ਬਦਲ ਜਾਂਦਾ ਹੈ। ਇਹ ਉਹ ਪੱਧਰ ਹੈ ਜਿੱਥੇ ਵਿਦਿਆਰਥੀ ਦਾ ਪੰਜਾਬੀ ਭਾਸ਼ਾ ਵਿੱਚੋਂ ਮੰਨੋਰੰਜਨ ਦੇ ਨਾਲ਼-ਨਾਲ਼ ਉਸਦਾ ਬੌਧਿਕ ਵਿਕਾਸ ਵੀ ਹੁੰਦਾ ਹੈ ਅਤੇ ਸੰਕਲਪਾਂ ਨੂੰ ਤਰਕ ਨਾਲ ਸਮਝਣ ਦੇ ਰਾਹ ਪੈਂਦਾ ਹੈ। ਵਿਦਿਆਰਥੀ ਵਿੱਚ ਸਿਰਜਨਾਤਮਿਕ ਪ੍ਰਵਿਰਤੀਆਂ ਸਮਾਵੇਸ਼ ਕਰਨ ਲੱਗਦੀਆਂ ਹਨ ਤੇ ਉਹ ਆਪਣੀ ਭਾਸ਼ਾ ਵਿਚ/ ਆਪਣੇ ਸ਼ਬਦਾਂ ਰਾਹੀਂ ਗੱਲ ਕਹਿਣ ਦੇ ਯੋਗ ਹੋ ਜਾਂਦਾ ਹੈ। ਸਿੱਟੇ ਵਜੋਂ ਉਸਦਾ ਪੜ੍ਹਨ ਦਾ ਤਰੀਕਾ ਬਦਲ ਜਾਂਦਾ ਹੈ, ਭਾਵ ਉਹ ਪਾਠ ਨੂੰ ਰੱਟੇ ਰਾਹੀਂ ਯਾਦ ਕਰਨ ਦੀ ਬਜਾਇ ਸਮਝ ਕੇ ਪੜ੍ਹਦਾ ਹੈ ਨਾਲ਼-ਨਾਲ਼ ਹੀ ਵਿਦਿਆਰਥੀ ਅਗਲੇ ਪੱਧਰ (ਵਿਆਖਿਆ ਅਤੇ ਵਿਸ਼ਲੇਸ਼ਣ) ਵੱਲ ਵੱਧਦਾ ਹੈ। ਉਹ ਭਾਸ਼ਾ, ਵਿਅਕਤੀ, ਰਚਨਾ, ਸਥਾਨ, ਵਸਤੂ ਜਾਂ ਸੰਕਲਪ ਦੀ ਵਿਆਖਿਆ/ਵਿਸ਼ਲੇਸ਼ਣ ਆਪਣੀ ਮਾਤ-ਭਾਸ਼ਾ ਵਿੱਚ ਸਪੱਸ਼ਟ ਤੌਰ ਤੇ ਪ੍ਰਗਟ ਕਰਨ ਦੇ ਯੋਗ ਹੋ ਜਾਂਦਾ ਹੈ। ਵਿਆਕਰਨਿਕ ਪੱਧਰ ਤੇ ਮੁੱਢਲੀਆਂ ਸ਼ਬਦ-ਸ਼੍ਰੈਣੀਆਂ ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ ਦਾ ਸਿਧਾਂਤਕ/ਵਿਹਾਰਕ ਗਿਆਨ ਉਸਦੀ ਪੰਜਾਬੀ ਭਾਸ਼ਾ ਤੇ ਪਕੜ ਮਜ਼ਬੂਤ ਕਰਦਾ ਹੈ। ਸਿੱਟੇ ਵਜੋਂ ਮੁੱਢਲੀਆਂ ਚਾਰ ਕੌਸ਼ਲਤਾਵਾਂ (ਬੋਲਣਾ,ਸੁਣਨਾ, ਪੜਨਾ, ਲਿਖਣਾ) ਵਿੱਚ ਨਿਪੁੰਨ ਹੋ ਜਾਂਦਾ ਹੈ। ਇਹਨਾਂ ਚਾਰ ਕੌਸ਼ਲਤਾਵਾਂ ਵਿੱਚ ਨਿਪੁੰਨਤਾ ਰਾਹੀਂ ਵਿਦਿਆਰਥੀ ਕਿਸੇ ਚੀਜ਼/ਵਸਤ ਜਾਂ ਵਰਤਾਰੇ ਬਾਰੇ ਆਪਣੀ ਟਿੱਪਣੀ ਦੇਣ ਦੇ ਯੋਗ ਹੋ ਜਾਂਦਾ ਹੈ ਅਤੇ ਉਹ ਪ੍ਰਸ਼ਨ ਪੁੱਛਦਾ ਹੈ। ਇਹਨਾਂ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਠਕ੍ਰਮ ਦੇ ਉਦੇਸ਼, ਸਿੱਖਣ-ਸਿਖਾਂਉਣ ਦੀ ਪ੍ਰਕਿਰਿਆ ਅਤੇ ਸਿੱਖਣ ਦੇ ਪਰਿਣਾਮਾਂ ਨੂੰ ਤੇ ਆਧਾਰਤ ਹੀ ਕੁਝ ਮਾਪਦੰਡ ਨਿਰਧਾਰਤ ਕੀਤੇ ਗਏ ਹਨ। ਇਹਨਾਂ ਸਾਰੇ ਮਾਪਦੰਡਾਂ ਵਿੱਚ ਜਿੱਥੇ ਆਪਸ ਵਿੱਚ ਗਹਿਰਾ ਸਬੰਧ ਹੈ ਉੱਥੇ ਤਿੰਨੇ ਜਮਾਤਾਂ (ਛੇਵੀਂ, ਸੱਤਵੀਂ ਅਤੇ ਅੱਠਵੀਂ) ਦੇ ਮਾਪਦੰਡਾਂ ਵਿਚਕਾਰ ਵੀ ਇਕਸਾਰਤਾ ਅਤੇ ਅਨੁਪਾਤਕ ਪਹੁੰਚ ਅਪਣਾਈ ਗਈ ਹੈ। ਪ੍ਰੰਤੂ ਇਹਨਾਂ ਉਦੇਸ਼ਾਂ ਦੀ ਪੂਰਤੀ ਲਈ ਜਿੱਥੇ ਮਾਪਦੰਡ ਨਿਰਧਾਰਤ ਕੀਤੇ ਗਏ ਹਨ ਉੱਥੇ ਯੋਗ ਪ੍ਰਕਿਰਿਆਵਾਂ ਦੀ ਵੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਇਸ ਲਈ ਚੰਗੇ ਪਰਿਣਾਮਾਂ ਲਈ ਇਹਨਾਂ ਪ੍ਰਕਿਰਿਆਵਾਂ ਦਾ ਪਾਲਣ ਜ਼ਰੂਰੀ ਹੈ।

## ਪਾਠਕ੍ਰਮ ਦੇ ਉਦੇਸ਼

ਪਾਠਕ੍ਰਮ ਦੇ ਉਦੇਸ਼ ਪੂਰੇ ਪੰਜਾਬ ਦੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਨਿਰਧਾਰਤ ਕੀਤੇ ਗਏ ਹਨ :

- ਸਮਾਜਿਕ ਜੀਵਨ ਵਿੱਚ ਗੱਲਬਾਤ ਕਰਨ ਦੇ ਯੋਗ ਹੋ ਸਕਣ।
- ਦੂਜਿਆਂ ਦੀ ਗੱਲ ਨੂੰ ਸਹੀ ਪਰਿਪੇਖ ਵਿੱਚ ਸਮਝ ਸਕਣ, ਜਵਾਬ ਦੇ ਸਕਣ ਜਾਂ ਟਿੱਪਣੀ ਕਰ ਸਕਣ।
- ਵੱਖ-ਵੱਖ ਰਚਨਾਵਾਂ ਨੂੰ ਜਾਨਣਾ, ਸਮਝਣਾ ਅਤੇ ਉਹਨਾਂ ਦੀ ਵਿਆਖਿਆ ਕਰ ਸਕਣਾ।

- ਸਾਹਿਤ ਦੇ ਵੱਖ-ਵੱਖ ਰੂਪਾਂ (ਕਵਿਤਾ, ਕਹਾਣੀ, ਲੇਖ, ਇਕਾਂਗੀ) ਬਾਰੇ ਸਮਝ ਪੈਦਾ ਹੋਣੀ ਅਤੇ ਇਹਨਾਂ ਦਾ ਆਨੰਦ ਪ੍ਰਾਪਤ ਕਰਨ ਦੇ ਸਮਰੱਥ ਹੋਣਾ ।
- ਸਾਹਿਤ ਦੇ ਉਕਤ ਰੂਪਾਂ ਵਿੱਚ ਰੂਪਗਤ ਪੱਧਰ ਤੇ ਨਿਖੇੜਾ ਕਰਨ ਦੇ ਯੋਗ ਹੋਣਾ ।
- ਅਖ਼ਬਾਰਾਂ, ਰਸਾਲਿਆਂ ਦੀ ਗੱਲਾਂ-ਬਾਤਾਂ/ਖ਼ਬਰਾਂ ਨੂੰ ਪੜ੍ਹਨ ਤੇ ਸਮਝਣ ਦੇ ਯੋਗ ਹੋਣਾ ।
- ਟੈਲੀਵਿਜ਼ਨ ਤੇ ਖ਼ਬਰਾਂ/ ਪੰਜਾਬੀ ਸਭਿਆਚਾਰ ਨਾਲ ਜੁੜੇ ਪ੍ਰੋਗਰਾਮ/ ਗੀਤ-ਸੰਗੀਤ ਨੂੰ ਸਮਝਣ ਦੇ ਯੋਗ ਹੋਣਾ ।
- ਵੱਖ-ਵੱਖ ਸਮਾਜਿਕ, ਸਭਿਆਚਾਰਕ, ਇਤਿਹਾਸਕ, ਰਾਜਨੀਤਕ, ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਪ੍ਰਗਟ ਕਰ ਸਕਣ ਦੇ ਯੋਗ ਹੋਣਾ ।
- ਭਾਸ਼ਾ ਅਤੇ ਸਾਹਿਤ ਦੀ ਵੱਖ-ਵੱਖ ਸਿਰਜਨਾਤਮਿਕ ਪ੍ਰਵਿਰਤੀਆਂ ਬਾਰੇ ਇਕ ਸਮਝ ਪੈਦਾ ਕਰ ਸਕਣ ਦੇ ਯੋਗ ਹੋਣਾ ।
- ਭਾਸ਼ਾ ਦੀ ਸੂਖਮਤਾ (ਸੁਰ, ਲੈਅ, ਤਾਲ, ਉਤਰਾਅ-ਚੜਾਅ, ਰਵਾਨਗੀ) ਦੀ ਸਹੀ ਸਮਝ ਰਾਹੀਂ ਸ਼ੁੱਧ ਉਚਾਰਨ ਦੇ ਯੋਗ ਹੋਣਾ ।
- ਵੱਖ-ਵੱਖ ਸਥਿਤੀਆਂ ਵਿੱਚ ਭਾਸ਼ਾ ਦੀ ਵੱਖ-ਵੱਖ ਪ੍ਰਸੰਗਾਂ ਵਿੱਚ ਵਰਤੋਂ ਕਰ ਸਕਣ ਦੇ ਯੋਗ ਹੋਣਾ ।
- ਬਾਕੀ ਵਿਸ਼ਿਆਂ (ਗਣਿਤ, ਸਮਾਜਿਕ ਸਿੱਖਿਆ, ਵਿਗਿਆਨ) ਦੇ ਸੰਕਲਪਾਂ ਨੂੰ ਸਹੀ ਪਰਿਪੇਖ ਵਿੱਚ ਸਮਝ ਸਕਣ ਦੇ ਯੋਗ ਹੋਣਾ ।
- ਆਮ ਜੀਵਨ ਵਿੱਚ ਤਰਕ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਣਾ ਸਕਣ ਦੇ ਯੋਗ ਹੋਣਾ ।





# ਜਮਾਤ ਛੇਵੀਂ

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ

ਸਾਰੇ ਵਿਦਿਆਰਥੀਆਂ ਨੂੰ ਵਿਅਕਤੀਗਤ ਰੂਪ ਵਿੱਚ ਅਤੇ ਸਮੂਹਿਕ ਰੂਪ ਵਿੱਚ ਕਾਰਜ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਉਹਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਕਿ

- ਵਿਦਿਆਰਥੀ ਨੂੰ ਆਪਣੇ ਵਿਚਾਰਾਂ ਨੂੰ ਸ਼ੁੱਧ ਸਪੱਸ਼ਟ, ਸਰਲ ਅਤੇ ਰਵਾਨੀ ਵਿੱਚ ਪ੍ਰਗਟ ਕਰਨ ਦੇ ਸਮਰੱਥ ਹੋਣ ਦੇ ਮੌਕੇ ਪ੍ਰਦਾਨ ਹੋਣ ।
- ਜਮਾਤ ਵਿੱਚ ਅਜਿਹਾ ਮਾਹੌਲ ਪ੍ਰਦਾਨ ਕੀਤਾ ਜਾਵੇ ਕਿ ਵਿਦਿਆਰਥੀ ਆਪਣੇ ਮਾਨਸਿਕ ਪੱਧਰ ਅਨੁਸਾਰ ਵਿਸ਼ਰਾਮ ਚਿੰਨ੍ਹਾਂ ਦਾ ਸਹੀ ਪ੍ਰਯੋਗ ਕਰਕੇ ਪੜ੍ਹਨ ਸਮੱਗਰੀ ਉੱਚੀ ਬੋਲ ਕੇ, ਚੁੱਪ-ਚਾਪ ਮੂੰਹ ਵਿੱਚ ਗਤੀ ਨਾਲ ਪੜ੍ਹ ਸਕੇ ਤੇ ਲੇਖਕ ਦੇ ਹਾਵਾਂ-ਭਾਵਾਂ ਨੂੰ ਸਮਝ ਸਕੇ।
- ਵਿਦਿਆਰਥੀ ਨੂੰ ਛਪੀ ਹੋਈ ਸਮੱਗਰੀ ਤੋਂ ਇਲਾਵਾ ਆਪਣੀ ਅਤੇ ਦੂਸਰਿਆਂ ਦੀ ਹੱਥ-ਲਿਖਤ ਗਤੀ ਨਾਲ ਪੜ੍ਹਣ ਦਾ ਮੌਕਾ ਪ੍ਰਦਾਨ ਹੋਵੇ ।
- ਸਮੇਂ-ਸਮੇਂ ਤੇ ਕਿਸੇ ਵੀ ਕਹਾਣੀ, ਵਾਰਤਾ, ਸੂਚਨਾ, ਇਸ਼ਤਿਹਾਰ ਅਤੇ ਅਖ਼ਬਾਰ ਦੀ ਖ਼ਬਰ ਨੂੰ ਸਹਿਜਤਾ ਨਾਲ ਪੜ੍ਹ ਕੇ ਸੁਣਾ ਸਕਣ ਦੇ ਮੌਕੇ ਸਿਰਜੇ ਜਾਣ ।
- ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਵਿਦਿਆਰਥੀ ਦੂਜਿਆਂ ਦੇ ਵਿਚਾਰਾਂ ਨੂੰ ਇਕਾਗਰਤਾ ਨਾਲ ਸੁਣ ਸਕੇ । ਬੋਲਣ ਵਾਲੇ ਦੇ ਸ਼ਬਦਾਂ ਵਿੱਚ ਲੁਕੇ ਵਿਅੰਗ, ਚੋਭ ਅਤੇ ਇਸ਼ਾਰੇ ਨੂੰ ਸਮਝ ਸਕੇ ।
- ਵਿਦਿਆਰਥੀ ਨੂੰ ਕਵਿਤਾ ਅਤੇ ਗੀਤ-ਗਾਇਨ ਨੂੰ ਸੁਣ ਕੇ ਪ੍ਰਸੰਸਾ ਕਰ ਸਕਣ ਦਾ ਮੌਕਾ ਪ੍ਰਦਾਨ ਕੀਤਾ ਜਾਵੇ ।
- ਅਜਿਹਾ ਅਭਿਆਸ ਕਰਵਾਇਆ ਜਾਵੇ ਕਿ ਵਿਦਿਆ-ਰਥੀ ਸਾਫ਼ ਸ਼ੁੱਧ ਅਤੇ ਗਤੀ ਨਾਲ ਢੁੱਕਵੀਂ ਸ਼ਬਦਾਵਲੀ ਦੀ ਵਰਤੋਂ ਕਰਕੇ ਸਰਲ ਵਾਕਾਂ ਅਤੇ ਠੀਕ ਪੈਰ੍ਹਿਆਂ ਵਿੱਚ ਲਿਖ ਸਕੇ ।
- ਵਿਦਿਆਰਥੀ ਨੂੰ ਆਪਣੇ ਵਿਚਾਰਾਂ ਨੂੰ ਘਟਨਾਕ੍ਰਮ

## ਸਿੱਖਣ ਦੇ ਪਰਿਣਾਮ

ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ

- ਵਿਦਿਆਰਥੀ ਕਿਸੇ ਵੀ ਕਹਾਣੀ, ਕਵਿਤਾ, ਲੇਖ,ਜੀਵਨੀ ਨੂੰ ਪੜ੍ਹ ਕੇ ਉਸ ਬਾਰੇ ਆਪਣੇ ਵਿਚਾਰ ਦਿੰਦੇ ਹਨ, ਪ੍ਰਸ਼ਨ ਪੁੱਛਦੇ ਹਨ ਅਤੇ ਆਪਣੇ ਪੱਧਰ ਅਨੁਸਾਰ ਇਸਦਾ ਸਿੱਟਾ ਕੱਢਦੇ ਹਨ ।
- ਵਿਦਿਆਰਥੀ ਪਾਠ-ਪੁਸਤਕ ਵਿਚਲੇ ਹਰ ਪਾਠ ਨੂੰ ਉੱਚੀ ਬੋਲ ਕੇ/ਮੂੰਹ ਵਿੱਚ ਚੁੱਪ-ਚਾਪ/ਵਿਸ਼ਰਾਮ ਚਿੰਨ੍ਹਾਂ ਅਨੁਸਾਰ ਠਹਿਰਾਓ ਅਤੇ ਦਬਾਓ ਦੇ ਕੇ ਗਤੀ ਵਿੱਚ ਪੜ੍ਹਦੇ ਹਨ ।
- ਵਿਦਿਆਰਥੀ ਆਪਣੀਆਂ ਅਤੇ ਦੂਸਰਿਆਂ ਦੀਆਂ ਕਾਪੀਆਂ ਉੱਤੇ ਲਿਖੇ ਪ੍ਰਸ਼ਨ-ਉੱਤਰਾਂ ਨੂੰ ਪੜ੍ਹਦੇ ਹਨ ।
- ਵਿਦਿਆਰਥੀ ਆਪਣੇ ਆਲੇ-ਦੁਆਲੇ ਦੀਆਂ ਘਟਨਾਵਾਂ ਨੂੰ ਵੇਖ ਕੇ ਆਪਣੀ ਭਾਸ਼ਾ ਵਿੱਚ ਉਸਦਾ ਵਰਣਨ ਕਰਦੇ ਹਨ ਅਤੇ ਇਸਨੂੰ ਆਪਣੀ ਪਾਠ-ਪੁਸਤਕ ਵਿਚਲੇ ਪਾਠਾਂ ਨਾਲ ਤੁਲਨਾਉਂਦੇ ਹਨ।
- ਵਿਦਿਆਰਥੀ ਵੱਖ-ਵੱਖ ਸਖਸ਼ੀਅਤਾਂ ਦੀਆਂ ਜੀਵਨੀਆਂ ਪੜ੍ਹਦੇ ਹਨ ਅਤੇ ਉਹਨਾਂ ਅੰਦਰ ਇਹਨਾਂ ਸਖਸ਼ੀਅਤਾਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਇਹਨਾਂ ਜਿਹੇ ਬਨਣ ਦੀ ਕੋਸ਼ਿਸ਼ ਕਰਦੇ ਹਨ।
- ਵਿਦਿਆਰਥੀ ਪੰਜਾਬ ਦੇ ਮੇਲਿਆਂ, ਜਿਵੇਂ-ਵਿਸਾਖੀ ਆਦਿ ਬਾਰੇ ਜਾਣਕਾਰੀ ਹਾਸਲ ਕਰਦੇ ਹਨ ਅਤੇ ਆਪ ਕਿਸੇ ਅੱਖੀਂ ਦੇਖੇ ਮੇਲੇ ਦਾ ਵਰਨਣ ਆਪਣੀ ਭਾਸ਼ਾ ਵਿੱਚ ਬੋਲ ਕੇ ਅਤੇ ਲਿਖ ਕੇ ਕਰਦੇ ਹਨ ।
- ਵਿਦਿਆਰਥੀਆਂ ਦੇ ਸ਼ਬਦ-ਭੰਡਾਰ ਵਿੱਚ ਵਾਧਾ ਹੁੰਦਾ ਹੈ ਅਤੇ ਉਹ ਕੁਝ ਨਵੇਂ ਸ਼ਬਦਾਂ ਦੇ ਅਰਥ ਸਿੱਖਦੇ ਹਨ, ਜਿਵੇਂ - ਨਾਗਰ, ਹਮੇਲ, ਮਤਾਬ, ਉਨਾਬ, ਹਿੰਡੋਲ, ਮਲੂਕ, ਅਜੂਬਾ, ਖ਼ਲਕਤ, ਸ਼ਿਰਕਤ ਆਦਿ ।

ਅਤੇ ਤੱਥਕ੍ਰਮ ਅਨੁਸਾਰ ਕਹਿ ਤੇ ਲਿਖ ਸਕਣ ਦੇ ਮੌਕੇ ਪ੍ਰਦਾਨ ਕੀਤੇ ਜਾਣ ।

- ਵਿਦਿਆਰਥੀ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਆਪਣੇ ਪੱਧਰ ਅਨੁਸਾਰ ਕਵਿਤਾ, ਕਹਾਣੀ ਜਾਂ ਲੇਖ ਲਿਖਣ ਦਾ ਯਤਨ ਕਰੇ ।
- ਅਜਿਹੇ ਮੌਕੇ ਪ੍ਰਦਾਨ ਹੋਣ ਕਿ ਵਿਦਿਆਰਥੀ ਮੁੱਢਲੇ ਪੱਧਰ ਤੇ ਸਾਡੇ ਦੇਸ਼ ਦੇ ਸੱਭਿਆਚਾਰ, ਪ੍ਰਮੁੱਖ ਸਖ਼ਸ਼ੀਅਤਾਂ ਅਤੇ ਭਾਰਤੀ ਜੀਵਨ-ਜਾਚ ਦੇ ਪਹਿਲੂਆਂ ਤੋਂ ਜਾਣੂ ਹੋ ਸਕੇ ।
- ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਦੇ ਵਾਤਾਵਰਨ ਵਿਚ ਵਿਚਰਦਾ ਹੋਇਆ ਆਪਣੇ ਸ਼ਬਦ ਭੰਡਾਰ ਵਿਚ ਵਾਧਾ ਕਰੇ ਜਿਵੇਂ ਮੇਲਿਆਂ, ਤਿਉਹਾਰਾਂ, ਵਿਆਹ-ਸ਼ਾਦੀਆਂ ਆਦਿ ਸਮੇਂ ਵਰਤੀ ਜਾਂਦੀ ਬੋਲੀ ਦੇ ਸਬਦਾਂ ਪ੍ਰਤੀ ਪ੍ਰਸ਼ਨ ਪੁੱਛੇ. ਉਹਨਾਂ ਦਾ ਨਿਖੇੜਾ ਕਰੇ।
- ਵਿਦਿਆਰਥੀ ਪੰਜਾਬੀ ਦੇ ਮੁਹਾਵਰਿਆਂ ਤੋਂ ਜਾਣੂ ਹੁੰਦੇ ਹਨ, ਪਛਾਣਦੇ ਹਨ ਅਤੇ ਇਹਨਾਂ ਦੀ ਵਿਹਾਰਕ ਵਰਤੋਂ ਸਾਧਾਰਨ ਪੱਧਰ ਤੇ ਕਰਦੇ ਹਨ ।
- ਵਿਦਿਆਰਥੀ ਪਾਠ-ਪੁਸਤਕ ਦੇ ਆਧਾਰ ਤੇ ਵਿਹਾਰਕ ਅਭਿਆਸ ਕਰਕੇ ਨਾਂਵ, ਪੜਨਾਂਵ ਅਤੇ ਕਿਰਿਆ ਬਾਰੇ ਮੁੱਢਲੀ ਜਾਣਕਾਰੀ ਹਾਸਿਲ ਕਰਦੇ ਹਨ ਅਤੇ ਪਾਠਾਂ ਵਿਚਲੇ ਵੱਖ-ਵੱਖ ਵਾਕਾਂ ਵਿੱਚੋਂ ਇਹਨਾਂ ਦੀ ਪਛਾਣ ਕਰਦੇ ਹਨ ।
- ਵਿਦਿਆਰਥੀ ਦੀ ਭਾਸ਼ਾਈ ਸਮਰੱਥਾ ਵਿੱਚ ਵਾਧਾ ਹੁੰਦਾ ਹੈ,ਦੂਸਰਿਆਂ ਨਾਲ ਗੱਲਬਾਤ ਕਰਦਿਆਂ ਨਵੇਂ ਸਿੱਖੇ ਸ਼ਬਦ ਆਪਣੀ ਬੋਲ-ਚਾਲ ਵਿਚ ਵਰਤਦਾ ਹੈ ।





# ਜਮਾਤ ਸੱਤਵੀਂ

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ

ਸਾਰੇ ਵਿਦਿਆਰਥੀਆਂ ਨੂੰ ਵਿਅਕਤੀਗਤ ਰੂਪ ਵਿੱਚ ਅਤੇ ਸਮੂਹਿਕ ਰੂਪ ਵਿੱਚ ਕਾਰਜ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਉਹਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਕਿ

- ਜਮਾਤ ਵਿੱਚ ਅਜਿਹਾ ਮਾਹੌਲ ਪ੍ਰਦਾਨ ਕੀਤਾ ਜਾਵੇ ਕਿ ਵਿਦਿਆਰਥੀ ਆਪਣੇ ਮਾਨਸਿਕ ਪੱਧਰ ਅਨੁਸਾਰ ਪੜ੍ਹਨ ਸਮੱਗਰੀ ਉੱਚੀ ਬੋਲ ਕੇ, ਚੁੱਪ-ਚਾਪ ਮੂੰਹ ਵਿੱਚ ਗਤੀ ਨਾਲ ਪੜ੍ਹ ਸਕੇ , ਵਿਸ਼ਰਾਮ-ਚਿੰਨ੍ਹਾਂ ਅਨੁਸਾਰ ਲੇਖਕ ਦੇ ਹਾਵਾਂ-ਭਾਵਾਂ ਨੂੰ ਸਮਝ ਸਕੇ ਅਤੇ ਉਸ ਬਾਰੇ ਆਪਣੀ ਰਾਏ ਦੇ ਸਕੇ ।
- ਵਿਦਿਆਰਥੀ ਨੂੰ ਆਪਣੇ ਵਿਚਾਰਾਂ ਨੂੰ ਆਪਣੀ ਭਾਸ਼ਾ ਵਿੱਚ ਪ੍ਰਗਟ ਕਰਨ ਦੇ ਸਮਰੱਥ ਹੋਣ ਦੇ ਮੌਕੇ ਪ੍ਰਦਾਨ ਹੋਣ ।
- ਕਹਾਣੀ, ਵਾਰਤਾ, ਸੂਚਨਾ, ਇਸ਼ਤਿਹਾਰ ਅਤੇ ਅਖ਼ਬਾਰ ਦੀ ਖ਼ਬਰ ਨੂੰ ਸਹਿਜਤਾ ਨਾਲ਼ ਸਮਝ ਸਕਣ ਦੇ ਮੌਕੇ ਸਿਰਜੇ ਜਾਣ ।
- ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਵਿਦਿਆਰਥੀ ਦੂਜਿਆਂ ਦੇ ਵਿਚਾਰਾਂ ਨੂੰ ਇਕਾਗਰਤਾ ਨਾਲ ਸੁਣ ਸਕੇ, ਬੋਲਣ ਵਾਲੇ ਦੇ ਸ਼ਬਦਾਂ ਵਿੱਚ ਲੁਕੇ ਵਿਅੰਗ, ਚੋਭ ਅਤੇ ਇਸ਼ਾਰੇ ਨੂੰ ਸਮਝ ਸਕੇ ।
- ਵਿਦਿਆਰਥੀ ਨੂੰ ਕਵਿਤਾ ਅਤੇ ਗੀਤ ਨੂੰ ਲੈਅ, ਦਬਾਅ ਸਹਿਤ ਉਚਾਰਨ ਦੇ ਮੌਕੇ ਪ੍ਰਦਾਨ ਹੋਣ ।
- ਵਿਦਿਆਰਥੀ ਨੂੰ ਸਾਫ਼ ਸ਼ੁੱਧ ਅਤੇ ਗਤੀ ਨਾਲ ਢੁੱਕਵੀਂ ਸ਼ਬਦਾਵਲੀ ਦੀ ਵਰਤੋਂ ਕਰਕੇ ਆਪਣੀ ਗੱਲ ਨੂੰ ਆਪਣੀ ਭਾਸ਼ਾ ਵਿੱਚ ਸਹੀ ਵਾਕਾਂ ਅਤੇ ਠੀਕ ਪੈਰ੍ਹਿਆਂ ਵਿੱਚ ਲਿਖ ਸਕਣ ਦੇ ਮੌਕੇ ਪ੍ਰਦਾਨ ਹੋਣ ।
- ਵਿਦਿਆਰਥੀ ਨੂੰ ਆਪਣੇ ਵਿਚਾਰਾਂ ਨੂੰ ਕੁਸ਼ਲਤਾ ਸਹਿਤ ਘਟਨਾਕ੍ਰਮ ਅਤੇ ਤੱਥਕ੍ਰਮ ਅਨੁਸਾਰ ਲਿਖ ਸਕਣ ਦੇ ਮੌਕੇ ਪ੍ਰਦਾਨ ਕੀਤੇ ਜਾਣ ।
- ਵਿਦਿਆਰਥੀ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਆਪਣੇ

## ਸਿੱਖਣ ਦੇ ਪਰਿਣਾਮ

ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ

- ਵਿਦਿਆਰਥੀ ਕਵਿਤਾ ਅਤੇ ਗੀਤ ਨੂੰ ਲੈਅ/ਦਬਾਅ ਸਹਿਤ ਉਚਾਰਦਾ ਹੈ। ਉਸ ਅੰਦਰ ਸੌਂਦਰਯ-ਬੋਧ ਪੈਦਾ ਹੋਣ ਦੇ ਨਾਲ਼-ਨਾਲ਼ ਮਨੁੱਖੀ ਜੀਵਨ ਦੀਆਂ ਕਈ ਮੁੱਲਵਾਨ ਕਦਰਾਂ-ਕੀਮਤਾਂ ਪੈਦਾ ਹੁੰਦੀਆਂ ਹਨ।
- ਵਿਦਿਆਰਥੀ ਕਿਸੇ ਵੀ ਕਹਾਣੀ, ਲੇਖ, ਜੀਵਨੀ ਨੂੰ ਪੜ੍ਹ ਕੇ ਆਪਣੀ ਰਾਇ ਦਿੰਦੇ ਹਨ, ਉਸਦਾ ਸਿੱਟਾ ਕੱਢਦੇ ਹਨ, ਪ੍ਰਸ਼ਨ ਪੁੱਛਦੇ ਹਨ ਤੇ ਉਸ ਵਿਚਲੇ ਭਾਵ ਨੂੰ ਸਮਝਦੇ ਹਨ ਤੇ ਜੀਵਨ ਪ੍ਰਤੀ ਸਾਕਾਰਤਮਕ ਸਮਝ ਪੈਦਾ ਹੁੰਦੀ ਹੈ।
- ਵਿਦਿਆਰਥੀ ਦੀ ਪੜ੍ਹਨ ਗਤੀ ਵਿੱਚ ਛੇਵੀਂ ਜਮਾਤ ਦੇ ਮੁਕਾਬਲੇ ਤੇਜ਼ੀ ਆਉਂਦੀ ਹੈ ।
- ਵਿਦਿਆਰਥੀ ਅੰਦਰ ਨਵੀਆਂ ਗੱਲਾਂ ਜਾਨਣ ਦੀ, ਨਵੀਆਂ ਚੀਜਾਂ ਬਾਰੇ ਸਮਝਣ ਦੀ ਜਗਿਆਸਾ ਪੈਦਾ ਹੁੰਦੀ ਹੈ ।
- ਉਹ ਵਿਗਿਆਨੀਆਂ ਪੰਜਾਬ ਦੇ ਸੂਰਬੀਰਾਂ ਦੇਸ਼-ਭਗਤਾਂ ਬਾਰੇ ਮੁੱਢਲੇ ਪੱਧਰ ਦੀ ਜਾਣਕਾਰੀ ਹਾਸਿਲ ਕਰਦਾ ਹੈ ਤੇ ਉਸ ਅੰਦਰ ਰਾਸ਼ਟਰਵਾਦੀ ਭਾਵਨਾ ਜਨਮ ਲੈਂਦੀ ਹੈ ।
- ਵਿਦਿਆਰਥੀ ਸੂਚਨਾ, ਇਸ਼ਤਿਹਾਰ ਅਤੇ ਅਖ਼ਬਾਰੀ ਖ਼ਬਰਾਂ ਵੀ ਦਿਲਚਸਪੀ ਨਾਲ਼ ਪੜ੍ਹਦਾ ਹੈ ।
- ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਦੀਆਂ ਸਮੱਸਿਆਵਾਂ ਅਤੇ ਮੰਗਾਂ ਬਾਰੇ ਵੱਖ-ਵੱਖ ਅਧਿਕਾਰੀਆਂ ਨਾਲ ਚਿੱਠੀ-ਪੱਤਰ ਕਰਨ ਦੇ ਯੋਗ ਹੁੰਦਾ ਹੈ ।
- ਉਹ ਆਪਣੇ ਮਾਨਸਿਕ ਪੱਧਰ ਅਨੁਸਾਰ ਪੁੱਛੇ ਗਏ ਸਵਾਲਾਂ ਦੇ ਜਵਾਬ ਆਪਣੀ ਭਾਸ਼ਾ ਵਿੱਚ ਦਿੰਦਾ ਹੈ ਅਤੇ ਆਪਣੀ ਗੱਲ ਨੂੰ ਆਪਣੀ ਭਾਸ਼ਾ ਵਿੱਚ ਤੇ ਠੀਕ ਪੈਰ੍ਹਿਆਂ ਵਿੱਚ, ਘਟਨਾਕ੍ਰਮ ਅਤੇ ਤੱਥਕ੍ਰਮ ਅਨੁਸਾਰ ਲਿਖਦਾ ਹੈ ।
- ਉਹ ਪੰਜਾਬੀ ਸੱਭਿਆਚਾਰ ਦੇ ਕੁਝ ਅਹਿਮ ਪੱਖਾਂ ਬਾਰੇ

ਪੱਧਰ ਅਨੁਸਾਰ ਕਵਿਤਾ, ਕਹਾਣੀ ਜਾਂ ਲੇਖ ਲਿਖਣ ਦਾ ਯਤਨ ਕਰੇ ।

- ਅਜਿਹੇ ਮੌਕੇ ਪ੍ਰਦਾਨ ਹੋਣ ਕੇ ਮੁੱਢਲੇ ਪੱਧਰ ਤੇ ਵਿਦਿਆਰਥੀ ਆਪਣੇ ਪਰਿਵਾਰਕ ਆਲ਼ੇ-ਦੁਆਲ਼ੇ, ਸਕੂਲੀ ਜੀਵਨ, ਖੇਡ-ਗਤੀਵਿਧੀਆਂ, ਪੰਜਾਬੀ ਸਭਿਆਚਾਰ ਦੇ ਵਿਸ਼ੇਸ਼ ਪੱਖਾਂ ਅਤੇ ਮਹਾਂਪੁਰਖਾਂ ਦੇ ਜੀਵਨ ਬਾਰੇ ਜਾਣ ਸਕੇ ।
- ਮਨੁੱਖੀ ਜੀਵਨ ਦੀਆਂ ਨੈਤਿਕ ਕਦਰਾਂ-ਕੀਮਤਾਂ, ਸਮਾਜਿਕ ਜੀਵਨ ਦਾ ਆਚਾਰ-ਵਿਹਾਰ, ਪਸ਼ੂ-ਪੰਛੀਆਂ ਪ੍ਰਤੀ ਬਾਲ-ਮਨਾਂ ਦੀ ਸੰਵੇਦਨਾਮਈ ਪਹੁੰਚ ਅਪਣਾ ਸਕਣ ਦੇ ਮੌਕੇ ਪ੍ਰਦਾਨ ਹੋਣ ।
- ਅਜਿਹੇ ਅਭਿਆਸ ਦੇ ਮੌਕੇ ਪ੍ਰਦਾਨ ਹੋਣ ਕਿ ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਦੀਆਂ ਸਮੱਸਿਆਵਾਂ ਬਾਰੇ /ਮੰਗਾਂ ਬਾਰੇ ਵੱਖ-ਵੱਖ ਅਧਿਕਾਰੀਆਂ ਨਾਲ ਚਿੱਠੀ-ਪੱਤਰ ਕਰਨ ਦੇ ਯੋਗ ਹੋ ਸਕੇ ।
- ਵਿਦਿਆਰਥੀਆਂ ਨੂੰ ਉਹਨਾਂ ਦੇ ਮਾਨਸਿਕ ਪੱਧਰ ਅਨੁਸਾਰ ਅਜਿਹਾ ਅਭਿਆਸ ਕਰਵਾਇਆ ਜਾਵੇ ਕਿ ਉਹਨਾਂ ਦੇ ਸ਼ਬਦ-ਭੰਡਾਰ ਵਿੱਚ ਵਾਧਾ ਹੋ ਸਕੇ ।

ਜਿਵੇਂ, ਖੇਤੀਬਾੜੀ ਸਬੰਧੀ, ਵਿਆਹ-ਪ੍ਰਬੰਧ ਸਬੰਧੀ, ਵਿਰਾਸਤ-ਏ-ਖਾਲਸਾ ਸਬੰਧੀ ਮੁੱਢਲੀ ਜਾਣਕਾਰੀ ਰੱਖਦਾ ਹੈ ।

- ਉਹ ਪੰਜਾਬ ਦੀਆਂ ਕਈ ਲੋਕ-ਖੇਡਾਂ ਜਿਵੇਂ ਕਬੱ-ਡੀ, ਲੁਕਣ-ਮੀਚੀ,ਕੋਟਲਾ-ਛਪਾਕੀ, ਕੂਕਾਂ-ਕਾਂਗੜੇ, ਅੰਨ੍ਹਾ-ਝੋਟਾ, ਪਿੱਠੂ, ਪੀਚੋ, ਭੰਡਾ-ਭੰਡਾਰੀਆ ਆਦਿ ਬਾਰੇ ਜਾਣਦਾ ਹੈ ਅਤੇ ਸਾਥੀਆਂ ਨਾਲ਼ ਰਲ ਕੇ ਇਹ ਖੇਡਾਂ ਖੇਡਣ ਦਾ ਯਤਨ ਕਰਦਾ ਹੈ ਅਤੇ ਉਸ ਅੰਦਰ ਇਕਜੁੱਟਤਾ ਦੀ ਭਾਵਨਾ ਪੈਦਾ ਹੁੰਦੀ । ਸਰੀਰਕ, ਮਾਨਸਿਕ ਅਤੇ ਅਧਿਆਤਮਕ ਵਿਕਾਸ ਵੀ ਅੰਦਰੂਨੀ ਪੱਧਰ ਤੇ ਹੁੰਦਾ ਹੈ ।
- ਉਹ ਆਪਣੇ ਮਾਨਸਿਕ ਪੱਧਰ ਅਨੁਸਾਰ ਕੋਈ ਕਹਾਣੀ, ਲੇਖ ਜਾਂ ਕਵਿਤਾ ਲਿਖਣ ਦਾ ਯਤਨ ਕਰਦਾ ਹੈ । ਭਾਵ ਉਸ ਵਿੱਚ ਸਿਰਜਾਨਤਮਿਕ ਰੁਚੀਆਂ ਪੈਦਾ ਹੁੰਦੀਆਂ ਹਨ ।
- ਉਸਦੇ ਸ਼ਬਦ-ਭੰਡਾਰ ਵਿੱਚ ਨਵਾਂ ਵਾਧਾ ਹੁੰਦਾ ਹੈ । ਲਿਹਾਜ਼ਾ ਉਹ ਇਕਤਾਰਾ, ਵਜੰਤਰੀ, ਅਠਖੇਲੀਆਂ, ਝਲਾਨੀ, ਲਸ਼ਕਰ, ਅਕੀਦਾ, ਫੂਹੜੀ ਆਦਿ ਸ਼ਬਦਾਂ ਬਾਰੇ ਜਾਣਦਾ ਹੈ ।





# ਜਮਾਤ ਅੱਠਵੀਂ

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ

ਸਾਰੇ ਵਿਦਿਆਰਥੀਆਂ ਨੂੰ ਵਿਅਕਤੀਗਤ ਰੂਪ ਵਿੱਚ ਅਤੇ ਸਮੂਹਿਕ ਰੂਪ ਵਿੱਚ ਕਾਰਜ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਉਹਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਕਿ

- ਵਿਦਿਆਰਥੀਆਂ ਨੂੰ ਪੰਜਾਬ ਦੇ ਤਿਉਹਾਰਾਂ, ਰੁੱਤਾਂ, ਮੇਲਿਆਂ ਬਾਰੇ ਜਾਨਣ ਤੇ ਉਹਨਾਂ ਸੁਭਾਅ ਸਮਝਣ ਲਈ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਜੋ ਉਹ ਇਹਨਾਂ ਬਾਰੇ ਜਾਣ ਸਕੇ ।
- ਮੰਨੋਰੰਜਨ ਅਤੇ ਸੰਚਾਰ ਦੇ ਸਾਧਨਾਂ ਸਬੰਧੀ ਵਿਦਿਆਰਥੀਆਂ ਵਿੱਚ ਸਮਝ ਪੈਦਾ ਕਰਨ ਲਈ ਮੌਕੇ ਪੈਦਾ ਕੀਤੇ ਜਾਣ । ਭਾਵ ਟੈਲੀਵਿਜ਼ਨ, ਅਖ਼ਬਾਰ, ਸਿਨੇਮਾ ਆਦਿ ਦੇ ਚੰਗੇ ਅਤੇ ਮਾੜੇ ਦੋਹਾਂ ਪੱਖਾਂ ਨੂੰ ਸਮਝਣ ਲਈ ਮੌਕੇ ਸਿਰਜੇ ਜਾਣ ।
- ਮਹੱਤਵਪੂਰਨ ਸਖ਼ਸ਼ੀਅਤਾਂ ਦੇਸ਼-ਭਗਤਾਂ, ਮਹਾਂ-ਪੁਰਖਾਂ ਦੇ ਜੀਵਨ ਨੂੰ ਸਮਝਣ ਲਈ ਵਾਤਾਵਰਨ ਸਿਰਜਿਆ ਜਾਵੇ ਤਾਂ ਜੋ ਇਹ ਸ਼ਖਸ਼ੀਅਤਾਂ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣ ਸਕਣ ।
- ਆਲ਼ੇ-ਦੁਆਲ਼ੇ ਦੀਆਂ ਸਮੱਸਿਆਵਾਂ ਨੂੰ ਸਮਝਣ ਦੇ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਜੋ ਵਿਦਿਆਰਥੀ ਇਹਨਾਂ ਦਾ ਸਾਹਮਣਾ ਕਰਨ ਦੇ ਯੋਗ ਹੋ ਸਕਣ ।
- ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਵਿਦਿਆਰਥੀ ਕਿਸੇ ਦ੍ਰਿਸ਼, ਸਮੱਸਿਆ ਜਾਂ ਕਿਸੇ ਪਾਠ ਦੇ ਸਾਰ ਨੂੰ ਆਪਣੀ ਭਾਸ਼ਾ ਵਿੱਚ ਬੋਲ ਕੇ ਅਤੇ ਲਿਖ ਕੇ ਪ੍ਰਗਟ ਕਰ ਸਕੇ।
- ਵਿਦਿਆਰਥੀ ਨੂੰ ਆਪਣੇ ਅਕਾਦਮਿਕ ਅਤੇ ਆਲੇ-ਦੁਆਲੇ ਦੇ ਸਮਰੱਥ ਅਧਿਕਾਰੀਆਂ ਨਾਲ਼ ਚਿੱਠੀ-ਪੱਤਰ ਕਰਨ ਦਾ ਅਭਿਆਸ ਕਰਵਾਇਆ ਜਾਵੇ ਤਾਂ ਜੋ ਉਹ ਜੀਵਨ ਵਿੱਚ ਕਿਸੇ ਵੀ ਅਧਿਕਾਰੀ ਨਾਲ ਚਿੱਠੀ-ਪੱਤਰ ਕਰ ਸਕੇ ।
- ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਵਿਦਿਆਰਥੀ ਪੜ੍ਹਨ ਸਮੱਗਰੀ ਨੂੰ ਪੂਰੀ ਗਤੀ ਨਾਲ ਪੜ੍ਹ ਸਕੇ, ਸਮਝ

## ਸਿੱਖਣ ਦੇ ਪਰਿਣਾਮ

ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ

- ਵਿਦਿਆਰਥੀ ਪੰਜਾਬ ਦੇ ਤਿਉਹਾਰਾਂ ਅਤੇ ਮੇਲਿਆਂ ਜਿਵੇਂ ਲੋਹੜੀ, ਛਿੰਝ ਆਦਿ ਦੇ ਸਮਾਜਿਕ ਅਤੇ ਸਭਿਆਚਾਰਕ ਮਹੱਤਵ ਤੋਂ ਜਾਣੂ ਹੁੰਦਾ ਹੈ ਤੇ ਦਿਲਚਸਪੀ ਨਾਲ਼ ਇਹਨਾਂ ਵਿੱਚ ਹਿੱਸਾ ਲੈਂਦਾ ਹੈ ।
- ਵਿਦਿਆਰਥੀ ਪੰਜਾਬੀ ਸਭਿਆਚਾਰ ਦੇ ਰਿਸ਼ਤਿਆਂ ਵਿਚਲੇ ਨਿੱਘ, ਅਪਣੱਤ ਅਤੇ ਇਹਨਾਂ ਦੇ ਸਾਬ ਦੀ ਸੁਰੱਖਿਆ ਨੂੰ ਸਮਝਦਾ ਹੈ, ਇਹਨਾਂ ਪ੍ਰਤੀ ਸੰਜੀਦਾ ਹੁੰਦਾ ਹੈ ।
- ਵਿਦਿਆਰਥੀ ਟੈਲੀਵਿਜ਼ਨ, ਅਖ਼ਬਾਰ, ਸਿਨੇਮਾ ਆਦਿ ਦੇ ਲਾਭ ਅਤੇ ਹਾਨੀਆਂ ਬਾਰੇ ਜਾਣਦਾ ਹੈ ਤੇ ਉਹ ਇਹਨਾਂ ਦੀ ਵਰਤੋਂ ਸਾਕਾਰਤਮਿਕ ਦ੍ਰਿਸ਼ਟੀਕੋਣ ਤੋਂ ਕਰਦਾ ਹੈ ।
- ਵਿਦਿਆਰਥੀ ਆਪਣੇ ਆਲ਼ੇ-ਦੁਆਲ਼ੇ ਦੀਆਂ ਸਮੱਸਿਆਵਾਂ ਜਿਵੇਂ ਪ੍ਰਦੂਸ਼ਨ, ਵੱਧਦੀ ਆਬਾਦੀ, ਦਾਜ-ਪ੍ਰਥਾ ਆਦਿ ਦੇ ਹਾਨੀਕਾਰਕ ਸਿੱਟਿਆਂ ਬਾਰੇ ਜਾਣਦਾ ਹੈ ਅਤੇ ਉਹਨਾਂ ਨੂੰ ਸਮਾਜ ਵਿੱਚੋਂ ਖਤਮ ਕਰਨ ਦਾ ਇਛੁੱਕ ਹੁੰਦਾ ਹੈ ।
- ਵਿਦਿਆਰਥੀ ਕਿਸੇ ਅੱਖੀਂ ਦੇਖੇ ਦ੍ਰਿਸ਼ ਨੂੰ ਆਪਣੀ ਭਾਸ਼ਾ ਵਿੱਚ ਸਹੀ ਸ਼ਬਦਾਵਲੀ ਦੀ ਵਰਤੋਂ ਕਰਕੇ ਠੀਕ ਪੈਰਿਆਂ ਵਿੱਚ ਲਿਖਦਾ ਹੈ ।
- ਵੱਖ-ਵੱਖ ਤਰੀਕੇ ਜਿਵੇਂ ਗਿਣਤੀ ਨੂੰ ਛੱਡ ਕੇ ਲਿਖਣ (ਟੋਕਵੀਂ ਵਿਧੀ), ਪੈਟਰਨ ਨੂੰ ਅੱਗੇ ਤੋਰਨਾ ਰਾਹੀਂ ਗੁਣਾਂ ਤੱਥਾਂ ਨੂੰ ਲਿਖਣਾ ਅਤੇ ਪੜਚੋਲ ਕਰਨਾ। ਉਦਾਹਰਨ ਦੇ ਤੌਰ 'ਤੇ 3 ਦੇ ਪਹਾੜੇ ਦਾ ਵਿਕਾਸ, ਵਿਦਿਆਰਥੀ/ ਸੰਖਿਆ ਨੂੰ ਛੱਡ-ਛੱਡ ਕੇ ਜਾਂ ਲਗਾਤਾਰ ਜੋੜ ਜਾਂ ਨਮੂੰਨਾ (ਪੈਟਰਨ) ਜਿਵੇਂ ਕਿ ਹੇਠਾ ਦਰਸਾਇਆ ਹੈ

| | | |
|---|---|---|
| 1 | 2 | 3 |
| 4 | 5 | 6 |
| 7 | 8 | 9 |
| 10 | 11 | 12 |
| - | - | - |

- ਦੋ ਅੰਕਾਂ ਵਾਲੀਆਂ ਸੰਖਿਆਵਾਂ ਦਾ ਵਿਸਤ੍ਰਿਤ ਰੂਪ ਕਰਕੇ ਗੁਣਾ ਕਰਨਾ ਜਿਵੇਂ 23 ਨੂੰ 6 ਨਾਲ ਗੁਣਾ ਹੇਠ ਲਿਖੇ ਅਨੁਸਾਰ ਹੋ ਸਕਦੀ ਹੈ: 23x6 = 6x(20+3) = 20x6 + 3x6 120 + 18 = 138
- ਗੁਣਾ ਦੀ ਵਰਤੋਂ ਕਰਕੇ ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਲੱਭਣਾ ਅਤੇ ਉਹਨਾਂ ਦਾ ਹੱਲ ਕਰਨਾ ਜਿਵੇਂ: ਜੇਕਰ 1 ਪੈੱਨ ਦਾ ਮੁੱਲ 35 ਰੁਪਏ ਹੈ ਤਾਂ 7 ਪੈਨਾਂ ਦਾ ਮੁੱਲ ਕੀ ਹੋਵੇਗਾ?
- ਗਣਿਤ ਦੇ ਮਿਆਰੀ ਐਲਗੋਰਿਥਮ ਦੀ ਚਰਚਾ ਅਤੇ ਹੱਲ ਦੱਸਣਾ।
- 24 ਵਿੱਚ 3 ਦੇ ਅਜਿਹੇ ਕਿੰਨੇ ਸਮੂਹ ਹੋ ਸਕਦੇ ਹਨ? ਜਾਂ ਅਜਿਹੇ ਕਿੰਨੇ 3 ਦੇ ਸਮੂਹ 24 ਬਣਾ ਸਕਦੇ ਹਨ।

## ਸਿੱਖਣ ਨਤੀਜੇ

**ਸਿਖਿਆਰਥੀ ਲਈ:**

- ਰੋਜ਼ਾਨਾ ਜੀਵਨ ਵਿੱਚ ਸੰਖਿਆਵਾਂ ਦੀ ਵਰਤੋਂ।
- 2 ਅਤੇ 3 ਅੰਕਾਂ ਦੀ ਸੰਖਿਆਵਾਂ ਦੀ ਗੁਣਾ।
- ਇੱਕ ਸੰਖਿਆ ਨੂੰ ਦੂਸਰੀ ਸੰਖਿਆ ਨਾਲ ਵੱਖ-ਵੱਖ ਤਰੀਕੇ ਨਾਲ ਭਾਗ ਕਰਨਾ ਜਿਵੇ: -ਚਿੱਤਰਨ (ਬਿੰਦੀਆਂ ਰਾਹੀ) ਰਾਹੀਂ- ਸਮਾਨ ਸਮੂਹਾਂ ਰਾਹੀਂ- ਲਗਾਤਾਰ ਘਟਾਓ ਵਿਧੀ ਰਾਹੀਂ- ਭਾਗ ਅਤੇ ਗੁਣਾਂ ਦੇ ਅੰਤਰ-ਸੰਬੰਧਾਂ ਰਾਹੀਂ
- ਆਮ ਜੀਵਨ ਦੀਆਂ ਸਧਾਰਨ ਸਥਿਤੀਆਂ ਜਾਂ ਅੜਚਨਾ ਨੂੰ ਪੈਦਾ ਕਰਨਾ ਅਤੇ ਹੱਲ ਲੱਭਣੇ ਜਿਹੜੇ ਕਿ ਪੈਸੇ, ਲੰਬਾਈ, ਪੁੰਜ ਅਤੇ ਸਮਰੱਥਾ ਨਾਲ ਸੰਬੰਧਿਤ ਹੋਣ ਜਿਸ ਵਿੱਚ ਗਣਿਤ ਦੀਆਂ ਮੂਲ ਚਾਰ ਧਾਰਨਾਵਾਂ (ਜੋੜ, ਘਟਾਓ, ਗੁਣਾ, ਭਾਗ) ਦੀ ਵਰਤੋਂ ਹੋ ਸਕੇ।

### ਭਿੰਨਾਂ ਸਬੰਧੀ ਅਧਿਐਨ

- ਵਸਤੂਆਂ ਦੇ ਸਮੂਹਾਂ ਅਤੇ ਦਿੱਤੇ ਚਿੱਤਰਾਂ (ਕਾਗਜ਼ ਮੋੜਨ ਵਿਧੀ ਰਾਹੀ) ਵਿੱਚ ਅੱਧੇ, ਇੱਕ-ਚੌਥਾਈ, ਤਿੰਨ-ਚੌਥਾਈ ਭਾਗ ਦੀ ਪਛਾਣ ਕਰਨਾ।
- ਭਿੰਨ ਜਿਵੇਂ ਅੱਧਾ, ਇੱਕ-ਚੌਥਾਈ ਅਤੇ ਤਿੰਨ-ਚੌਥਾਈ ਦੀ ਕ੍ਰਮਵਾਰ 1/2, 1/4, ਅਤੇ 3/4 ਚਿੰਨ੍ਹਾਂ ਰਾਹੀਂ ਪੇਸ਼ਕਾਰੀ
- 1/2 ਅਤੇ 2/4 ਦੀ ਸਮਾਨਤਾ ਨੂੰ ਦਰਸਾਉਣਾ ਅਤੇ ਇਸ ਤਰ੍ਹਾਂ ਦੀਆਂ ਹੋਰ ਭਿੰਨਾਂ ਵਿੱਚ ਵੀ ਦਰਸਾਉਣਾ।
- ਵਿਦਿਆਰਥੀ ਦੇ ਆਸੇ-ਪਾਸੇ ਦੀਆਂ ਆਕ੍ਰਿਤੀਆਂ ਦਾ ਗਿਆਨ ਮੁਹੱਈਆਂ ਕਰਵਾਉਣਾ।
- ਚੱਕਰ ਦੇ ਕੇਂਦਰ, ਅਰਧ ਵਿਆਸ ਅਤੇ ਵਿਆਸ ਦੀ ਪਛਾਣ ਕਰਵਾਉਣਾ।





- ਭਾਗ ਦੇ ਲਈ ਇੱਕ ਸਮੂਹ ਬਣਾਉਣਾ ਜਿਵੇਂ: 24/3 ਭਾਵ



- ਗਣਿਤਿਕ ਵਾਰਤਾਂ ਨਾਲ ਸਬੰਧਤ ਪਾਠ ਪੁਸਤਕ ਦੇ ਪ੍ਰਸ਼ਨ ਤਿਆਰ ਕਰੋ। ਜਿਵੇਂ 25-10 = 15 ਦੀ ਵਾਰਤਾ, ਵੱਖ-ਵੱਖ ਵਿਦਿਆਰਥੀਆਂ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰਸ਼ਨ ਦੇ ਰੂਪ ਵਿੱਚ ਪੁੱਛਿਆ ਜਾ ਸਕਦਾ ਹੈ।ਜਿਵੇਂ ਕਿ: ਇੱਕ ਵਿਦਿਆਰਥੀ ਕਹਿ ਸਕਦਾ ਹੈ, ਮੇਰੇ ਕੋਲ 25 ਸੇਬ ਹਨ 10 ਖਾ ਲਏ ਗਏ ਹਨ। ਕਿੰਨੇ ਸੇਬ ਬਾਕੀ ਬਚੇ?
- ਪਾਠ ਪੁਸਤਕ ਨਾਲ ਸੰਬੰਧਿਤ ਸਵਾਲ ਸਮੂਹਿਕ ਕਿਰਿਆਵਾਂ ਦੁਆਰਾ ਵੀ ਤਿਆਰ ਕਰੋ ਜਿਵੇਂ: ਇੱਕ ਕਲਾਸ ਨੂੰ ਦੋ ਸਮੂਹਾਂ ਵਿੱਚ ਵੰਡੋ ਦੋਵੇਂ ਸਮੂਹ ਵਾਰੋ-ਵਾਰੀ ਵੱਖ-ਵੱਖ ਮੂਲ ਧਾਰਨਾਵਾਂ ਨਾਲ ਸੰਬੰਧਤ ਸਮੱਸਿਆਵਾਂ ਹੱਲ ਕਰਨ ਅਤੇ ਇਸ ਦੇ ਉਲਟ।
- ਭਿੰਨ ਸੰਖਿਆ ਜਿਵੇਂ ਅੱਧੇ, ਇੱਕ-ਚੌਥਾਈ ਅਤੇ ਤਿੰਨ-ਚੌਥਾਈ ਦੀ ਵਿਆਖਿਆ ਕਰਨੀ ਅਤੇ ਇਸ ਨਾਲ ਸੰਬੰਧਿਤ ਤੱਥ ਪੇਸ਼ ਕਰਨਾ।
- ਭਿੰਨ ਸੰਖਿਆ ਨੂੰ ਕਿਰਿਆ ਰਾਹੀਂ ਜਿਵੇਂ ਚਿੱਤਰ/ਕਾਗਜ਼ ਮੋੜਨ ਵਿਧੀ ਰਾਹੀਂ ਪੇਸ਼ ਕਰਨਾ।ਉਦਾਹਰਨ: ਚਿੱਤਰ ਦੇ ਅੱਧੇ ਭਾਗ ਨੂੰ ਛਾਇਆ ਅੰਕਿਤ ਕਰੋ।



ਦਿੱਤੀਆਂ ਆਕ੍ਰਿਤੀਆਂ ਵਿਚੋਂ ਕਿਸ ਦਾ ਇੱਕ-ਚੌਥਾਈ ਭਾਗ ਛਾਇਆਕ੍ਰਿਤ ਨਹੀਂ ਹੈ।

(i)  (ii) 

- ਟਾਈਲਾਂ ਲਗਾਉਣ ਲਈ ਵਰਤੋਂ ਵਿੱਚ ਆ ਸਕਣ ਵਾਲੀਆਂ ਆਕ੍ਰਿਤੀਆਂ ਦੀ ਪਛਾਣ ਕਰਵਾਉਣਾ।
- ਦਿੱਤੇ ਨੈੱਟ ਰਾਹੀਂ ਘਣ/ ਘਣਾਵ ਨੂੰ ਰੇਖਾ ਅੰਕਿਤ ਕਰਵਾਉਣਾ।
- ਰਿਫਲੈਕਸ਼ਨ/ ਅਕਸ ਰਾਹੀਂ ਸਮਮਿਤੀ ਦੀ ਧਾਰਨਾ ਨੂੰ ਪੇਪਰ ਫੋਲਡਿੰਗ, ਪੇਪਰ ਕਟਿੰਗ, ਸਿਆਹੀਚੱਕ ਆਦਿ ਰਾਹੀਂ ਦਿਖਾਉਣਾ।
- ਸਧਾਰਨ ਠੋਸ ਦੇ ਉਪਰਲੇ, ਸਾਹਮਣੇ, ਆਸੇ-ਪਾਸੇ ਦੀ ਦਿੱਖ ਨੂੰ ਰੇਖਾ ਅੰਕਿਤ ਕਰਨਾ।
- ਸਧਾਰਨ ਰੇਖਾ ਗਣਿਤਿਕ ਆਕ੍ਰਿਤੀਆਂ ਦੇ ਖੇਤਰਫਲ ਅਤੇ ਪਰਿਮਾਪ ਦੀ ਪੜ-ਚੋਲ ਕਰਵਾਉਣਾ (ਤ੍ਰਿਭੁਜ, ਆਇਤ, ਵਰਗ) ਤਾਂ ਜੋ ਕਿ ਦਿੱਤੀ ਆਕ੍ਰਿਤੀ ਵਿੱਚ ਕਿੰਨੀਆਂ ਦੂਸਰੀਆਂ ਆਕ੍ਰਿਤੀਆਂ ਸ਼ਾਮਿਲ ਹੋ ਸਕਦੀਆਂ ਹਨ। ਉਦਾਹਰਨ ਦੇ ਤੌਰ 'ਤੇ ਮੇਜ਼ ਦੀ ਉਪਰਲੀ ਸਤ੍ਹਾ 'ਤੇ ਕਿੰਨੀਆਂ ਪੁਸਤਕਾਂ ਪੂਰੀਆਂ ਆ ਸਕਦੀਆਂ ਹਨ।
- ਮੀਟਰ ਨੂੰ ਸੈਂਟੀਮੀਟਰ ਵਿੱਚ ਬਦਲਣਾ ਅਤੇ ਇਸਦੇ ਉਲਟ ਸੈਂਟੀਮੀਟਰ ਨੂੰ ਮੀਟਰ ਵਿੱਚ।
- ਵਸਤੂ ਦੀ ਲੰਬਾਈ, ਦੋ ਸਥਾਨਾਂ ਵਿਚਕਾਰਲੀ ਦੂਰੀ, ਵੱਖ-ਵੱਖ ਵਸਤੂਆਂ ਦਾ ਭਾਰ, ਤਰਲ ਦਾ ਆਇਤਨ ਆਦਿ ਦਾ ਅਨੁਮਾਨ ਲਗਾਉਣਾ ਅਤੇ ਅਸਲ ਮਾਪਾਂ ਰਾਹੀਂ ਪੜਤਾਲ ਕਰਨਾ।
- ਰੋਜ਼ਾਨਾ ਜੀਵਨ ਦੀਆਂ ਸਥਿਤੀਆਂ ਜਿਵੇਂ ਲੰਬਾਈ, ਦੂਰੀ, ਭਾਰ, ਆਇਤਨ ਅਤੇ ਸਮੇਂ ਨਾਲ ਸੰਬੰਧਤ ਸਮੱਸਿਆਵਾਂ ਦਾ ਹੱਲ ਲੱਭਣ ਲਈ ਅੰਕ ਗਣਿਤਿਕ ਮੂਲ ਧਾਰਨਾਵਾਂ ਦੀ ਵਰਤੋਂ ਕਰਨਾ।
- ਘੜੀ ਦੇ ਸਮੇਂ ਨੂੰ ਘੰਟਿਆਂ ਅਤੇ ਮਿੰਟਾਂ ਵਿੱਚ ਪੜ੍ਹਨਾ ਅਤੇ ਇਸਨੂੰ a.m. ਅਤੇ p.m. ਵਿੱਚ ਦਰਸਾ ਸਕਣਾ।
- 24 ਘੰਟਿਆਂ ਵਾਲੀ ਸਮਾਂ ਘੜੀ ਦਾ 12 ਘੰਟਿਆਂ ਵਾਲੀ ਸਮਾਂ ਘੜੀ ਨਾਲ ਸੰਬੰਧ ਸਥਾਪਿਤ ਕਰਨਾ।

- ਵੱਖਰੇ-2 ਅਰਧ ਵਿਆਸਾਂ ਦੇ ਚੱਕਰਾਂ ਦੀ ਪਰਕਾਰ ਦੀ ਸਹਾਇਤਾ ਨਾਲ਼ ਰਚਨਾ ਕਰਨਾ ਅਤੇ ਵੱਖ-ਵੱਖ ਆਕ੍ਰਿਤੀਆਂ ਦੇ ਡਿਜਾਇਨਾਂ ਦੀ ਪੜਚੋਲ ਕਰਨਾ।
- ਟਾਇਲਾਂ ਦੇ ਵੱਖਰੇ-2 ਪ੍ਰੇਖਣਾਂ ਨੂੰ ਵਿਚਾਰਨਾ ਜੋ ਉਹ ਆਪਣੇ ਘਰਾਂ/ਫੁੱਟਪਾਥਾਂ, ਵੱਖ-ਵੱਖ ਇਮਾਰਤਾਂ ਦੇ ਫਰਸ਼ਾਂ ਉੱਤੇ ਵੇਖਦੇ ਹਨ।
- ਆਪਣੀਆਂ ਖ਼ੁੱਦ ਦੀਆਂ ਟਾਈਲਾਂ ਬਣਾਉਣੀਆਂ ਅਤੇ ਪੜਤਾਲ ਕਰਨੀ ਕਿ ਟਾਇਲਾਂ ਜਿਹੜੀਆਂ, ਉਨ੍ਹਾਂ ਖ਼ੁੱਦ ਤਿਆਰ ਕੀਤੀਆਂ, ਸੁੰਦਰ ਟੈਸੇਲੇਟ ਹਨ ਜਾਂ ਨਹੀਂ।
- ਜਮਾਤ ਦੀਆਂ ਵੱਖ-ਵੱਖ ਵਸਤੂਆਂ ਨੂੰ ਵੱਖਰੇ-ਵੱਖਰੇ ਪਾਸਿਓ ਵੇਖਣਾ ਅਤੇ ਉਹਨਾਂ ਦਾ ਗ੍ਰਹਿਣ ਚਿੱਤਰਨ ਕਰਨਾ। ਉਦਾਹਰਨ ਦੇ ਤੌਰ ’ਤੇ ਗਲਾਸ ਸਾਹਮਣੇ ਤੋਂ ਇੱਕ ਜਿਹਾ ਹੀ ਨਜ਼ਰ ਆਉਂਦਾ ਹੈ।ਪ੍ਰਸ਼ਨ ਜਿਵੇਂ:ਪਰ ਇਹ ਉਪਰਲੇ ਪਾਸਿਓ ਕਿਸ ਤਰ੍ਹਾਂ ਨਜ਼ਰ ਆਵੇਗਾ। ਇਸ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ।
- ਰੁਪਏ ਨੂੰ ਪੈਸਿਆਂ ’ਚ ਬਦਲੋ, ਉਦਾਹਰਨ ਦੇ ਤੌਰ ’ਤੇ 20 ਰੁਪਏ ਦੇ ਬਦਲੇ ਵਿੱਚ ਕਿੰਨੇ 50 ਪੈਸੇ ਦੇ ਸਿੱਕੇ ਪ੍ਰਾਪਤ ਕਰੋਗੇ?
- ਬਿੱਲ ਤਿਆਰ ਕਰਵਾਉਣਾ ਤਾਂ ਜੋ ਬਿੱਲ ਤਿਆਰ ਕਰਨ ਸਮੇਂ ਵਿਦਿਆਰਥੀ ਮੂਲ ਗਣਿਤਿਕ ਕਿਰਿਆਵਾਂ ਜੋੜ, ਘਟਾ, ਗੁਣਾ ਅਤੇ ਭਾਗ ਦੀ ਵਰਤੋਂ ਕਰਨਗੇ।
- ਪਹਿਲਾਂ ਵਸਤੂਆਂ ਦੀ ਲੰਬਾਈ/ਦੂਰੀਆਂ ਦਾ ਅਨੁਮਾਨ ਲਗਾਉਣਾ ਅਤੇ ਫਿਰ ਅਸਲ ਮਾਪ ਨਾਲ਼ ਉਹਨਾਂ ਦੀ ਪੜਤਾਲ ਕਰਨਾ। ਉਦ-ਾਹਰਨ ਦੇ ਤੌਰ ’ਤੇ ਆਪਣੇ ਬੈੱਡ ਦੀ ਲੰਬਾਈ ਦਾ ਅਨੁਮਾਨ ਲਗਾਉਣਾ ਜਾਂ ਆਪਣੇ ਸਕੂਲ ਦੇ ਗੇਟ ਅਤੇ ਕਲਾਸ ਰੂਮ ਦੀ ਦੂਰੀ ਦਾ ਅਨੁਮਾਨ ਲਗਾਉਣ ਫਿਰ ਮਾਪ ਨਾਲ਼ ਇਸ ਦੀ ਪੜਤਾਲ ਕਰਨੀ।
- ਇੱਕ ਤੱਕੜੀ ਬਣਾਉਣੀ ਅਤੇ ਮਿਆਰੀ ਵੱਟਿਆਂ ਨਾਲ਼ ਵਸਤੂਆਂ ਨੂੰ ਤੋਲਨਾ। ਜੇਕਰ ਮਿ-ਆਰੀ ਵੱਟੇ ਨਾ ਹੋਣ ਤਾਂ ਮਿਆਰੀ ਵੱਟਿਆਂ ਦੇ ਬਰਾਬਰ ਪੈਕਟ ਜਿਵੇਂ 1/2 ਦਾਲ ਦੇ ਪੈਕਟ, 200 ਗ੍ਰਾਮ ਨਮਕ ਦੇ ਪੈਕਟ, 100 ਗ੍ਰਾਮ ਬਿ-ਸਕੁਟ ਦੇ ਪੈਕਟ ਦੀ ਵਰਤੋਂ ਕਰ ਲੈਣ।
- ਰੋਜ਼ਾਨਾ ਜੀਵਨ ਨਾਲ਼ ਸੰਬੰਧਤ ਸਮਾਂ ਅੰਤਰਾਲ/ਅਗੇਤਰ-ਪਿਛੇਤਰ ਜੋੜ-ਘਟਾਓ ਕਿਰਿਆਵਾਂ ਨਾਲ਼ ਗਣਨਾ ਕਰਨਾ।
- ਗੁਣਾ ਅਤੇ ਭਾਗ ਵਿੱਚ ਪੈਟਰਨ ਨੂੰ ਪਛਾਨਣਾ (9 ਦੇ ਗੁਣਾਕਾ ਤੱਕ)
- ਸਮਮਿਤੀ ਦੇ ਅਧਾਰ ਦੇ ਪ੍ਰੇਖਣ, ਪਛਾਣ ਅਤੇ ਅੰਕ ਗਣਿਤਿਕ ਨਮੂੰਨਿਆਂ ਦਾ ਵਿਸਥਾਰ।
- ਇੱਕਠੀ ਕੀਤੀ ਸੂਚਨਾ ਨੂੰ ਸਾਰਨੀਬੱਧ ਅਤੇ ਗ੍ਰਾਫ ਰਾਹੀਂ ਪੇਸ਼ਕਾਰੀ ਅਤੇ ਇਹਨਾਂ ਤੋਂ ਪ੍ਰਾਪਤ ਸੂਚ-ਨਾਵਾਂ ਨੂੰ ਅੰਕਿਤ ਕਰਨਾ।





- ਵੱਟਿਆਂ ਦੀ ਅਨੋਖੀ ਵਰਤੋਂ ਜਿਵੇਂ 500 ਗ੍ਰਾਮ ਥੈਲੀ ਦੀ ਜਗ੍ਹਾ 250 ਗ੍ਰਾਮ ਦੀਆਂ ਦੋ ਥੈਲੀਆਂ ਦੀ ਵਰਤੋਂ (ਜਾਂ ਬਰਾਬਰ ਭਾਰ ਵਾਲੇ ਪੱਥਰਾਂ ਦੀ ਵਰਤੋਂ ਆਦਿ) ਕਰਨਾ।
- ਆਪਣੇ-ਆਪ ਤਿਆਰ ਕੀਤੇ ਮਾਪਕ ਬਰਤਨ ਜੋ ਕਿ ਦੂਸਰੇ ਬਰਤਨ ਦੀ ਧਾਰਨ ਸਮਰੱਥਾ ਨੂੰ ਮਾਪਣ ਦੇ ਕੰਮ ਆਵੇ। ਉਦਾਹਰਨ ਦੇ ਤੌਰ ’ਤੇ ਇੱਕ ਬੋਤਲ ਦੀ ਧਾਰਨ ਸਮਰੱਥਾ 200 ਮਿ.ਲੀ. ਹੈ ਅਤੇ ਇਸ ਦੀ ਵਰਤੋਂ ਜੱਗ ਜਾਂ ਕਨਟੇਨਰ ਵਿੱਚ ਕਿੰਨਾ ਪਾਣੀ ਹੈ, ਪਤਾ ਕਰਨ ਲਈ ਕਰ ਸਕੇ।
- ਕੈਲੰਡਰ ਨੂੰ ਘੋਖਣਾ ਅਤੇ ਪੜ੍ਹਨਾ ਅਤੇ ਪਤਾ ਲਗਾਉਣਾ ਕਿ ਮਹੀਨੇ/ਸਾਲ ਵਿੱਚ ਕਿੰਨੇ ਹਫ਼ਤੇ ਹੁੰਦੇ ਹਨ।ਬੱਚੇ ਹਰੇਕ ਮਹੀਨੇ ਦੇ ਦਿਨਾਂ ਦੀ ਸੰਖਿਆ ਦੇ ਨਮੂੰਨੇ ਦੀ ਪੜਚੋਲ ਕਰਨ ਅਤੇ ਪਤਾ ਲਗਾਉਣ ਕਿ ਕਿਵੇਂ ਮਹੀਨੇ ਦੀਆਂ ਤਰੀਕਾਂ ਨਾਲ਼ ਦਿਨ ਸੰਬੰਧਤ ਹਨ ਆਦਿ।
- ਆਪਣੇ ਤਜ਼ਰਬਿਆਂ ਦੀ ਸਹੀ ਉਪਯੋਗਤਾ ਜਮਾਤ ਦੇ ਅੰਦਰ ਅਤੇ ਬਾਹਰ ਕਰਨਾ।ਸਹਿਪਾਠੀਆਂ ਨਾਲ਼ ਘੜੀ ਨੂੰ ਘੰਟੇ ਅਤੇ ਮਿੰਟਾਂ ਵਿੱਚ ਪੜ੍ਹਕੇ ਦੱਸ ਸਕਣ।
- ਕਿਸੇ ਘਟਨਾ ਵਿੱਚ ਬਤੀਤ ਹੋਏ ਸਮੇਂ ਦਾ ਅਗੇਤਰ ਸੰਖਿਆ ਜਾਨਣ ਜਾਂ ਜੋੜ-ਘਟਾਓ ਤਰੀਕੇ ਨਾਲ਼ ਪਤਾ ਲਗਾਉਣਾ।
- ਆਪਣੇ ਆਲ਼ੇ-ਦੁਆਲ਼ੇ ਮੌਜੂਦ ਨਮੂੰਨਿਆਂ/ਡਿਜ਼ਾਇਨਾਂ ਦੀ ਪੜਚੋਲ ਕਰਨਾ।(ਆਕ੍ਰਿਤੀਆਂ ਅਤੇ ਸੰਖਿਆਵਾਂ ਦੀ ਵਰਤੋਂ) ਅਜਿਹੇ ਪੈਟਰਨ ਨੂੰ ਬਣਾਉਣ ਅਤੇ ਉਹਨਾਂ ਦੇ ਵਿਸਥਾਰ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।
- ਆਪਣੀ ਰੋਜ਼ਾਨਾ ਜੀਵਨ ਨਾਲ਼ ਸੰਬੰਧਤ ਸੂਚਨਾਵਾਂ ਇੱਕਠਆਂ ਕਰਨੀਆਂ ਅਤੇ ਉਹਨਾਂ

ਦੇ ਅਰਥਪੂਰਨ ਸਿੱਟੇ ਕੱਢਣੇ। ਅਜਿਹੇ ਤਜ਼ਰਬੇ ਵਰਤਣੇ ਕਿ ਬੱਚਾ ਅੰਕੜਿਆਂ ਦੇ ਪ੍ਰਬੰਧਨ ਦੀਆਂ ਕਿਰਿਆਵਾਂ ਵਿੱਚ ਸ਼ਾਮਿਲ ਹੋ ਸਕੇ।

- ਅਖ਼ਬਾਰਾਂ/ ਰਸਾਲਿਆਂ ਤੋਂ ਅੰਕੜਿਆਂ/ ਛੜ ਗ੍ਰਾਫ ਨੂੰ ਪੜ੍ਹਨਾ ਅਤੇ ਉਹਨਾਂ ਦੀ ਵਿਆਖਿਆ ਕਰਨਾ।

## ਜਮਾਤ ਪੰਜਵੀਂ (ਗਣਿਤ)

### ਸੁਝਾਈਆਂ ਗਈਆਂ ਵਿਧੀਆਂ

**ਵਿਦਿਆਰਥੀ ਨੂੰ ਜੋੜਿਆਂ/ ਸਮੂਹਾਂ/ ਵਿਅਕਤੀਗਤ ਰੂਪ ਵਿੱਚ ਮੌਕੇ ਦਿੱਤੇ ਜਾ ਸਕਦੇ ਹਨ ਅਤੇ ਉਤਸ਼ਾਹਿਤ ਕਰਨ ਲਈ:**

- ਪਾਠਕ੍ਰਮ ਦੇ ਅਧਾਰ 'ਤੇ ਅਜਿਹੀਆਂ ਸਥਿਤੀਆਂ ਦੀ ਵਿਚਾਰ ਚਰਚਾ ਕਰੋ ਜਿਸ ਵਿੱਚ ਸੰਖਿਆ 1000 ਤੋਂ ਵੱਧ ਸੰਖਿਆਵਾਂ ਦੀ ਲੋੜ ਮਹਿਸੂਸ ਹੋਵੇ ਤਾਂ ਜੋ ਸੰਖਿਆ ਪ੍ਰਣਾਲੀ ਦਾ ਵਿਕਾਸ ਕੁਦਰਤੀ ਰੂਪ ਵਿੱਚ ਹੋ ਸਕੇ। ਉਦਾਹਰਨ ਦੇ ਤੌਰ 'ਤੇ 10 ਕਿ:ਗ੍ਰਾਮ ਵਿੱਚ ਗ੍ਰਾਮਾਂ ਦੀ ਸੰਖਿਆ।20ਕਿ:ਮੀ. ਵਿੱਚ ਮੀਟਰਾਂ ਦੀ ਸੰਖਿਆ ਆਦਿ।
- ਅੰਕ ਸਥਾਨ ਪ੍ਰਣਾਲੀ ਦੀ ਵਰਤੋਂ ਕਰਕੇ 1000 ਤੋਂ ਅਗਲੀਆਂ ਸੰਖਿਆਵਾਂ ਦੀ ਪੇਸ਼ਕਾਰੀ (100000 ਤੱਕ) ਜਿਵੇਂ 9 ਹਜਾਰ ਤੋਂ ਅਗਲੀਆਂ ਸੰਖਿਆਵਾਂ ਦਾ ਲਿਖਣਾ, 9999 ਤੋਂ ਇੱਕ ਵੱਧ ਸੰਖਿਆ ਕਿਵੇਂ ਲਿਖਾਂਗੇ।
- ਮੂਲ ਐਲਗੋਰਿਥਮ ਦੀ ਵਰਤੋਂ ਕਰਕੇ ਵੱਡੀਆਂ ਸੰਖਿਆਵਾਂ ਨੂੰ ਸੰਚਲਿਤ (ਜੋੜ ਅਤੇ ਘਟਾਓ) ਕਰਨਾ।
- ਇਸ ਦੀ ਪਛਾਣ ਇਕ ਹੋਰ ਸਥਾਨ ਲਈ ਐਲਗੋਰਿਥਮ ਦੇ ਵਿਸਥਾਰ ਦੇ ਤੌਰ 'ਤੇ ਕੀਤੀ ਜਾ ਸਕਦੀ ਹੈ।
- ਸੰਖਿਆਵਾਂ ਦੇ ਭਾਗ ਦੇ ਲਈ ਵੱਖਰੀਆਂ-2

### ਸਿੱਖਣ ਨਤੀਜੇ

**ਸਿਖਿਆਰਥੀ ਲਈ: ਵੱਡੀਆਂ ਸੰਖਿਆਵਾਂ ਨਾਲ਼ ਅਧਿਐਨ**

- ਉਸ ਦੇ ਆਲ਼ੇ-ਦੁਆਲ਼ੇ ਵਰਤੀਆਂ ਜਾਂਦੀਆਂ 1000 ਤੋਂ ਵੱਡੀਆਂ ਸੰਖਿਆਵਾਂ ਨੂੰ ਪੜ੍ਹਨਾ ਅਤੇ ਲਿਖਣਾ।
- ਅੰਕਾਂ ਦੇ ਸਥਾਨਕ ਮੁੱਲ ਸੰਖਿਆ ਪ੍ਰਣਾਲੀ ਦੀ ਸਮਝ ਦੇ ਅਧਾਰ ਤੇ 1000 ਤੋਂ ਵੱਡੀਆਂ ਸੰਖਿਆ ਉਪਰ ਮੂਲ ਅੰਕ ਗਣਿਤਿਕ ਧਾਰਨਾਵਾਂ ਦੀ ਕਿਰਿਆ ਕਰਨਾ।
- ਇੱਕ ਸੰਖਿਆ ਨੂੰ ਦੂਸਰੀ ਸੰਖਿਆ ਦੇ ਨਾਲ਼ ਮਿਆਰੀ ਐਲਗੋਰਿਥਮ ਦੀ ਸਹਾਇਤਾ ਨਾਲ਼ ਭਾਗ ਕਰਨਾ।
- ਸੰਖਿਆਵਾਂ ਦੇ ਜੋੜ, ਅੰਤਰ, ਗੁਣਨਫਲ ਅਤੇ ਭਾਗਫਲ ਦਾ ਅਨੁਮਾਨਿਤ ਮੁੱਲ ਲੱਭਣਾ ਅਤੇ ਮਿਆਰੀ ਐਲਗੋਰਿਥਮ ਜਾਂ ਸੰਖਿਆ ਵਿੱਚ ਬਰੈਕਟਾਂ ਅਤੇ ਮੂਲ ਗਣਿਤਿਕ ਧਾਰਨਾਵਾਂ ਵਰਗੀਆਂ ਵਿਧੀਆਂ ਰਾਹੀਂ ਪੜਤਾਲ ਕਰਨਾ। (ਉਦਾਹਰਨ ਦੇ ਤੌਰ 'ਤੇ 9450 ਨੂੰ 25 ਨਾਲ਼ ਭਾਗ ਕਰਨ ਲਈ, 9000 ਨੂੰ 25 ਨਾਲ਼, 400 ਨੂੰ 25 ਨਾਲ਼ ਅਤੇ 50 ਨੂੰ 25 ਨਾਲ਼ ਭਾਗ ਕਰਕੇ ਸਾਰੇ ਭਾਗਫਲਾਂ ਨੂੰ ਜੋੜਨ ਉਪਰੰਤ ਉਤਰ ਪ੍ਰਾਪਤ ਕੀਤਾ ਜਾ ਸਕਦਾ ਹੈ)।

**ਭਿੰਨਾਂ ਬਾਰੇ ਸਮਝ ਹਾਸਲ ਕਰਨਾ**





ਵਿਧੀਆਂ ਦੀ ਵਰਤੋਂ ਕਰੋ ਜਿਵੇਂ ਬਰਾਬਰ ਵੰਡ ਵਿਧੀ ਅਤੇ ਗੁਣਾਂ ਦੀ ਉਲਟ ਪ੍ਰਕਿਰਿਆ।

- ਸੰਖਿਆਵਾਂ ਦੇ ਗੁਣਨਫ਼ਲ ਦੇ ਤੱਥ ਤੋਂ ਸੰਖਿਆ ਦੇ ਗੁਣਜਾਂ ਦੇ ਵਿਚਾਰ ਨੂੰ ਵਿਕਸਿਤ ਕਰਨਾ, ਸੰਖਿਆ ਰੇਖਾ ਉਪਰ, ਸੰਖਿਆ ਗਿਣਤੀ ਨੂੰ ਛੱਡਣਾ (ਟੋਕਵੀਂ ਗਿਣਤੀ) ਅਤੇ ਸੰਖਿਆ ਜਾਲ।
- ਸੰਖਿਆ ਦੇ ਭਾਗ ਅਤੇ ਗੁਣਜਾਂ ਤੋਂ ਗੁਣਨਖੰਡਾ ਦੀ ਧਾਰਨਾ ਵਿਕਸਿਤ ਕਰਨਾ।
- ਨਿਕਟੀਕਰਨ ਰਾਹੀਂ ਸਿੱਟਿਆਂ ਦਾ ਅਨੁਮਾਨ ਲਗਾਉਣਾ ਅਤੇ ਫਿਰ ਪੜਤਾਲ ਕਰਨਾ।
- ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਵਿੱਚੋਂ ਪਾਠਕ੍ਰਮ/ ਸਥਿਤੀਆਂ ਦਾ ਵਿਚਾਰ ਅਤੇ ਵਰਤੋਂ ਕਰਨਾ ਤਾਂ ਜੋ ਸਮੂਹਿਕ ਭਾਗ ਦੇ ਅੰਸ਼ਿਕ ਭਾਗ ਦੀ ਧਾਰਨਾ ਵਿਕਸਿਤ ਹੋ ਸਕੇ।ਜਿਵੇਂ ਅੱਧੀ ਦਰਜਨ ਕੇਲਿਆਂ ਵਿੱਚ ਕਿੰਨੇ ਕੇਲੇ ਹੁੰਦੇ ਹਨ।
- ਭਿੰਨਾਂ ਦੀ ਤੁਲਨਾ ਵੱਖ-ਵੱਖ ਤਰੀਕਿਆਂ/ ਵਿਧੀਆਂ ਜਿਵੇਂ ਪੇਪਰ ਫੋਲਡਿੰਗ, ਚਿੱਤਰ ਨੂੰ ਛਾਇਆ ਅੰਕਿਤ ਕਰਨਾ ਆਦਿ ਰਾਹੀਂ ਕਰਨਾ।
- ਵੱਖ-ਵੱਖ ਕਿਰਿਆਵਾਂ ਰਾਹੀਂ ਤੁਲ ਤਿੰਨ ਦੀ ਧਾਰਨਾ ਨੂੰ ਵਿਕਸਿਤ ਕਰਨਾ। ਉਦਾਹਰਨ ਵਜੋਂ: ਪੇਪਰ ਮੋੜਨ ਅਤੇ ਛਾਇਆ ਅੰਕਣ ਰਾਹੀਂ:




- ਦਸ਼ਮਲਵ ਭਿੰਨ ਧਾਰਨਾ ਨੂੰ ਸਮਝਣਾ (ਜਿਵੇਂ 1/10 ਵਾਂ ਅਤੇ 1/100 ਵਾਂ ਹਿੱਸਾ)

- ਇੱਕਠੇ ਕੀਤੇ ਸਮੂਹ ਦੇ ਹਿੱਸੇ ਦਾ ਅਨੁਸਾਰੀ ਅੰਕ ਪਤਾ ਕਰਨਾ।
- ਦਿੱਤੇ ਭਿੰਨਾਂ ਦੇ ਸਮਾਨ/ਤੁਲ ਭਿੰਨਾਂ ਨੂੰ ਲੱਭਣਾ ਅਤੇ ਪਛਾਣ ਕਰਨੀ।
- ਦਿੱਤੇ ਭਿੰਨਾਂ 1/2, 1/4, 1/5 ਨੂੰ ਦਸ਼ਮਲਵ ਰੂਪ ਵਿੱਚ ਪੇਸ਼ ਕਰਨਾ ਅਤੇ ਇਸ ਦੇ ਉਲਟ; ਜਿਵੇਂ ਕਿ ਲੰਬਾਈ ਦੀ ਇਕਾਈ ਵਿੱਚ ਵਰਤੋਂ ਅਤੇ ਪੈਸੇ ਵਿੱਚ 10 ਰੁਪਏ ਦਾ ਅੱਧਾ 5 ਰੁਪਏ ਹੈ।
- ਭਿੰਨਾਂ ਨੂੰ ਦਸ਼ਮਲਵਾਂ ਵਿੱਚ ਬਦਲਣਾ ਅਤੇ ਇਸਦੇ ਉਲਟ ਦਸ਼ਮਲਵਾਂ ਨੂੰ ਤਿੰਨ ਸੰਖਿਆ ਵਿੱਚ ਬਦਲਣਾ।

ਕੋਣਾਂ ਅਤੇ ਆਕ੍ਰਿਤੀਆਂ ਦੀ ਧਾਰਨਾ ਦੀ ਪੜਚੋਲ

- ਕੋਣਾਂ ਦਾ ਵਰਗੀਕਰਨ-ਸਮਕੋਣ, ਨਿਊਨ ਕੋਣ, ਅਧਿਕ ਕੋਣ ਵਜੋਂ ਕਰਨ ਅਤੇ ਉਹਨਾਂ ਨੂੰ ਟਰੇਸਿੰਗ ਅਤੇ ਚਿੱਤਰਨ ਰਾਹੀਂ ਪੇਸ਼ ਕਰਨਾ।
- ਮੌਜੂਦ/ ਤੁਰੰਤ ਵਾਤਾਵਰਨ ਵਿੱਚ ਪਸਾਰੀ (2D) ਆਕ੍ਰਿਤੀਆਂ ਦੀ ਪਛਾਨ ਕਰਨਾ, ਜਿਸ ਦੀ ਘੁੰਮਣ ਅਤੇ ਅਕਸ/ ਪਰਛਾਣਾ ਪਰਛਾਵਾਂ ਸਮਮਿਤੀ ਹੋਵੇ ਜਿਵੇਂ ਕਿ ਅੰਗਰੇਜ਼ੀ ਵਰਨਮਾਲ਼ਾ ਅਤੇ ਆਕ੍ਰਿਤੀਆਂ।
- ਘਣ, ਬੇਲਨ ਅਤੇ ਸ਼ੰਕੂ ਬਣਾਉਣੇ ਜੋ ਕਿ ਇਹਨਾਂ ਦੇ ਉਦੇਸ਼ ਦੀ ਪੂਰਤੀ ਦੇ ਲਈ ਬਣਾਏ ਜਾਲ ਤੋਂ ਤਿਆਰ ਹੋਣ ।
- ਲੰਬਾਈ, ਭਾਰ ਅਤੇ ਆਇਤਨ ਦੇ ਲਈ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਵੱਖਰੀਆਂ-ਵੱਖਰੀਆਂ ਵੱਡੀਆਂ ਛੋਟੀਆਂ ਇਕਾਈਆਂ ਦਾ ਆਪਸੀ ਸਬੰਧ ਸਥਾਪਿਤ ਕਰਨਾ ਅਤੇ ਵੱਡੀ ਇਕਾਈ ਨੂੰ ਛੋਟੀ ਇਕਾਈ ਅਤੇ ਛੋਟੀ ਇਕਾਈ ਨੂੰ ਵੱਡੀ ਵਿੱਚ ਤਬਦੀਲ ਕਰਨਾ।
- ਠੋਸ ਆਕ੍ਰਿਤੀਆਂ ਦੇ ਆਇਤਨ ਦਾ ਅਨੁਮਾਨ ਪ੍ਰਚਲਤ ਇਕਾਈਆਂ ਵਿੱਚ ਲਗਾਉਣਾ ਜਿਵੇਂ ਕਿ ਇੱਕ ਬਾਲਟੀ ਦਾ ਘਣਫਲ ਲਗਭਗ 20 ਮੱਗਾਂ ਦੇ ਘਣਫਲ ਦੇ ਬਰਾਬਰ ਹੈ।
- ਗਣਿਤ ਦੀਆਂ ਦੇ ਮੂਲ ਚਾਰ ਗਣਿਤਕ ਧਾਰਨਾਵਾਂ

ਦੀ ਵਰਤੋਂ ਗਣਿਤਿਕ ਸਮੱਸਿਆ ਪੈਸੇ, ਲੰਬਾਈ, ਪੁੰਜ, ਧਾਰਨ ਸਮਰੱਥਾ ਅਤੇ ਸਮੇਂ ਅੰਤਰਾਲ ਵਿੱਚ ਕਰਨਾ।

- ਤਿਕੋਣੀ ਸੰਖਿਆਵਾਂ ਅਤੇ ਵਰਗ ਸੰਖਿਆਵਾਂ ਦੇ ਨਮੂੰਨਿਆਂ ਦੇ ਪਛਾਣ ਕਰਨਾ।
- ਰੋਜ਼ਾਨਾ ਜੀਵਨ ਨਾਲ਼ ਸੰਬੰਧਤ ਸਥਿਤੀਆਂ ਸਬੰਧੀ ਅੰਕੜੇ ਇੱਕਠੇ ਕਰਨਾ, ਇਸ ਨੂੰ ਸਾਰਨੀਬੱਧ ਕਰਨਾ, ਛੜ ਗ੍ਰਾਫ ਰਾਹੀਂ ਪੇਸ਼ ਕਰਨਾ ਅਤੇ ਮੁਲਾਂਕਣ ਕਰਨਾ।
- ਕੋਣਾਂ ਸਬੰਧੀ ਪੂਰਵ ਗਿਆਨ ਨੂੰ ਵਿਕਸਿਤ ਕਰਨਾ ਅਤੇ ਵਰਣਨ ਕਰਨਾ।
- ਆਲ਼ੇ-ਦੁਆਲ਼ੇ ਤੋਂ ਕੋਣਾਂ ਨੂੰ ਲੱਭਣਾ ਅਤੇ ਉਹਨਾਂ ਦੇ ਮਾਪਾਂ ਦੀ ਤੁਲਨਾ ਕਰਨਾ। ਉਦਾਹਰਨ ਦੇ ਤੌਰ 'ਤੇ ਕਿਤਾਬ ਦੇ ਕਿਨਾਰੇ ਦਾ ਕੋਣ, ਛੋਟਾ ਹੈ, ਵੱਡਾ ਹੈ ਕਿ ਬਰਾਬਰ ਹੈ, ਫਿਰ ਕੋਣਾਂ ਦਾ ਵਰਗੀਕਰਨ ਕਰਨਾ।
- ਕੋਣਾਂ ਦੇ ਮਾਪਕ ਵਜੋ ਡੀ (ਪ੍ਰੋਟੈਕਟਰ) ਦੀ ਜਾਣ-ਪਛਾਣ ਕਰਵਾਉਣਾ ਅਤੇ ਕੋਣਾਂ ਨੂੰ ਬਣਾਉਣ ਅਤੇ ਮਾਪਕ ਵਜੋਂ ਵਰਤਣਾ।
- ਕਾਗਜ਼ ਮੋੜਨ/ਕੱਟਣ ਵਿਧੀ ਰਾਹੀਂ ਸਮਮਿਤੀ ਧਾਰਨਾ ਦੀ ਪੜਚੋਲ ਕਰਨਾ।
- ਆਕ੍ਰਿਤੀਆਂ ਦੀ ਪੜਚੋਲ ਕਰਨਾ ਤਾਂ ਜੋ ਪਤਾ ਕਰ ਸਕਣ ਕਿ ਕੁਝ ਆਕ੍ਰਿਤੀਆਂ ਪੂਰਨ ਘੁੰਮਣ/ ਆਸ਼ਿਕ ਘੁੰਮਣ ਦੇ ਇਕੋ ਜਿਹੀਆਂ ਦਿਸਦੀਆਂ ਹਨ।
- ਆਪਣੀ ਖਰੀਦਦਾਰੀ ਦੀ ਯੋਜਨਾ ਬਣਾਉਣਾ-ਪੈਸਿਆਂ ਦਾ ਅਨੁਮਾਨ ਲਗਾਉਣਾ (ਵੱਖ-ਵੱਖ ਹਿੰਦਸਿਆਂ 'ਚ) ਅਤੇ ਬਕਾਇਆ ਰਾਸ਼ੀ ਕਿੰਨੀ ਮਿਲੇਗੀ।
- ਦੁਕਾਨਦਾਰ/ਖਰੀਦਦਾਰ ਦੀ ਭੂਮਿਕਾ ਨਿਭਾਉਣ ਯੋਗ ਲਘੂ ਨਾਟਕਾਂ ਦਾ ਆਯੋਜਨ ਕਰਨਾ, ਵਿਦਿਆਰਥੀ ਬਿੱਲ ਬਣਾਉਣਾ।
- ਵੱਖ-ਵੱਖ ਵਸਤੂਆਂ ਦੀ ਟੇਪ ਜਾਂ ਮੀਟਰ ਸਕੇਲ ਨਾਲ਼ ਲੰਬਾਈ ਮਾਪਣਾ।





- ਵੱਡੀਆਂ ਇਕਾਈਆਂ ਨੂੰ ਛੋਟੀਆਂ ਇਕਾਈਆਂ ਵਿੱਚ ਤਬਦੀਲ ਦੀ ਲੋੜ ਦਾ ਮੁਲਾਂਕਣ ਕਰਨਾ।
- ਪਾਣੀ ਦੀ ਬੋਤਲ, ਸੋਡੇ ਦੀ ਬੋਤਲ ਆਦਿ ਉਪਰ ਅੰਕਿਤ ਮਾਤਰਾ ਦੀ ਇਕਾਈਆਂ ਦੇ ਤਜਰਬੇ ਦੀ ਚਰਚਾ ਕਰਨਾ।
- ਦਿੱਤੀ ਹੋਈ ਜਗ੍ਹਾ ਨੂੰ ਵੱਖਰੀਆਂ-ਵੱਖਰੀਆਂ ਠੋਸ ਆਕ੍ਰਿਤੀਆਂ ਘਣ, ਘਣਾਵ, ਪ੍ਰਿਜ਼ਮ ਅਤੇ ਗੋਲੇ ਆਦਿ ਨਾਲ਼ ਭਰਨਾ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨਾ ਕਿ ਉਹ ਨਿਸ਼ਚੇ ਕਰ ਸਕਣ ਕਿ ਕਿਹੜਾ ਠੋਸ ਜ਼ਿਆਦਾ ਉਚਿਤ ਹੈ।
- ਦਿੱਤੀ ਹੋਈ ਖਾਲੀ ਜਗ੍ਹਾ, ਵਿੱਚ ਘਣਾਂ ਦੀ ਗਿਣਤੀ ਕਰਕੇ ਆਇਤਨ ਪਤਾ ਕਰਨਾ।
- ਵੱਖਰੀਆਂ-ਵੱਖਰੀਆਂ ਗਣਿਤਿਕ-ਕਿਰਿਆਵਾਂ ਵਿੱਚ ਸੰਖਿਆਵਾਂ ਵਿੱਚ ਸਥਾਪਿਤ ਹੋ ਰਹੇ ਪੈਟਰਨ ਦੀ (ਨਮੂੰਨਿਆਂ) ਪੜਚੋਲ ਕਰਨਾ ਅਤੇ ਆਮ ਸਿੱਟਾ ਕੱਢਣ ਜਿਵੇਂ ਵਰਗ ਅੰਕਾਂ ਦਾ ਨਮੂੰਨਾ (ਪੂਰਨ ਵਰਗ ਸੰਖਿਆ)।
- ਤਿਕੋਣ ਅੰਕਾਂ ਦਾ ਨਮੂਨਾ ਜੋ ਨਿਮਨ ਅਨੁਸਾਰ ਹੈ।
- ਅੰਕੜੇ ਇੱਕਠੇ ਕਰਕੇ ਅਤੇ ਚਿੱਤਰ ਆਲੇਖਾਂ ਰਾਹੀਂ ਨਿਰੂਪਿਤ ਕਰਨਾ। ਉਦਾਹਰਨ ਤੌਰ 'ਤੇ ਜਮਾਤਾਂ ਵਿੱਚੋਂ ਵਿਦਿਆਰਥੀਆਂ ਦੇ ਕੱਦ ਅਤੇ ਇਹਨਾਂ ਨੂੰ ਚਿੱਤਰ ਆਲੇਖ ਰਾਹੀਂ ਪੇਸ਼ ਕਰਨਾ।
- ਅਖ਼ਬਾਰਾਂ/ ਰਸਾਲਿਆਂ ਵਿੱਚੋਂ ਵੱਖ-ਵੱਖ ਚਿੱਤਰ/ ਛੜ ਗ੍ਰਾਫ ਇੱਕਠੇ ਕਰਕੇ ਜਮਾਤ ਵਿੱਚ ਵਿਚਾਰ-ਵਟਾਦਰਾਂ ਕੀਤਾ ਜਾ ਸਕਦਾ ਹੈ।

# ਗਣਿਤ ਵਿੱਚ ਸਿੱਖਣ ਨਤੀਜੇ – ਅਪਰ ਪ੍ਰਾਇਮਰੀ ਸਟੇਜ

## ਪਾਠਕ੍ਰਮ ਦੇ ਉਦੇਸ਼

- ਸੰਖਿਆਵਾਂ ਦੇ ਠੋਸ ਵਿਚਾਰ ਤੋਂ ਸੰਖਿਆ ਭਾਵ ਵੱਲ ਜਾਣਾ।
- ਸੰਖਿਆਵਾਂ ਵਿਚਕਾਰ ਸੰਬੰਧਾਂ ਨੂੰ ਸਮਝਣਾ ਅਤੇ ਸੰਬੰਧਾਂ ਵਿੱਚ ਨਮੂੰਨਿਆਂ ਦੀ ਭਾਲ ਕਰਨਾ।
- ਚਲ, ਵਿਅੰਜਕ, ਸਮੀਕਰਨ ਅਤੇ ਤਤਸਮਕ ਦੀਆਂ ਧਾਰਨਾਵਾਂ ਦੇ ਸੰਕਲਪ ਸਮਝਣਾ ਅਤੇ ਲਾਗੂ ਕਰਨਾ।
- ਅੰਕ ਗਣਿਤ ਅਤੇ ਬੀਜ ਗਣਿਤ ਨੂੰ ਜੀਵਨ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵਰਤਣਾ ਅਤੇ ਅਰਥ ਪੂਰਨ ਸਮੱਸਿਆਵਾਂ ਬਣਾਉਣਾ।
- ਤ੍ਰਿਭੁਜਾਂ, ਚੱਕਰਾਂ ਅਤੇ ਚਤੁਰਭੁਜਾਂ ਵਰਗੀਆਂ ਅਕ੍ਰਿਤੀਆਂ ਵਿੱਚ ਸਮਰੂਪਤਾ ਖੋਜਦੇ ਹੋਏ ਸੁਹਜ ਭਾਵਨਾ ਪੈਦਾ ਕਰਨਾ।
- ਸਥਾਨ ਨੂੰ ਕਿਸੇ ਖੇਤਰ ਦੇ ਰੂਪ ਵਿੱਚ ਇੱਕ ਆਕ੍ਰਿਤੀ ਦੀ ਸੀਮਾ ਅੰਦਰ ਹੋਣ ਦੀ ਪਛਾਣ ਕਰਨਾ।
- ਘੇਰਾ, ਖੇਤਰਫਲ਼ ਅਤੇ ਆਇਤਨ ਦੇ ਰੂਪ ਵਿੱਚ ਵੱਖਰੀ ਸਮਝ ਵਿਕਸਤ ਕਰਨੀ ਅਤੇ ਉਸ ਨੂੰ ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਵਰਤਣਾ।
- ਗਣਿਤ ਪ੍ਰਸੰਗ ਵਿੱਚ ਆਪਣੇ ਸਿੱਟੇ ਨੂੰ ਜਾਇਜ਼ ਠਹਿਰਾਉਣ ਲਈ ਤਰਕ ਅਤੇ ਭਰੋਸੇਯੋਗ ਬਹਿਸ ਮੁਹੱਈਆ ਕਰਵਾਉਣ ਲਈ ਸਿੱਖਣਾ।
- ਆਪਣੇ ਰੋਜ਼ਾਨਾ ਜੀਵਨ ਦੇ ਤਜ਼ਰਬਿਆਂ ਤੋਂ ਅੰਕੜੇ/ ਜਾਣਕਾਰੀ ਇੱਕਠਾ ਕਰਨਾ, ਪੇਸ਼ ਕਰਨਾ (ਗਰਾਫ/ ਸਾਰਨੀ) ਅਤੇ ਉਹਨਾਂ ਦੀ ਵਿਆਖਿਆ ਕਰਨੀ।





## ਜਮਾਤ ਛੇਵੀਂ (ਗਣਿਤ)

### ਸੁਝਾਈਆਂ ਗਈਆਂ ਵਿਧੀਆਂ

**ਸਿਖਿਆਰਥੀਆਂ ਨੂੰ ਜੋੜਿਆਂ/ ਸਮੂਹਾਂ ਅਤੇ ਵਿਅਕਤੀਗਤ ਤੌਰ 'ਤੇ ਮੌਕੇ ਪ੍ਰਦਾਨ ਕੀਤੇ ਜਾਣਗੇ ਅਤੇ ਉਤਸ਼ਾਹਿਤ ਕੀਤਾ ਜਾਵੇਗਾ ਕਿ:**

- ਅੱਠ (8) ਅੰਕਾਂ ਤੱਕ ਦੀਆਂ ਸੰਖਿਆਵਾਂ ਜਿਵੇਂ ਕਿ ਜਾਇਦਾਦ ਦੀ ਕੀਮਤ ਅਤੇ ਵੱਖ-ਵੱਖ ਸ਼ਹਿਰਾਂ ਦੀ ਜਨਸੰਖਿਆ ਆਦਿ ਵਰਗੇ ਹਾਲਤਾਂ ਵਿੱਚ ਮੁਕਾਬਲਾ ਕਰਨ ਦੇ ਯੋਗ ਹੋਣਾ।
- ਉਹਨਾਂ ਹਾਲਾਤਾਂ ਵਿੱਚ ਜਿਵੇਂ ਦੋ ਘਰਾਂ ਦਾ ਖਰੀਦ ਮੁੱਲ, ਦਰਸ਼ਕਾਂ ਦੀ ਗਿਣਤੀ, ਪੈਸੇ ਦਾ ਲੈਣ-ਦੇਣ ਆਦਿ ਵਿੱਚ ਸੰਖਿਆਵਾਂ ਦੀ ਤੁਲਨਾ ਕਰਨ ਦੇ ਯੋਗ ਬਣਾਉਣਾ।
- ਸੰਖਿਆਵਾਂ ਨੂੰ ਉਨਾਂ ਦੇ ਗੁਣਾਂ ਜਿਵੇਂ ਜਿਸਤ, ਟਾਂਕ ਆਦਿ ਦੇ ਆਧਾਰ 'ਤੇ ਵਰਗੀਕਰਨ ਕਰ ਸਕੇ।
- ਪੈਟਰਨਾਂ ਦੀ ਘੋਖ ਕਰੇ ਜੋ 2,3,4,5,6,8,10 ਅਤੇ 11 ਦੀ ਭਾਜਯੋਗਤਾ ਵੱਲ ਲਿਜਾਣ।
- ਸੰਖਿਆਵਾਂ ਦੇ ਨਮੂੰਨੇ ਬਣਾਏ ਜਿੰਨ੍ਹਾਂ ਨਾਲ ਮ.ਸ.ਵ. ਅਤੇ ਲ.ਸ.ਵ. ਪਤਾ ਕੀਤਾ ਜਾ ਸਕੇ।
- ਰੋਜ਼ਾਨਾ ਜੀਵਨ ਦੀਆਂ ਉਹ ਹਾਲਤਾਂ ਪਤਾ ਲਗਾਵੇ ਜੋ ਲ.ਸ.ਵ. ਅਤੇ ਮ.ਸ.ਵ. ਨਾਲ਼ ਸੰਬੰਧਤ ਹੋਣ।
- ਰਿਣਾਤਮਕ ਸੰਖਿਆਵਾਂ ਨਾਲ਼ ਸੰਬੰਧਤ, ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਬਣਾ ਕੇ ਚਰਚਾ ਕਰਨਾ।
- ਉਹ ਹਾਲਤਾਂ ਜਿੰਨ੍ਹਾਂ ਨੂੰ ਭਿੰਨ੍ਹਾਂ ਅਤੇ ਦਸ਼ਮਲਵਾਂ ਵਿੱਚ ਦਰਸਾਉਣ ਦੀ ਲੋੜ ਹੋਵੇ, ਉਹਨਾਂ ਨੂੰ ਤਿਆਰ ਕਰਕੇ ਚਿੱਤਰਾਂ ਰਾਹੀਂ ਦਰਸਾਉਣਾ।
- ਵੱਖ-ਵੱਖ ਗਣਿਤਕ ਪ੍ਰਸੰਗਾਂ ਵਿੱਚ ਅਣਜਾਣ ਰਾਸ਼ੀਆਂ ਨੂੰ ਚਲਾਂ ਰਾਹੀਂ ਦਰਸਾਉਣ ਦੀ ਜ਼ਰੂਰਤ ਨੂੰ ਪ੍ਰੋਤਸਾਹਿਤ ਕਰਨਾ।
- ਚਲ/ ਵਰਣਮਾਲ਼ਾ ਅੱਖਰਾਂ ਦੀ ਵਰਤੋਂ ਦੀ ਲੋੜ ਦੀ

### ਸਿੱਖਣ ਨਤੀਜੇ

**ਸਿਖਿਆਰਥੀ**

- ਵੱਡੀਆਂ ਸੰਖਿਆਵਾਂ ਨਾਲ਼ ਸੰਬੰਧਿਤ ਸਮੱਸਿਆਵਾਂ ਨੂੰ ਯੋਗ ਕਿਰਿਆਵਾਂ (ਜੋੜ, ਘਟਾਉ, ਗੁਣਾ ਅਤੇ ਵੰਡ) ਰਾਹੀਂ ਹੱਲ ਕਰ ਸਕੇਗਾ।
- ਸੰਖਿਆਵਾਂ ਦੇ ਵਿਸ਼ਾਲ ਵਰਗੀਕਰਨ ਜਿਵੇਂ ਜਿਸਤ, ਟਾਂਕ, ਸਹਿਅਭਾਜ ਆਦਿ ਨੂੰ ਪਹਿਚਾਣੇਗਾ ਅਤੇ ਨਮੂੰਨਿਆਂ ਰਾਹੀਂ ਇਸ ਵਰਗੀਕਰਨ ਦੀ ਕਦਰ ਵਧਾਏਗਾ।
- ਮ.ਸ.ਵ. ਅਤੇ ਲ.ਸ.ਵ. ਨੂੰ ਇੱਕ ਖਾਸ ਸਥਿਤੀ ਵਿੱਚ ਲਾਗੂ ਕਰੇਗਾ।
- ਸੰਪੂਰਨ ਸੰਖਿਆਵਾਂ ਨਾਲ਼ ਸੰਬੰਧਤ ਜੋੜ ਅਤੇ ਘਟਾਓ ਦੇ ਸਵਾਲਾਂ ਨੂੰ ਹੱਲ ਕਰੇਗਾ।
- ਭਿੰਨਾਂ ਦੀ ਵਰਤੋਂ ਕਰੇਗਾ। ਵੱਖ-ਵੱਖ ਹਾਲਤਾਂ ਜਿਵੇਂ ਪੈਸਾ, ਲੰਬਾਈ, ਤਾਪਮਾਨ ਆਦਿ ਨੂੰ ਦਰਸਾਉਣ ਲਈ ਦਸ਼ਮਲਵ ਦੀ ਵਰਤੋਂ ਕਰੇਗਾ ਉਦਾਹਰਨ ਵਜੋਂ 7.5 ਮੀਟਰ ਕੱਪੜਾ, 2 ਸਥਾਨਾਂ ਵਿਚਕਾਰ ਦੂਰੀ 112.5 ਕਿਲੋਮੀਟਰ ਆਦਿ।
- ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ ਜੋ ਭਿੰਨਾਂ/ ਦਸ਼ਮਲਵਾਂ ਨਾਲ਼ ਸੰਬੰਧਤ ਹੋਣ ਨੂੰ ਹੱਲ ਕਰੇਗਾ।
- ਕਿਸੇ ਦਿੱਤੇ ਹੋਏ ਹਾਲਾਤ ਨੂੰ ਵੱਖ-ਵੱਖ ਕਿਰਿਆਵਾਂ ਰਾਹੀਂ ਨਿਯਮਬੱਧ ਕਰਨ ਵਾਸਤੇ ਚਲ ਦੀ ਵਰਤੋਂ ਕਰੇਗਾ।
- ਅਨੁਪਾਤ ਦੀ ਵਰਤੋਂ ਰਾਹੀਂ ਵਿਭਿੰਨ ਹਾਲਤਾਂ ਵਿੱਚ ਰਾਸ਼ੀਆਂ ਦੀ ਤੁਲਨਾ ਕਰੇਗਾ ਉਦਾਹਰਨ ਵਜੋਂ ਕਿਸੇ ਜਮਾਤ ਵਿੱਚ ਕੁੜੀਆਂ ਅਤੇ ਮੁੰਡਿਆਂ ਦੀ ਗਿਣਤੀ ਦਾ ਅਨੁਪਾਤ 3:2 ਹੈ।
- ਵਿਭਿੰਨ ਅੱਖਰ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਕਾਈ ਵਿਧੀ ਦੀ ਵਰਤੋਂ ਕਰੇਗਾ, ਉਦਾਹਰਨ ਜੇਕਰ ਇਕ ਦਰਜਨ ਕਾਪੀਆਂ ਦਾ ਮੁੱਲ ਦਿੱਤਾ

ਪੜਚੋਲ ਕਰਨਾ ਅਤੇ ਸਾਧਾਰਨੀਕਰਨ ਕਰਨਾ।

- ਅੱਖ਼ਰ ਸਮੱਸਿਆਵਾਂ ਜਿੰਨ੍ਹਾਂ ਵਿੱਚ ਅਨੁਪਾਤ ਅਤੇ ਇਕਾਈ ਵਿਧੀ ਦੀ ਵਰਤੋਂ ਹੋਵੇ ਦੀ ਚਰਚਾ ਕਰਨਾ ਅਤੇ ਉਨਾਂ ਨੂੰ ਹੱਲ ਕਰਨਾ।
- ਠੋਸ ਮਾਡਲ ਅਤੇ ਵੱਖ-ਵੱਖ ਜਿਆਮਿਤੀ ਆਕਾਰ ਜਿਵੇਂ ਤ੍ਰਿਭੁਜ ਅਤੇ ਚਤੁਰਭੁਜ ਆਦਿ ਰਾਹੀਂ ਵੱਖ-ਵੱਖ ਆਕਾਰਾਂ ਦੀ ਪੜਚੋਲ ਕਰਨਾ।
- ਵਿਭਿੰਨ ਰੇਖਾ ਗਣਿਤਕ ਚਿੱਤਰਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਕਲਾਸ ਦੇ ਅੰਦਰ ਜਾਂ ਬਾਹਰੀ ਵਾਤਾਵਰਨ ਵਿੱਚ ਇੱਕਲਿਆਂ ਜਾਂ ਸਮੂਹਿਕ ਰੂਪ ਵਿੱਚ ਘੋਖਣਾ।
- ਉਪਲਬਧ ਸਾਮਾਨ ਜਿਵੇਂ ਸੋਟੀਆਂ, ਪੇਪਰ ਕਟਿੰਗ ਆਦਿ ਦੀ ਸਹਾਇਤਾ ਨਾਲ਼ ਵਿਭਿੰਨ ਆਕਾਰ ਬਣਾਉਣਾ।
- ਵਿਭਿੰਨ ਮਾਡਲਾਂ ਦੀ ਸਹਾਇਤਾ ਨਾਲ਼ 3 ਪਾਸਾਰੀ ਵਸਤੂਆਂ ਜਿਵੇਂ ਘਣਾਵ, ਵੇਲਣ ਆਦਿ ਦੇ ਜਾਲ ਨੂੰ ਘੋਖਣਾ ਅਤੇ ਇਨਾਂ ਦੇ ਫਲਕ, ਕਿਨਾਰੇ ਅਤੇ ਸਿਖ਼ਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
- ਕੋਣ ਦੇ ਸੰਕਲਪ ਨੂੰ ਕੁਝ ਉਦਾਹਰਨਾਂ ਜਿਵੇਂ ਦਰਵਾਜ਼ੇ ਦਾ ਖੁਲਣਾ, ਪੈੱਨਸਿੱਲ ਬਾਕਸ ਨੂੰ ਖੋਲਣਾ ਆਦਿ ਰਾਹੀਂ ਸਮਝਣਾ।
- ਵਿਦਿਆਰਥੀਆਂ ਨੂੰ ਵਾਤਾਵਰਨ ਵਿਚੋਂ ਹੋਰ ਉਦਾਹਰਨਾਂ ਦੇਣ ਲਈ ਕਿਹਾ ਜਾ ਸਕਦਾ ਹੈ।
- ਘੁੰਮਣ ਦੀ ਮਾਤਰਾ ਦੇ ਆਧਾਰ ਤੇ ਕੋਣਾਂ ਦਾ ਵਰਗੀਕਰਨ ਕਰਨਾ।
- ਪ੍ਰਕਾਰ ਦੀ ਮਦਦ ਨਾਲ਼ $60^0$ ਦਾ ਕੋਣ ਬਣਾਉਣਾ ਅਤੇ ਉਸਦੀ ਚਰਚਾ ਕਰਨੀ ਅਤੇ ਹੋਰ ਕੋਣ ਜਿਵੇਂ $30^0$, $20^0$ ਆਦਿ ਦੀ ਰਚਨਾ ਕਰਨਾ ਅਤੇ ਵਿਦਿਆਰਥੀਆਂ ਨਾਲ਼ ਇਸ ਸੰਬੰਧੀ ਚਰਚਾ ਕਰਨ।
- ਦਰਪਨ ਦੀ ਸਹਾਇਤਾ ਨਾਲ਼ ਕਿਸੇ ਆਕਾਰ ਦੀ ਪ੍ਰਤੀਬਿੰਬ ਸਮਮਿਤੀ ਦਾ ਨਿਰੀਖਣ ਕਰਨਾ ਜਾਂ ਵਿਸ਼ੇਸ਼ ਆਕਾਰ ਦੇ ਰੂਪ ਵਿੱਚ ਕੱਟੇ ਹੋਏ ਕਾਗਜ਼ ਨੂੰ ਖਾਸ ਰੇਖਾ ਤੇ ਮੋੜ ਕੇ ਸਮਮਿਤੀ ਘੋਖਣਾ।

ਹੋਵੇ ਤਾਂ 7 ਕਾਪੀਆਂ ਦਾ ਮੁੱਲ ਪਤਾ ਕਰਨਾ, ਜਿਸ ਲਈ ਪਹਿਲਾਂ ਉਹ 1 ਕਾਪੀ ਦਾ ਮੁੱਲ ਪਤਾ ਕਰੇਗਾ।

- ਰੇਖਾ ਗਣਿਤਕ ਵਿਚਾਰਾਂ ਜਿਵੇਂ ਰੇਖਾ, ਰੇਖਾ-ਖੰਡ, ਖੁੱਲੇ ਅਤੇ ਬੰਦ ਚਿੱਤਰ ਕੋਣ, ਤਿਕੋਣ, ਚਤੁਰਭੁਜ, ਚੱਕਰ ਆਦਿ ਦੀ ਵਿਆਖਿਆ ਆਪਣੇ ਆਲ਼ੇ-ਦੁਆਲ਼ੇ ਵਿੱਚ ਮੌਜੂਦ ਉਦਾਹਰਨਾਂ ਦੀ ਸਹਾਇਤਾ ਨਾਲ਼ ਕਰੇਗਾ।
- ਕੋਣਾਂ ਦੀ ਸਮਝ ਹੇਠਾਂ ਦਿੱਤੇ ਰਾਹੀਂ ਦਿਖਾਏਗਾ।
  - ਵਾਤਾਵਰਨ ਵਿੱਚ ਕੋਣਾਂ ਦੀਆਂ ਉਦਾਹਰਨਾਂ ਖੋਜ ਕੇ।
  - ਕੋਣਾਂ ਦੇ ਮਾਪ ਰਾਹੀਂ ਉਹਨਾਂ ਦਾ ਵਰਗੀਕਰਨ ਕਰਨਾ।
  - $45^o$, $90^o$ ਅਤੇ $180^o$ ਮਾਪ ਦੇ ਹਵਾਲੇ ਰਾਹੀਂ ਕੋਣਾਂ ਦੇ ਮਾਪ ਦਾ ਅੰਦਾਜ਼ਾ ਲਗਾਉਣਾ
- ਸਮਮਿਤ ਰੇਖਾ ਦੇ ਗਿਆਨ ਦੀ ਸਮਝ ਹੇਠ ਦਿੱਤੇ ਰਾਹੀਂ ਦਿਖਾਏਗਾ
- ਦੋ ਪਾਸਾਰੀ ਸਮਮਿਤ ਆਕ੍ਰਿਤੀਆਂ ਵਿੱਚ ਇੱਕ ਜਾਂ ਜ਼ਿਆਦਾ ਸਮਮਿਤ ਰੇਖਾਵਾਂ ਹੋਣ ਦੀ ਪਛਾਣ ਕਰੇਗਾ।
- ਦੋ ਪਾਸਾਰੀ ਸਮਮਿਤ ਅਕਾਰ ਬਣਾਏਗਾ।
- ਸਮਮਿਤ ਰੇਖਾ ਦੇ ਗਿਆਨ ਦੀ ਸਮਝ ਹੇਠ ਦਿੱਤੇ ਰਾਹੀਂ ਦਿਖਾਏਗਾ ਦੋ ਪਸਾਰੀ ਸਮਮਿਤ ਆਕ੍ਰਿਤੀਆਂ ਵਿੱਚ ਇੱਕ ਜਾਂ ਜ਼ਿਆਦਾ ਸਮਮਿਤ ਰੇਖਾਵਾਂ ਦੋ ਪਾਸਾਰੀ ਸਮਪਿਤ ਕਰੇਗਾ ਆਕ੍ਰਿ-ਤੀਆਂ ਬਣਾਏਗਾ।
- ਵੱਖ-ਵੱਖ ਤਿਕੋਣਾਂ ਨੂੰ ਉਨਾਂ ਦੇ ਕੋਣ ਅਤੇ ਭੁਜਾਵਾਂ ਦੇ ਅਧਾਰ ਤੇ ਵਿਭਿੰਨ ਗਰੁੱਪਾਂ/ ਕਿਸਮਾਂ ਵਿੱਚ ਵਰਗੀਕ੍ਰਿਤ ਕਰੇਗਾ।
- ਚਤੁਰਭੁਜਾਂ ਨੂੰ ਵੱਖ-ਵੱਖ ਗਰੁੱਪਾਂ/ ਕਿਸਮਾਂ ਵਿੱਚ ਉਨਾਂ ਦੀਆਂ ਭੁਜਾਵਾਂ/ ਕੋਣਾਂ ਦੇ ਅਧਾਰ ਤੇ ਵਰਗੀਕ੍ਰਿਤ ਕਰੇਗਾ।
- ਆਪਣੇ ਆਲ਼ੇ-ਦੁਆਲ਼ੇ ਵਿਚੋਂ ਉਦਾਹਰਨਾਂ ਦੀ





- ਆਲ਼ੇ-ਦੁਆਲ਼ੇ ਵਿਚੋਂ ਸਮਮਿਤ ਆਕ੍ਰਿਤੀਆਂ ਦੀ ਪਛਾਣ ਕਰਨਾ ਜਿਵੇਂ ਪੱਤੇ, ਖਿੜਕੀਆਂ, ਦਰਵਾਜ਼ੇ ਆਦਿ।
- ਦਿੱਤੇ ਗਏ ਆਕਾਰਾਂ ਦੀਆਂ ਸਮਮਿਤ ਰੇਖਾਵਾਂ ਖਿੱਚਣਾ ਇਸ ਲਈ ਅਜਿਹੀਆਂ ਗਰੁੱਪ ਕਿਰਿਆਵਾਂ ਦਿੱਤੀਆਂ ਜਾ ਸਕਦੀਆਂ ਹਨ ਜਿਨਾਂ ਵਿੱਚ ਇੱਕ ਗਰੁੱਪ ਅੱਧੀ ਸਮਮਿਤੀ ਆਕਾਰ ਖਿੱਚ ਸਕਦਾ ਹੋਵੇ ਅਤੇ ਦੂਜਾ ਗਰੁੱਪ ਆਕਾਰ ਨੂੰ ਪੂਰਾ ਕਰ ਸਕਦਾ ਹੋਵੇ।
- ਚਤੁਰਭੁਜਾਂ ਦੇ ਸਮੂਹ ਵਿਚੋਂ ਉਨ੍ਹਾਂ ਨੂੰ ਆਕਾਰ/ ਸ਼ਕਲ ਆਦਿ ਗੁਣਾਂ ਦੇ ਅਧਾਰ ਤੇ ਕਾਰਨ ਸਹਿਤ ਵਰਗੀਕਰਨ ਕਰਨਾ।
- ਦੋ ਪਾਸਾਰੀ ਅਤੇ 3 ਪਾਸਾਰੀ ਵਸਤੂਆਂ ਵਿੱਚ ਵਖਰੇਵਾਂ ਕਰਨਾ ਜਿਵੇਂ ਕਿ ਪੈੱਨਸਿੱਲ ਬਾਕਸ ਦੀ ਉਪਰਲੀ ਸਤਹ ਅਤੇ ਪੂਰਾ ਪੈੱਨਸਿੱਲ ਬਾਕਸ। ਇਸੇ ਤਰ੍ਹਾਂ ਦੀਆਂ ਹੋਰ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ।
- 3 ਪਾਸਾਰੀ ਵਸਤੂਆਂ ਦੇ ਵੱਖ-ਵੱਖ ਪਹਿਲ ਜਿਵੇਂ ਕਿਨਾਰੇ, ਸਿਖਰ, ਅਤੇ ਫਲਕਾਂ ਦੀ ਜਾਣਕਾਰੀ ਪ੍ਰਾਪਤ ਕਰਨਾ।
- ਜਮਾਤ ਦੇ ਕਮਰੇ ਵਿਚੋਂ ਭਿੰਨ ਭਿੰਨ ਆਇਤਾਕਾਰ ਚਿੱਤਰਾਂ ਜਿਵੇਂ ਬਲੈਕ-ਬੋਰਡ ਦੀ ਸਤਹ, ਮੇਜ਼ ਦੀ ਸਤਹ, ਕਿਤਾਬਾਂ ਦੇ ਫਲਕ ਆਦਿ ਰਾਹੀਂ ਉਨ੍ਹਾਂ ਆਕਾਰਾਂ ਦੀ ਸੀਮਾ ਦੇ ਵਿਚਾਰ ਦੁਆਰਾ ਘੇਰੇ ਦਾ ਸੰਕਲਪ ਪੇਸ਼ ਕਰਨਾ।
- ਕਿਸੇ ਆਕਾਰ ਦੇ ਅੰਦਰਲੇ ਖੇਤਰ ਨੂੰ ਵਰਗ ਇਕਾਈਆਂ ਵਿੱਚ ਵੰਡ ਕੇ ਖੇਤਰਫਲ਼ ਦੇ ਮਾਪ ਦਾ ਸੰਕਲਪ ਵਿਕਸਤ ਕਰੇ।
- ਰੋਜ਼ਾਨਾ ਜੀਵਨ ਦੀਆਂ ਸੰਖਿਆਵਾਂ ਨਾਲ਼ ਜੁੜੀ-ਆਂ ਸਮੱਸਿਆਵਾਂ ਜਿਵੇਂ ਵੱਖ-ਵੱਖ ਕ੍ਰਿਕਟ ਮੈਚਾਂ ਵਿੱਚ ਕ੍ਰਿਕਟ ਸਕੋਰ ਵੱਖ-ਵੱਖ ਪਰਿਵਾਰਾਂ ਵਿੱਚ ਪਰਿਵਾਰਿਕ ਮੈਬਰਾਂ ਦੀ ਗਿਣਤੀ ਨੂੰ ਤਰਤੀਬਬੱਧ ਕਰਨ ਦੀ ਵਿਆਖਿਆ ਕਰੇ।
- ਆਪਣੇ ਤਰੀਕਿਆਂ ਰਾਹੀਂ ਅੰਕੜਿਆਂ ਦਾ ਚਿੱਤਰਨ ਕਰਨ ਦੀ ਪੜਚੋਲ ਕਰੇ।

ਸਹਾਇਤਾ ਨਾਲ਼ 3 ਪਸਾਰੀ ਵਸਤੂਆਂ ਜਿਵੇਂ ਗੋਲਾ, ਘਣ, ਘਣਾਵ, ਵੇਲਣ, ਸ਼ੰਕੂ ਦੀ ਪਛਾਣ ਕਰੇਗਾ।

- 3 ਪਾਸਾਰੀ ਵਸਤੂਆਂ ਦੇ ਕਿਨਾਰੇ, ਸਿਖਰ ਅਤੇ ਪਾਸਿਆਂ ਦੀ ਉਦਾਹਰਨ ਦੇਵੇ ਅਤੇ ਵਿਆਖਿਆ ਕਰੇ।
- ਆਲ਼ੇ-ਦੁਆਲ਼ੇ ਦੀਆਂ ਆਇਤਾਕਾਰ ਵਸਤੂਆਂ ਜਿਵੇਂ ਜਮਾਤ ਕਮਰੇ ਦਾ ਫਰਸ਼, ਚਾਕ ਡੱਬੇ ਦੀ (ਸੱਤ੍ਹਾ) ਦਾ ਘੇਰਾ ਅਤੇ ਖੇਤਰਫਲ਼ ਪਤਾ ਕਰੇਗਾ।
- ਪਿੱਛਲੇ 6 ਮਹੀਨਿਆਂ ਦੌਰਾਨ ਪਰਿਵਾਰ ਵਿੱਚ ਵੱਖ-ਵੱਖ ਮੱਦਾਂ 'ਤੇ ਹੋਏ ਖਰਚ ਦੀ ਦਿੱਤੀ ਹੋਈ ਜਾਣਕਾਰੀ। ਇੱਕਤਰ ਕੀਤੀ ਜਾਣਕਾਰੀ ਨੂੰ ਸਾਰਨੀਬੱਧ, ਚਿੱਤਰ ਗਰਾਫ ਅਤੇ ਛੜ-ਗਰਾਫ ਰਾਹੀਂ ਦਰਸਾਉਣਾ ਅਤੇ ਵਿਆਖਿਆ ਕਰਨੀ।

# ਜਮਾਤ ਸੱਤਵੀਂ (ਗਣਿਤ)

## ਸੁਝਾਈਆਂ ਗਈਆਂ ਵਿਧੀਆਂ

- ਸੰਪੂਰਨ ਸੰਖਿਆਵਾਂ ਦੇ ਗੁਣਨਫਲ ਅਤੇ ਵੰਡ ਦੇ ਨਿਯਮਾਂ ਦੀ ਘੋਖ ਲਈ ਪ੍ਰਸੰਗ ਮੁਹੱਈਆ ਕਰਵਾਉਣਾ, ਇਹ ਸੰਖਿਆ ਰੇਖਾ ਜਾਂ ਸੰਖਿਆ ਨੂੰ ਨਮੂਨਿਆਂ ਦੁਆਰਾ ਵੀ ਕੀਤਾ ਜਾ ਸਕਦਾ ਹੈ।

  ਉਦਾਹਰਨ:

  3 x 2 = 6
  3 x 1 = 3
  3 x 0 = 0
  3 x (-1) = -3
  3 x (-2) = -6

  ਜਦੋਂ ਕਿਸੇ ਇੱਕ ਹੀ ਸੰਖਿਆ ਜਿਵੇਂ ਕਿ 3 ਨੂੰ ਇਕ-ਇਕ ਅੰਕ ਘਟਾ ਕੇ ਗੁਣਾ ਕਰਦੇ ਹਾਂ ਤਾਂ ਉੱਤਰ 3 ਘੱਟਦਾ ਜਾਂਦਾ ਹੈ।

  ਇਸ ਲਈ ਜਦੋਂ 3 ਨੂੰ (-3) ਨਾਲ ਗੁਣਾ ਕਰਦੇ ਹਾਂ ਤਾਂ ਉੱਤਰ-9 ਆਵੇਗਾ। ਭਾਵ ਇਸ ਨਮੂੰਨੇ ਰਾਹੀਂ ਵਿਦਿਆਰਥੀ ਨੂੰ ਇਹ ਸੰਕਲਪ ਸਮਝਾਇਆ ਜਾਵੇਗਾ ਕਿ ਕਿਸੇ ਰਿਣਾਤਮਕ ਸੰਪੂਰਨ ਸੰਖਿਆ ਨਾਲ਼ ਗੁਣਾ ਕਰਨ ਤੇ ਉੱਤਰ ਰਿਣਾਤਮਕ ਸੰਪੂਰਨ ਸੰਖਿਆ ਹੋਵੇਗਾ।
- ਰੋਜ਼ਾਨਾ ਜੀਵਨ ਦੀਆਂ ਉਦਾਹਰਨਾਂ ਨੂੰ ਚਿੱਤਰ/ ਕਾਗਜ਼ ਮੋੜਨ ਵਿਧੀ ਰਾਹੀਂ ਭਿੰਨਾਂ/ ਦਸ਼ਮਲਵਾਂ ਦੀ ਗੁਣਾ/ ਵੰਡ ਦੀ ਘੋਖ ਕਰਨੀ।
- ਉਨਾਂ ਹਾਲਤਾਂ ਦੀ ਚਰਚਾ ਕਰਨੀ ਜਿਸ ਵਿੱਚ ਭਿੰਨਾਤਮਕ ਸੰਖਿਆਵਾਂ ਦੇ ਵਰਤਣ ਦੀ ਲੋੜ ਹੋਵੇ ਜਿਵੇਂ ਇੱਕ ਦਰੱਖ਼ਤ ਤੋਂ 10.5 ਮੀਟਰ ਸੱਜੇ ਜਾਣਾ ਅਤੇ 15 ਮੀਟਰ ਖੱਬੇ ਜਾਣਾ ਆਦਿ।
- ਵਿਦਿਆਰਥੀਆਂ ਨੂੰ ਸੰਖਿਆਵਾਂ ਦੀ ਵਾਰ-ਵਾਰ ਗੁਣਾਂ ਨੂੰ ਲਘੂ ਸੰਕੇਤਨ ਵਿਧੀ ਰਾਹੀਂ ਪ੍ਰਦਰਸ਼ਿਤ ਕਰਨ ਲਈ ਪ੍ਰੇਰਨਾ।

## ਸਿੱਖਣ ਨਤੀਜੇ

**ਸਿਖਿਆਰਥੀ**

- ਸੰਪੂਰਨ ਸੰਖਿਆਵਾਂ ਦੇ ਗੁਣਨਫਲ ਅਤੇ ਵੰਡ ਦੋ ਸੰਪੂਰਨ ਸੰਖਿਆਵਾਂ ਦੀ ਗੁਣਾ/ਵੰਡ ਕਰੇਗਾ।
- ਸੰਪੂਰਨ ਸੰਖਿਆਵਾਂ ਦੇ ਗੁਣਨਫਲ ਅਤੇ ਵੰਡ ਭਿੰਨਾਂ ਦੀ ਵੰਡ ਅਤੇ ਗੁਣਾਂ ਦੀ ਵਿਆਖਿਆ ਕਰੇਗਾ।
- ਭਿੰਨਾਂ/ਦਸ਼ਮਲਵਾਂ ਦੀ ਗੁਣਾਂ ਅਤੇ ਵੰਡ ਲਈ ਐਲਗੋਰਿਥਮ ਦੀ ਵਰਤੋਂ ਕਰੇਗਾ।
- ਪਰਿਮੇਯ ਸੰਖਿਆਵਾਂ ਨਾਲ਼ ਜੁੜੀਆਂ ਰੋਜ਼ਾਨਾ ਜੀਵਨ ਦੀਆਂ ਸਥਿਤੀਆਂ ਨੂੰ ਹੱਲ ਕਰੇਗਾ।
- ਵੱਡੀਆਂ ਸੰਖਿਆਵਾਂ ਨਾਲ਼ ਜੁੜੀਆਂ ਗੁਣਾ ਅਤੇ ਵੰਡ ਨੂੰ ਸਰਲ ਰੂਪ ਪ੍ਰਦਰਸ਼ਿਤ ਕਰਨ ਲਈ ਘਾਤ ਸੰਕੇਤਨ ਵਿਧੀ ਦੀ ਵਰਤੋਂ ਕਰੇਗਾ।
- ਰੋਜ਼ਾਨਾ ਜੀਵਨ ਨਾਲ਼ ਜੁੜੇ ਹਾਲਤਾਂ ਲਈ ਸਰਲ ਸਮੀਕਰਨ ਸਥਾਪਿਤ ਕਰਨਾ ਅਤੇ ਉਨ੍ਹਾ ਨੂੰ ਹੱਲ ਕਰਨਾ।
- ਬੀਜਗਣਿਤਕ ਵਿਅੰਜਕਾਂ ਨੂੰ ਜੋੜਨਾ/ ਘਟਾਉਣਾ
- ਸਮਾਨ ਅਨੁਪਾਤ ਵਿੱਚ ਮੌਜੂਦ ਰਾਸ਼ੀਆਂ ਦਾ ਵਖਰੇਵਾਂ ਕਰਨਾ ਉਦਾਹਰਨ: 15, 45, 40, 120 ਸਮਾਨ ਅਨੁਪਾਤ ਵਿੱਚ ਹਨ ਕਿਉਂਕਿ 15/45 ਅਤੇ 40/120 ਦਾ ਮਤਲਬ ਇਕੋ ਹੀ ਹੈ।
- ਪ੍ਰਤੀਸ਼ਤ ਨੂੰ ਭਿੰਨ ਅਤੇ ਦਸ਼ਮਲਵ ਵਿੱਚ ਬਦਲਣਾ ਜਾਂ ਇਸ ਤੋਂ ਉਲਟ ਵਰਗੀਆਂ ਸਮੱਸਿਆਵਾਂ ਨੂੰ ਹੱਲ ਕਰਨਾ।
- ਲਾਭ/ਹਾਨੀ ਪ੍ਰਤੀਸ਼ਤ ਪਤਾ ਕਰਨਾ ਅਤੇ ਸਧਾਰਨ ਵਿਆਜ ਦੇ ਸੰਦਰਭ ਵਿੱਚ ਦਰ ਪ੍ਰਤੀਸ਼ਤ ਪਤਾ ਕਰਨਾ।
- ਕੋਣਾਂ ਨੂੰ ਉਨ੍ਹਾਂ ਦੇ ਗੁਣਾਂ ਦੇ ਅਧਾਰ 'ਤੇ ਜਿਵੇਂ





ਜਿਵੇਂ ਕਿ $2 \times 2 \times 2 \times 2 \times 2 = 2^6$ ਦੇ ਰੂਪ ਵਿੱਚ ਲਿਖਣਾ ਚਲ ਅਤੇ ਅਚਲ ਦੇ ਸੰਭਾਵਤ ਜੋੜਿਆਂ ਦੀ ਘੋਖ ਕਰਨੀ ਜਦੋਂ ਵਿਭਿੰਨ ਕਿਰਿਆਵਾਂ ਦੀ ਵਰਤੋਂ ਕਰਦੇ ਹੋਏ ਬੀਜਗਣਿਤਕ ਸਮੀਕਰਨਾਂ ਨੂੰ ਸਥਾਪਿਤ ਕਰਨਾ ਹੋਵੇ।

- ਰੋਜ਼ਾਨਾ ਜੀਵਨ ਵਿੱਚੋਂ ਉਹ ਉਦਾਹਰਨਾਂ ਮੁਹੱਈਆਂ ਕਰਵਾਉਣੀਆਂ ਜਿੰਨਾਂ ਵਿੱਚ ਸਮੀਕਰਨ ਸਥਾਪਿਤ ਕੀਤੀ ਜਾ ਸਕੇ ਅਤੇ ਚਲ ਦਾ ਯੋਗ ਮੁੱਲ ਚੁਣਿਆ ਜਾ ਸਕੇ ਜੋ ਦੋਨੋਂ ਪਾਸਿਆਂ ਨੂੰ ਸੰਤੁਲਿਤ ਕਰਦਾ ਹੋਵੇ।
- ਰੋਜ਼ਾਨਾ ਜੀਵਨ ਵਿੱਚੋਂ ਇਕ ਖਾਸ ਕਿਸਮ ਦੀਆਂ ਵਸਤੂਆਂ ਦੀ ਗਿਣਤੀ ਨੂੰ ਜੋੜਨ/ ਘਟਾਉਣ ਲਈ ਕਿਰਿਆ ਕਰਵਾਉਣਾ। ਉਦਾਹਰਨ: 5 ਕਾਪੀਆਂ ਦੇ ਸਮੂਹ ਵਿੱਚ 3 ਕਾਪੀਆਂ ਜੋੜੇ ਜਾਣ ਤੇ ਕੁੱਲ ਕਾਪੀਆਂ ਦੀ ਸੰਖਿਆ ਪ੍ਰਾਪਤ ਕਰਨੀ।
- ਅਨੁਪਾਤ ਅਤੇ ਪ੍ਰਤੀਸ਼ਤਤਾ ਦੇ ਸੰਕਲਪ ਦੀ ਸਮਝ ਪੈਦਾ ਕਰਨ ਲਈ ਚਰਚਾ ਕਰਵਾਈ ਜਾ ਸਕਦੀ ਹੈ।
- ਰੋਜ਼ਾਨਾ ਜੀਵਨ ਦੀਆਂ ਲਾਭ/ ਹਾਨੀ ਅਤੇ ਸਾਧਾਰਨ ਵਿਆਜ ਨਾਲ਼ ਸੰਬੰਧਤ ਹਾਲਤਾਂ ਮੁਹੱਈਆਂ ਕਰਵਾਉਣਾ ਜਿੰਨ੍ਹਾਂ ਵਿੱਚ ਪ੍ਰਤੀਸ਼ਤਤਾ ਦੀ ਵਰਤੋਂ ਹੋਵੇ।
- ਕੋਣਾਂ ਦੇ ਜੋੜੇ ਜਿੰਨਾਂ ਵਿੱਚ ਸਾਂਝਾ ਸਿਖਰ ਵੀ ਹੋਵੇ ਨਾਲ਼ ਸੰਬੰਧਤ ਰੋਜ਼ਾਨਾ ਜੀਵਨ ਵਿੱਚੋਂ ਉਦਾਹਰਨਾਂ ਦੀ ਪੜਚੋਲ ਕਰਨੀ। (ਕੈਂਚੀ, ਸੜਕ ਜੰਕਸ਼ਨ, ਅੱਖਰ ਯ, ਠ ਆਦਿ)
- ਚਿੱਤਰ ਬਣਾ ਕੇ ਵੱਖ-ਵੱਖ ਕੋਣਾਂ ਦੇ ਜੋੜਿਆਂ ਦੇ ਗੁਣਾਂ/ਵਿਸ਼ੇਸ਼ਤਾਵਾਂ ਦੀ ਪੜਤਾਲ ਕਰਨੀ (ਇੱਕ ਗਰੁੱਪ ਇੱਕ ਕੋਣ ਦਾ ਮਾਪ ਦੇਵੇਗਾ ਅਤੇ ਦੂਜਾ ਗਰੁੱਪ ਦੂਜੇ ਕੋਣ ਦਾ ਮਾਪ ਦੇਵੇਗਾ)।
- ਵੱਖ-ਵੱਖ ਕੋਣਾਂ ਦੇ ਜੋੜਿਆਂ ਵਿੱਚ ਸੰਬੰਧ ਨੂੰ ਘੋਖਣਾ ਕਰਨਾ ਜਦੋਂ ਇੱਕ ਕਾਟਵੀਂ ਰੇਖਾ ਦੋ ਰੇਖਾਵਾਂ (ਸਮਾਂਤਰ ਜਾਂ ਅਸਮਾਂਤਰ) ਨੂੰ ਕੱਟਦੀ

ਰੇਖਿਕ, ਸੰਪੂਰਕ, ਪੂਰਕ, ਲਾਗਵੇਂ ਅਤੇ ਸਿਖ਼ਰ ਸਨਮੁਖ ਅਨੁਸਾਰ ਵਰਗੀਕਰਨ ਕਰਨਾ ਅਤੇ ਇੱਕ ਕੋਣ ਦਾ ਮਾਪ ਦਿੱਤੇ ਜਾਣ ਤੇ ਦੂਜਾ ਕੋਣ ਪਤਾ ਕਰਨਾ।

- ਦੋ ਰੇਖਾਵਾਂ ਨੂੰ ਇੱਕ ਕਾਟਵੀਂ ਰੇਖਾ ਦੇ ਕੱਟੇ ਜਾਣ ਤੇ ਬਣਨ ਵਾਲੇ ਵੱਖ-ਵੱਖ ਕੋਣਾਂ ਦੇ ਜੋੜਿਆਂ ਦੇ ਗੁਣਾਂ ਦੀ ਪੜਤਾਲ ਕਰਨੀ।
- ਜਦੋਂ ਤ੍ਰਿਭੁਜ ਦੇ ਦੋ ਕੋਣ ਦਿੱਤੇ ਹੋਣ ਤੇ ਤੀਜੇ ਕੋਣ ਦਾ ਮਾਪ ਪਤਾ ਕਰਨਾ।
- ਤਿਕੋਨਾਂ ਬਾਰੇ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਤਿਕੋਨਾਂ ਦੀ ਸਰਬੰਗਸਮਤਾ ਦੀ ਵਿਆਖਿਆ ਕਰਨੀ ਜਿਵੇਂ ਭੁਜਾ-ਭੁਜਾ-ਭੁਜਾ, ਭੁਜਾ-ਕੋਣ-ਭੁਜਾ, ਕੋਣ-ਭੁਜਾ-ਕੋਣ, ਸਮਕੋਣ-ਕਰਣ-ਭੁਜਾ
- ਪ੍ਰਕਾਰ ਅਤੇ ਫੁੱਟੇ ਦੀ ਮੱਦਦ ਨਾਲ਼, ਕਿਸੇ ਰੇਖਾ ਦੇ ਬਾਹਰ ਦਿੱਤੇ ਹੋਏ ਬਿੰਦੂ ਤੋਂ ਦਿੱਤੀ ਹੋਈ ਰੇਖਾ ਦੇ ਸਮਾਂਤਰ ਰੇਖਾ ਅਤੇ ਤ੍ਰਿਭੁਜ ਦੀ ਰਚਨਾ ਕਰਨੀ।
- ਵਰਗ ਇਕਾਈ ਗਰਿਡ/ਗਰਾਫਸ਼ੀਟ ਦੀ ਮੱਦਦ ਨਾਲ਼ ਬੰਦ ਆਕ੍ਰਿਤੀਆਂ ਦੇ ਖੇਤਰਫਲ ਦਾ ਅਨੁਮਾਨ ਲਗਾਉਣਾ।
- ਆਇਤ ਅਤੇ ਵਰਗ ਦੇ ਅੰਦਰੂਨੀ ਖੇਤਰ ਦੇ ਖੇਤਰਫਲ ਦਾ ਪਤਾ ਲਗਾਉਣਾ।
- ਰੋਜ਼ਾਨਾ ਜੀਵਨ ਦੇ ਸੰਦਰਭ ਵਿੱਚ ਸਧਾਰਨ ਅੰਕੜਿਆਂ ਤੋਂ ਮੱਧਮਾਨ, ਮੱਧਿਕਾ ਅਤੇ ਬਹੁਲਕ ਵਰਗੇ ਵਿਭਿੰਨ ਪ੍ਰਤੀਨਿਧਤ ਮੁੱਲਾਂ ਦਾ ਪਤਾ ਲਗਾਉਣਾ।
- ਅਸਲ ਜੀਵਨ ਦੇ ਹਾਲਤਾਂ ਵਿਚੋਂ ਅਨਿਸ਼ਚਿਤਤਾ ਨੂੰ ਪਹਿਚਾਨਣਾ ਜਿਵੇਂ ਕਿ ਜਮਾਤ ਵਿੱਚ ਵਿਦਿਆਰਥੀਆਂ ਦੀ ਉਚਾਈ ਅਤੇ ਇੱਕ ਸਿੱਕੇ ਨੂੰ ਉਛਾਲਣ ਤੇ ਵਾਪਰਨ ਵਾਲੀ ਅਨਿਸ਼ਚਿਤਤਾ।
- ਛੜ ਗਰਾਫ ਦੀ ਸਹਾਇਤਾ ਨਾਲ਼ ਅੰਕੜਿਆਂ ਦਾ ਸਿੱਟਾ ਕੱਢਣਾ ਜਿਵੇਂ ਕਿ ਸਰਦੀਆਂ ਵਿੱਚ ਗਰਮੀਆਂ ਨਾਲੋਂ ਬਿਜਲੀ ਦੀ ਵੱਧ ਖਪਤ, ਇੱਕ ਟੀਮ ਵੱਲੋਂ ਪਹਿਲੇ ਦੋ ਓਵਰਾਂ ਵਿੱਚ ਬਣਾਈਆਂ

ਹੋਵੇ, ਤਿਕੋਣ ਦੇ ਕੋਣਾਂ ਅਤੇ ਉਸ ਦੀਆਂ ਭੁਜਾਵਾਂ ਵਿਚਕਾਰ ਸੰਬੰਧ ਨੂੰ ਅਪਰ ਪ੍ਰਾਇਮਰੀ ਗਣਿਤ ਕਿੱਟ (ਐੱਨ.ਸੀ.ਈ.ਆਰ.ਟੀ. ਵਲੋਂ ਤਿਆਰ ਕੀਤੀ) ਰਾਹੀਂ ਅਤੇ ਚਿੱਤਰਾਂ ਰਾਹੀ ਦ੍ਰਿਸ਼ਟੀਗਤ ਕਰਨਾ।

- ਵੱਖ-ਵੱਖ ਕਿਸਮਾਂ ਦੀਆਂ ਤ੍ਰਿਭਜਾਂ ਬਣਾਉਣੀਆਂ, ਤ੍ਰਿਭੁਜਾਂ ਦੇ ਸਾਰੇ ਕੋਣਾਂ ਨੂੰ ਮਾਪਣਾ ਅਤੇ ਪੜਤਾਲ ਕਰਨੀ।
- ਤਿਕੋਣ ਦੇ ਬਾਹਰੀ ਕੋਣ ਗੁਣ ਅਤੇ ਪਾਈਥਾਗੋਰਸ ਥਿਉਰਮ ਦੀ ਪੜਚੋਲ ਕਰਨਾ।
- ਆਲ਼ੇ-ਦੁਆਲ਼ੇ ਵਿਚੋਂ ਉਨ੍ਹਾਂ ਸਮਮਿਤ ਆਕ੍ਰਿਤੀਆਂ ਦੀ ਪਹਿਚਾਣ ਕਰਨੀ ਜੋ ਘੁੰਮਾਵਦਾਰ ਸਮਮਿਤੀ ਦਿਖਾਣ।
- ਕਾਗਜ਼ ਮੋੜ ਵਿਧੀ ਰਾਹੀਂ ਸਮਮਿਤੀ ਦਾ ਦ੍ਰਿਸ਼ਟਾਂਤ ਕਰਨਾ
- ਸਰਬੰਗਸਮਤਾ ਦੇ ਨਿਯਮ ਸਥਾਪਿਤ ਕਰਨਾ ਅਤੇ ਬਾਅਦ ਵਿੱਚ ਇੱਕ ਦੂਸਰੇ ਉਪਰ ਰੱਖਦੇ ਹੋਏ ਵਿਸ਼ੇਸ਼ਤਾਵਾਂ/ਗੁਣਾਂ ਦੀ ਪੜਤਾਲ ਕਰਨਾ।
- ਕਿਸੇ ਦਿੱਤੀ ਹੋਈ ਰੇਖਾ ਦੇ ਬਾਹਰ ਸਥਿਤ ਕਿਸੇ ਬਿੰਦੂ ਤੋਂ ਉਸ ਰੇਖਾ ਦੇ ਸਮਾਨਅੰਤਰ ਰੇਖਾ ਦੀ ਰਚਨਾ, ਵਿਦਿਆਰਥੀਆਂ ਦੇ ਸਹਿਯੋਗ ਨਾਲ਼ ਦਿਖਾਉਣਾ।
- ਫੁੱਟੇ ਅਤੇ ਪ੍ਰਕਾਰ ਦੀ ਸਹਾਇਤਾ ਨਾਲ਼ ਸਧਾਰਨ ਤਿਕੋਣ ਦੀ ਰਚਨਾ ਕਰਨੀ।
- ਹਾਰਡ ਬੋਰਡ/ਗੱਤੇ ਉੱਪਰ ਬਣੀਆਂ ਵੱਖ-ਵੱਖ ਬੰਦ ਆਕ੍ਰਿਤੀਆਂ ਨੂੰ ਕੱਟਣਾ, ਆਕ੍ਰਿਤੀਆਂ ਨੂੰ ਦਿੱਤੇ ਗਰਾਫ ਸ਼ੀਟ ਤੇ ਟਰੇਸ ਕਰਨਾ।
- ਟਰੇਸ ਕੀਤੀ ਹੋਈ ਆਕ੍ਰਿਤੀ ਵੱਲੋਂ ਘੇਰੇ ਗਏ ਖੇਤਰ ਵਿੱਚ ਵਰਗ ਇਕਾਈਆਂ ਦੀ ਸਹੀ ਗਿਣਤੀ (ਪੂਰੇ/ ਅੱਧੇ ਆਦਿ) ਨੂੰ ਗਿਣਨਾ ਅਤੇ ਇਹਨਾਂ ਆਕ੍ਰਿਤੀਆਂ ਦੇ ਖੇਤਰਫਲ ਦਾ ਅਨੁਮਾਨ ਲਗਾਉਣਾ।
- ਸੰਵਾਦ ਰਾਹੀਂ ਆਇਤ/ਵਰਗ ਦੇ ਖੇਤਰਫ਼ਲ ਦੇ ਸੂਤਰ ਨੂੰ ਸਥਾਪਿਤ ਕਰਨ ਲਈ ਪ੍ਰੇਰਨਾ।

ਗਈਆਂ ਦੋੜਾਂ।





- ਅਵਰਗੀਕ੍ਰਿਤ ਅੰਕੜਿਆਂ ਦਾ ਪ੍ਰਤੀਨਿਧਤਵ ਮੁੱਲ ਪਤਾ ਕਰਨਾ ਭਾਵ ਕਿ ਮੱਧਮਾਨ, ਬਹੁਲਕ ਜਾਂ ਮੱਧਿਕਾ। ਉਨਾਂ ਨੂੰ ਇਸ ਗੱਲ ਲਈ ਪ੍ਰੇਰਨਾ ਕਿ ਉਹ ਇਹਨਾਂ ਅੰਕੜਿਆਂ ਨੂੰ ਸਾਰਨੀਬੱਧ ਤਰਤੀਬ ਅਤੇ ਛੜ ਗਰਾਫ ਰਾਹੀਂ ਦਰਸਾਉਣ।
- ਮੌਜੂਦਾ ਅੰਕੜਿਆਂ ਵਿਚੋਂ ਭਵਿੱਖ ਦੀਆਂ ਘਟਨਾਵਾਂ ਲਈ ਸਿੱਟੇ ਕੱਢਣ।
- ਉਹਨਾਂ ਹਾਲਤਾਂ ਦੀ ਚਰਚਾ ਕਰਨੀ ਜਿੱਥੇ ਸ਼ਬਦ 'ਸੰਭਾਵਨਾ' ਵਰਤਿਆ ਜਾ ਸਕੇ। ਉਦਾਹਰਨ ਦੇ ਤੌਰ 'ਤੇ ਇੱਕ ਪਾਸੇ ਨੂੰ ਸੁੱਟਦੇ ਹੋਏ, ਅੱਜ ਮੀਂਹ ਆਉਣ ਦੀ ਸੰਭਾਵਨਾ ਹੈ।
- ਤ੍ਰਿਭੁਜ ਦੀਆਂ ਦੋ ਭੁਜਾਵਾਂ ਦਾ ਜੋੜ ਤੀਜੀ ਭੁਜਾ ਤੋਂ ਵੱਡਾ ਹੁੰਦਾ ਹੈ।

# ਜਮਾਤ ਅੱਠਵੀ (ਗਣਿਤ)

## ਸੁਝਾਈਆਂ ਗਈਆਂ ਵਿਧੀਆਂ

**ਪਰਿਮੇਯ ਸੰਖਿਆਵਾਂ ਤੇ ਸਾਰੀਆਂ ਕਿਰਿਆਵਾਂ ਦੀਆਂ ਉਦਾਹਰਨਾਂ ਅਤੇ ਇਹਨਾਂ ਕਿਰਿਆਵਾਂ ਵਿੱਚ ਨਮੂੰਨਿਆਂ ਦੀ ਪੜਚੋਲ ਕਰਨਾ।**

- ਤਿੰਨ ਅੰਕਾਂ ਤੱਕ ਦੀਆਂ ਸੰਖਿਆਵਾਂ ਨੂੰ ਸਧਾਰਨ ਰੂਪ ਵਿੱਚ ਪੇਸ਼ ਕਰਨਾ ਅਤੇ ਬੀਜ ਗਣਿਤ ਦੀ ਸਮਝ ਰਾਹੀਂ 2, 3, 4 ਦੇ ਭਾਜਯੋਗਤਾ ਨਿਯਮ ਸਥਾਪਿਤ ਕਰਨਾ।
- ਸੰਖਿਆਵਾਂ ਦੇ ਵਰਗ, ਵਰਗਮੂਲ, ਘਣ ਅਤੇ ਘਣਮੂਲ ਵਿੱਚ ਨਮੂੰਨਿਆਂ ਦੀ ਖੋਜ ਕਰਨਾ ਅਤੇ ਸੰਪੂਰਨ ਸੰਖਿਆਵਾਂ ਲਈ ਘਾਤਾਂ ਦੇ ਨਿਯਮ ਸਥਾਪਤ ਕਰਨਾ।
- ਸਧਾਰਨ ਸਮੀਕਰਨਾਂ ਨੂੰ ਸਥਾਪਿਤ ਕਰਨ ਲਈ ਮੌਕੇ ਬਣਾਉਣਾ ਅਤੇ ਉਨਾਂ ਨੂੰ ਯੋਗ ਪ੍ਰਕਿਰਿਆ ਰਾਹੀਂ ਹੱਲ ਕਰਨ ਲਈ ਪ੍ਰੇਰਨਾ।
- ਵਿਦਿਆਰਥੀਆਂ ਵਿੱਚ ਸੰਖਿਆਵਾਂ ਦੇ ਵੰਡ ਨਿਯਮ ਦੇ ਪੂਰਵ ਗਿਆਨ ਦੇ ਆਧਾਰ ਤੇ ਦੋ ਬੀਜ ਗਣਿਤਕ ਵਿਅੰਜਕ ਅਤੇ ਵੱਖ-ਵੱਖ ਬਹੁਪਦਾਂ ਦੀ ਗੁਣਾ ਦਾ ਤਜ਼ਰਬਾ ਕਰਾਉਣਾ ਅਤੇ ਠੋਸ ਉਦਾਹਰਨਾਂ ਰਾਹੀਂ ਵੱਖ-ਵੱਖ ਬੀਜ ਗਣਿਤਕ ਤਤਸਮਕਾਂ ਨੂੰ ਸਵੀਕ੍ਰਿਤ ਕਰਨਾ।
- ਸੰਖਿਆਵਾਂ ਦੇ ਗੁਣਨਖੰਡੀਕਰਨ ਦੇ ਪੂਰਵ ਗਿਆਨ 'ਤੇ ਆਧਾਰਿਤ, ਢੁੱਕਵੀਆਂ ਕਿਰਿਆਵਾਂ ਦੀ ਵਰਤੋਂ ਰਾਹੀਂ, ਬੀਜ ਗਣਿਤਕ ਵਿਅੰਜਕਾਂ ਦੇ ਗੁਣਨਖੰਡੀਕਰਨ ਵਿਧੀ ਤੋਂ ਜਾਣੂ ਕਰਵਾਉਣਾ।
- ਉਸ ਤਰ੍ਹਾਂ ਦੇ ਹਾਲਾਤ ਦਿੱਤੇ ਜਾਣ ਜਿੰਨਾਂ ਪ੍ਰਸੰਗਾਂ ਵਿੱਚ ਕਟੌਤੀ, ਲਾਭ ਅਤੇ ਹਾਨੀ, ਵੈਟ, ਸਾਧਾਰਨ ਅਤੇ ਮਿਸ਼ਰਤ ਵਿਆਜ ਆਦਿ ਵਿੱਚ ਪ੍ਰਤੀਸ਼ਤਾ ਦੀ ਵਰਤੋਂ ਹੁੰਦੀ ਹੋਵੇ।
- ਸਾਧਾਰਨ ਵਿਆਜ ਦੇ ਵਾਰ-ਵਾਰ ਵਰਤੋਂ ਰਾਹੀਂ ਮਿਸ਼ਰਤ ਵਿਆਜ ਦੇ ਸੂਤਰ ਦੀ ਸਵੀਕ੍ਰਿਤੀ ਲਈ ਹਾਲਾਤ ਪੈਦਾ ਕਰਨੇ।
- ਅਜਿਹੀਆਂ ਕਾਫ਼ੀ ਹਲਾਤਾਂ ਦਿੱਤੀਆਂ ਜਾਣ ਜਿਨ੍ਹਾਂ ਵਿੱਚ ਇਕ ਰਾਸ਼ੀ ਦੂਸਰੀ ਉਪਰ ਨਿਰਭਰ ਹੋਵੇ। ਵਿਦਿਆਰਥੀਆਂ ਨੂੰ ਅਜਿਹੇ ਹਾਲਤਾਂ ਜਿੰਨਾਂ ਵਿੱਚ ਲੋਕੋਂ ਰਾਸ਼ੀਆਂ ਇੱਕਠੀਆਂ ਵਧਣ ਜਾ ਇੱਕ ਰਾਸ਼ੀ ਦੇ ਵਧਣ ਤੇ ਦੂਜੀ ਘਾਟੇ ਦੀਆਂ ਉਦਾਹਰਨਾਂ ਲੱਭਣ ਲਈ ਪ੍ਰੇਰਨਾ। ਉਦਾਹਰਨ: ਜਿਵੇਂ ਕਿਸੇ ਵਾਹਨ ਦੀ ਗਤੀ ਵਧਣ ਤੇ ਉਸੇ ਦੂਰੀ ਨੂੰ ਤਹਿ ਕਰਨ ਲਈ ਲੱਗਾ ਸਮਾਂ ਘੱਟ ਜਾਂਦਾ ਹੈ।
- ਵੱਖ-ਵੱਖ ਚਤੁਰਭੁਜਾਂ ਦੇ ਕੋਣਾਂ ਅਤੇ ਭੁਜਾਵਾਂ ਨੂੰ ਆਪਣਾ ਅਤੇ ਉਨ੍ਹਾਂ ਦੇ ਸੰਬੰਧਾਂ ਵਿੱਚ ਨਮੂੰਨਿਆਂ ਦੀ ਖੋਜ ਕਰਨੀ। ਨਮੂੰਨਿਆਂ ਦੀ ਸਵੀਕ੍ਰਿਤੀ ਦੇ ਆਧਾਰ 'ਤੇ ਉਨ੍ਹਾਂ ਨੂੰ ਆਪਣੀਆਂ ਧਾਰਨਾਵਾਂ ਬਣਾਉਣ ਦੇਣਾ ਅਤੇ ਬਾਅਦ ਵਿੱਚ ਉਦਾਹਰਨਾਂ ਰਾਹੀਂ ਉਨ੍ਹਾਂ ਦੀ ਪੜਤਾਲ ਕਰਨੀ।
- ਸਮਾਂਤਰ ਚਤੁਰਭੁਜਾਂ ਦੀਆਂ ਵਿਸ਼ੇਸ਼ਤਾਵਾਂ/ਗੁਣਾਂ ਦੀ ਪੜਤਾਲ ਕਰਨੀ ਅਤੇ ਸਮਾਂਤਰ ਚਤੁਰਭੁਜ ਦੀ ਰਚਨਾ, ਵਿਕਰਨਾਂ ਦੀ ਰਚਨਾ, ਭੁਜਾਵਾਂ ਅਤੇ ਕੋਣਾਂ ਦੇ ਮਾਪ ਵਰਗੀਆਂ ਕਿਰਿਆਵਾਂ ਰਾਹੀਂ ਤਰਕ ਸੰਗਤ ਬਣਾਉਣਾ।
- ਰੋਜ਼ਾਨਾ ਜੀਵਨ ਵਿਚੋਂ 3 ਪਾਸਾਰੀ ਆਕਾਰਾਂ ਨੂੰ 2 ਪਾਸਾਰੀ ਰੂਪ ਵਿੱਚ ਦਿਖਾਉਣਾ/ਪ੍ਰਦਰਸ਼ਿਤ ਕਰਨਾ, ਜਿਵੇਂ ਕਿਸੇ ਬਕਸੇ ਨੂੰ ਸਤ੍ਹਾ ਉਪਰ ਦਰਸਾਉਣਾ, ਬੋਤਲਾਂ ਨੂੰ ਕਾਗਜ਼ ਉੱਤੇ, ਗੱਤੇ ਜਾਂ ਦੀਵਾਰ ਤੇ ਦਿਖਾਉਣਾ।
- ਵਿਭਿੰਨ ਅਕਾਰ ਜਿਵੇਂ ਘਣਾਵ, ਘਣ, ਪਿਰਾਮਿਡ, ਪ੍ਰਿਜ਼ਮ ਆਦਿ ਦੇ ਜਾਲ ਬਣਾਉਣਾ।
- ਉਨ੍ਹਾਂ ਜਾਲਾਂ ਤੋਂ ਸਬੰਧਤ ਆਕਾਰ ਬਣਾਉਣੇ ਅਤੇ ਸਿਖਰਾਂ, ਕਿਨਾਰਿਆਂ ਅਤੇ ਫਲਕਾਂ ਵਿਚਕਾਰ ਸਬੰਧ ਸਥਾਪਿਤ ਕਰਨਾ।
- ਜਿਉਮੈਟਰੀ ਕਿੱਟ ਰਾਹੀਂ ਵੱਖ-ਵੱਖ ਚਤੁਰਭੁਜਾਵਾਂ ਦੀ ਰਚਨਾ ਕਰਕੇ ਦਿਖਾਉਣਾ।
- ਦਿੱਤੇ ਹੋਏ ਗਰਾਫ਼ ਪੇਪਰ ਤੇ ਸਮਲੰਬ ਚਤੁਰਭੁਜ ਅਤੇ ਹੋਰ ਬਹੁਭੁਜਾਂ ਦੇ ਚਿੱਤਰ ਖਿੱਚਣੇ ਅਤੇ ਵਿਦਿਆਰਥੀਆਂ ਨੂੰ ਇਕਾਈ, ਵਰਗਾਂ ਦੀ

## ਸਿੱਖਣ ਨਤੀਜੇ

**ਸਿੱਖਿਆਰਥੀ**

- ਪਰਿਮੇਯ ਸੰਖਿਆਵਾਂ ਦੇ ਜੋੜ, ਘਟਾਉ, ਗੁਣਾ ਅਤੇ ਵੰਡ ਨੂੰ ਨਮੂੰਨਿਆਂ ਰਾਹੀਂ ਸਵੀਕ੍ਰਿਤੀ ਦੇਵੇਗਾ।
- ਦੋ ਦਿੱਤੀਆਂ ਹੋਈਆਂ ਪਰਿਮੇਯ ਸੰਖਿਆਵਾਂ ਵਿਚਕਾਰ ਲੋੜ ਅਨੁਸਾਰ ਸੰਭਾਵਤ ਪਰਿਮੇਯ ਸੰਖਿਆਵਾਂ ਪਤਾ ਕਰੇਗਾ।
- 2, 3, 4, 5, 6, 9 ਅਤੇ 11 ਦੇ ਭਾਜਯੋਗਤਾ ਨਿਯਮ ਨੂੰ ਸਿੱਧ ਕਰੇਗਾ
- ਵੱਖ-ਵੱਖ ਤਰੀਕਿਆਂ ਰਾਹੀਂ ਸੰਖਿਆਵਾਂ ਦੇ ਵਰਗ, ਵਰਗਮੂਲ, ਘਣ ਅਤੇ ਘਣਮੂਲ ਪਤਾ ਕਰੇਗਾ।
- ਪੂਰਨ ਅੰਕ ਘਾਤੀ ਸੰਖਿਆਵਾਂ ਨੂੰ ਹੱਲ ਕਰੇਗਾ।
- ਚਲਾਂ ਦੀ ਮੱਦਦ ਰਾਹੀਂ ਰੋਜ਼ਾਨਾ ਜੀਵਨ ਦੀਆਂ ਸਥਿਤੀਆਂ ਅਤੇ ਬੁਝਾਰਤਾਂ ਨੂੰ ਹੱਲ ਕਰੇਗਾ।
- ਬੀਜ ਗਣਿਤਕ ਵਿਅੰਜਕਾਂ ਨੂੰ ਗੁਣਾ ਕਰੇਗਾ। ਉਦਾਹਰਨ: $(2x-5)$ $(3+7)$ ਦਾ ਵਿਸਤ੍ਰਿਤ ਰੂਪ ਮਿਲੇਗਾ।
- ਰੋਜ਼ਾਨਾ ਜੀਵਨ ਨਾਲ਼ ਸੰਬੰਧਤ ਸਥਿਤੀ ਵੱਖ ਬੀਜ ਗਣਿਤਕ ਤਤਸਮਕਾਂ ਦੀ ਵਰਤੋਂ ਕਰੇਗਾ।
- ਲਾਭ ਅਤੇ ਹਾਨੀ ਦੀ ਸਥਿਤੀ ਵਿੱਚ ਕਟੌਤੀ, ਵੈਟ ਅਤੇ ਮਿਸ਼ਰਤ ਵਿਆਜ ਪਤਾ ਕਰਨ ਲਈ ਪ੍ਰਤੀਸ਼ਤ ਦੇ ਸੰਕਲਪ ਦੀ ਵਰਤੋਂ ਕਰੇਗਾ। ਉਦਾਹਰਣ ਅੰਕਿਤ ਮੁੱਲ ਅਤੇ ਅਸਲ ਕਟੌਤੀ ਦਿੱਤੇ ਹੋਣ ਤੇ ਕਟੌਤੀ ਪ੍ਰਤੀਸ਼ਤ ਪਤਾ ਕਰਨਾ ਜਾਂ ਕਿਸੇ ਲੈਣ ਦੇਣ ਵਿੱਚ ਖਰੀਦ ਮੁੱਲ ਅਤੇ ਲਾਭ ਦਿੱਤੇ ਹੋਣ ਤੇ ਲਾਭ ਪ੍ਰਤੀਸ਼ਤ ਪਤਾ ਕਰਨਾ।
- ਸਿੱਧੇ ਅਤੇ ਅਸਿੱਧੇ ਸਮਾਨ ਅਨੁਪਾਤ ਤੇ ਆਧਾਰਿਤ ਸਵਾਲਾਂ ਨੂੰ ਹੱਲ ਕਰੇਗਾ।
- ਚਤੁਰਭੁਜਾਵਾਂ ਦੇ ਕੋਣਾਂ ਨੂੰ ਕੋਣ ਜੋੜ ਗੁਣ ਰਾਹੀਂ ਪਤਾ ਕਰੇਗਾ।
- ਸਮਾਂਤਰ ਚਤੁਰਭੁਜ ਦੇ ਗੁਣਾਂ ਦੀ ਪੜਤਾਲ ਕਰੇਗਾ ਅਤੇ ਉਨ੍ਹਾਂ ਵਿੱਚ ਤਰਕ ਸੰਗਤ ਸੰਬੰਧ ਸਥਾਪਤ ਕਰੇਗਾ।
- 3 ਪਾਸਾਰੀ ਚਿੱਤਰਾਂ ਨੂੰ ਸਮ-ਤਲ ਉਪਰ ਪ੍ਰਦਰਸ਼ਿਤ ਕਰੇਗਾ ਜਿਵੇਂ ਕਾਗਜ਼ ਦੀ ਸ਼ੀਟ, ਬਲੈਕ ਬੋਰਡ ਆਦਿ।
- ਨਮੂੰਨਿਆਂ ਰਾਹੀਂ ਇਯੂਲਰ ਨਿਯਮ ਦੀ ਪੜਤਾਲ ਕਰੇਗਾ।
- ਪ੍ਰਕਾਰ ਅਤੇ ਸਿੱਧੇ ਕਿਨਾਰੇ ਦੀ ਸਹਾਇਤਾ ਨਾਲ਼ ਵੱਖ-ਵੱਖ ਚਤੁਰਭੁਜਾਂ ਦੀ ਰਚਨਾ ਕਰੇਗਾ।
- ਵਰਗ ਗਰਿਡ/ਗਰਾਫ਼ ਸ਼ੀਟ ਦੀ ਮੱਦਦ ਨਾਲ਼ ਸਮਲੰਬ ਚਤੁਰਭੁਜ ਅਤੇ ਹੋਰ ਬਹੁਭੁਜਾਂ ਵਰਗੇ ਅਕਾਰਾਂ ਦੇ ਖੇਤਰਫ਼ਲ ਦਾ ਅਨੁਮਾਨ ਲਗਾਵੇਗਾ ਅਤੇ ਸੂਤਰਾਂ ਰਾਹੀਂ ਪੜਤਾਲ ਕਰੇਗਾ।
- ਬਹੁਭੁਜ ਦਾ ਖੇਤਰਫ਼ਲ ਪਤਾ ਕਰੇਗਾ।
- ਘਣਾਕਾਰ ਅਤੇ ਵੇਲਣਾਕਾਰ ਵਸਤੂਆਂ ਦੇ ਸਤਹੀ ਖੇਤਰਫ਼ਲ ਅਤੇ ਆਇਤਨ ਦਾ ਪਤਾ ਕਰੇਗਾ।
- ਛੜ ਗਰਾਫ਼ ਅਤੇ ਪਾਈ ਚਾਰਟ ਦੀ ਰਚਨਾ ਕਰੇਗਾ ਅਤੇ ਵਿਆਖਿਆ ਕਰੇਗਾ।
- ਪੂਰਵ ਵਾਪਰੀਆਂ ਘਟਨਾਵਾਂ ਜਾ ਮੌਜੂਦਾ ਅੰਕੜਿਆਂ ਜਿਵੇਂ ਵਾਰ-ਵਾਰ ਪਾਸੇ ਅਤੇ ਸਿੱਕੇ ਨੂੰ ਉਛਾਲਣ ਤੇ ਮਿਲੇ ਅੰਕੜਿਆਂ ਦੇ ਆਧਾਰ ਤੇ ਭਵਿੱਖ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦੀ ਧਾਰਨਾ ਬਣਾਵੇਗਾ।

ਗਿਣਤੀ ਰਾਹੀਂ ਖੇਤਰਫਲ ਦਾ ਅਨੁਮਾਨ ਲਗਾਉਣ ਲਈ ਕਹਿਣਾ।

- ਤ੍ਰਿਭੁਜ ਅਤੇ ਆਇਤ (ਵਰਗ) ਦੇ ਖੇਤਰਫਲ ਦੀ ਵਰਤੋਂ ਕਰਦੇ ਹੋਏ ਸਮਲੰਬ ਚਤੁਰਭੁਜ ਦੇ ਖੇਤਰਫਲ ਦੇ ਸੂਤਰ ਨੂੰ ਸਥਾਪਿਤ ਕਰਨਾ।
- ਵਿਭਿੰਨ 3 ਪਾਸਾਰੀ ਵਸਤੂਆਂ ਜਿਵੇਂ ਘਣ, ਘਣਾਵ ਅਤੇ ਵੇਲਣ ਦੀਆਂ ਸਤ੍ਹਾ ਨੂੰ ਪਹਿਚਾਨਣਾ।
- ਆਇਤ, ਵਰਗ ਅਤੇ ਚੱਕਰ ਦੇ ਖੇਤਰਫਲ ਦੀ ਸੂਤਰਾਂ ਦੀ ਵਰਤੋਂ ਕਰਦੇ ਹੋਏ ਘਣ ਅਤੇ ਘਣਾਵ ਦੇ ਸਤਹੀ ਖੇਤਰਫਲ ਦੇ ਸੂਤਰ ਦੀ ਸਥਾਪਨਾ ਕਰਨਾ।
- ਇਕਾਈ ਘਣ ਦੀ ਵਰਤੋਂ ਕਰਦੇ ਹੋਏ ਦਿੱਤੇ ਹੋਏ ਘਣ ਅਤੇ ਘਣਾਵ ਦਾ ਆਇਤਨ ਪਤਾ ਕਰਨਾ।
- ਅੰਕੜੇ ਇੱਕਠੇ ਕਰਨਾ, ਉਨ੍ਹਾਂ ਨੂੰ ਸਮੂਹਾਂ ਵਿੱਚ ਵੰਡਣਾ ਅਤੇ ਉਨਾਂ ਨੂੰ ਛੜ ਗਰਾਫ ਜਾਂ ਪਾਈ ਚਾਰਟ ਰਾਹੀਂ ਪ੍ਰਦਰਸ਼ਿਤ ਕਰਨਾ।
- ਅਜਿਹੀਆਂ ਕਿਰਿਆਵਾਂ ਕਰਵਾਉਣਾ ਜੋ ਬਹੁਤ ਸਾਰੇ ਸਮਾਨ ਪਾਸੇ/ਸਿੱਕੇ ਉਛਾਲਣ ਨਾਲ਼ ਮੇਲ ਖਾਣ ਅਤੇ ਉਕਤ ਅੰਕੜਿਆਂ ਦੇ ਆਧਾਰ ਤੇ ਬਹੁਤ ਸਾਰੀਆਂ ਵਿਅਕਤੀਗਤ ਘਟਨਾਵਾਂ ਦਾ ਪੂਰਵ ਅਨੁਮਾਨ ਲਗਾਉਣ ਅਤੇ ਉਨ੍ਹਾਂ ਦੇ ਭਵਿੱਖ ਵਿੱਚ ਘੱਟਣ ਦੀ ਪੂਰਵ ਜਾਣਕਾਰੀ ਲਈ ਸਾਰੇ ਉਛਾਲਾਂ ਦੇ ਨਤੀਜਿਆਂ ਦਾ ਆਂਕਲਨ ਕਰਨਾ, ਬਹੁਤ ਸਾਰੀਆਂ ਵਾਰ-ਵਾਰ ਘੱਟਣ ਵਾਲੀਆਂ ਘਟਨਾਵਾਂ ਦੇ ਸਮੂਹ ਨੂੰ ਘੋਖਣਾ, ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਦੀ ਪੂਰਵ ਜਾਣਕਾਰੀ ਪ੍ਰਾਪਤ ਕਰਨ ਵਿੱਚ ਸਹਾਇਕ ਹੋਣ।





## ਗਣਿਤ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ

ਗਣਿਤ ਸਿੱਖਣ ਦੀਆਂ ਮੁਸ਼ਕਲਾਂ ਤੇ ਕਾਬੂ ਪਾਉਣ ਲਈ ਵੱਖਰੀ-ਵੱਖਰੀ ਪਹੁੰਚ ਅਪਣਾਉਣੀ ਹੁੰਦੀ ਹੈ। ਕੁੱਝ ਵਿਦਿਆਰਥੀਆਂ ਨੂੰ ਜੁਗਤੀ ਪੂਰਨ (tactile) ਢੰਗਾਂ ਦੀ ਜ਼ਰੂਰਤ ਹੈ ਜਦੋਂ ਕਿ ਕੁਝ ਲਈ ਮਾਹਰਾਂ ਦੀ ਲੋੜ ਹੁੰਦੀ ਹੈ। ਅਕਾਰਾਂ, ਜੁਮੈਟਰੀ ਅਤੇ ਗਣਨਾਵਾਂ ਆਦਿ ਲਈ ਸਮਾਨ ਚਾਹੀਦਾ ਹੋ ਸਕਦਾ ਹੈ। ਕੁੱਝ ਲਈ ਬਹੁਤ ਸਾਧਾਰਨ ਭਾਸ਼ਾ ਅਤੇ ਤਸਵੀਰਾਂ ਦੀ ਜ਼ਰੂਰਤ ਹੈ, ਕੁੱਝ ਹੋਰਾਂ ਨੂੰ ਗਰਾਫ਼ਾਂ, ਸਾਰਨੀਆਂ ਅਤੇ ਛੜ ਚਿੱਤਰਾਂ ਵਿੱਚ ਅੰਕੜੇ ਦਰਸਾਉਣ ਲਈ ਮਦਦ ਦੀ ਜ਼ਰੂਰਤ ਹੈ। ਕੁਝ ਅਜਿਹੇ ਬੱਚੇ ਹੋ ਸਕਦੇ ਹਨ ਜਿਨ੍ਹਾਂ ਨੂੰ ਜ਼ੁਬਾਨੀ ਕਰਵਾਏ ਕੰਮ ਅਤੇ ਗਣਨਾਵਾਂ ਵਿੱਚ ਮਦਦ ਦੀ ਜ਼ਰੂਰਤ ਹੋਵੇ। ਸਥੂਲ, ਸੂਖਮ ਅਤੇ ਗਿਣਨਾਤਮਕ ਸੋਝੀ ਵਿਕਸਤ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਤੇ ਕਾਬੂ ਪਾਉਣ ਲਈ ICT ਦੀ ਸਹਾਇਤਾ ਲਈ ਜਾਣੀ ਚਾਹੀਦੀ ਹੈ।

**ਵੱਖ-ਵੱਖ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਖਾਸ ਜ਼ਰੂਰਤਾਂ ਹੇਠ ਲਿਖੀਆਂ ਗਈਆਂ ਹਨ ਜਿਨ੍ਹਾਂ ਦਾ ਖ਼ਿਆਲ ਰੱਖਣ ਤੇ ਉਹ ਆਪਣੇ ਸਾਥੀ ਵਿਦਿਆਰਥੀਆਂ ਨਾਲ਼ ਲੋੜੀਦੇ ਸਿੱਖਣ ਨਤੀਜਿਆਂ ਨੂੰ ਪੂਰਾ ਕਰਨ ਵਿੱਚ ਯੋਗ ਹੋਣਗੇ।**

### ਦਿਸਣ ਤੋਂ ਅਸਮੱਰਥ ਵਿਦਿਆਰਥੀਆਂ ਲਈ

- ਸਥਾਨਕ (Spatial) ਸੰਕਲਪ ਵਿਕਸਤ ਕਰਨਾ (Concepts related to space) ਅਤੇ ਸਥਾਨਕ Spatial ਸੰਕਲਪਾਂ ਵਿੱਚ ਸੰਬੰਧਾਂ ਨੂੰ ਸਮਝਣਾ।
- ਤਿੰਨ ਪਸਾਰੀ ਵਸਤਾਂ ਨੂੰ ਦੋ ਪਸਾਰੀ ਵਿੱਚ ਤਬਦੀਲ ਕਰਨ ਨੂੰ ਸਮਝਣਾ।
- ਗਣਿਤ ਵਿੱਚ ਵਰਤੇ ਜਾਣ ਵਾਲੇ ਵਿਸ਼ੇਸ਼ ਚਿੰਨ੍ਹਾਂ ਨੂੰ ਸਮਝਣਾ।
- ਗਣਿਤ ਦੇ ਵਿਸ਼ੇ ਵਸਤੂ ਦੀ ਆਵਾਜ਼ ਰਿਕਾਰਡਿੰਗ ਦੀ ਸਮੱਸਿਆ ਉਦਾਹਰਨ ਵਜੋਂ ਸਮੀਕਰਨਾਂ ਆਦਿ।
- ਗਣਿਤਕ ਵਿਸ਼ੇ ਵਸਤੂ ਦਾ ਬ੍ਰੇਲ ਵਿੱਚ ਰੁਪਾਂਤਰਣ ਕਰਨ ਦੀ ਮੁਸ਼ਕਲ ਖਾਸ ਕਰਕੇ ਸਥਾਨਾਂ ਦੀ ਤਰਤੀਬ (arrangement) ਅਤੇ ਰੰਗਾਂ ਦੀ ਵਿਸ਼ੇਸ਼ਤਾਂ (colour codes)
- Nemeth ਜਾਂ ਹੋਰ ਗਣਿਤਕ ਬ੍ਰੇਲੀ ਕੋਡ ਸਿੱਖਣਾ।

### ਸੁਣਨ ਤੋਂ ਅਸਮੱਰਥ ਵਿਦਿਆਰਥੀਆਂ ਲਈ

- ਸ਼ਬਦਾਵਲੀ ਦੇ ਵਿਕਾਸ ਵਿੱਚ ਘਾਟ, ਸਾਧਾਰਨ ਅਤੇ ਤਕਨੀਕੀ ਸ਼ਬਦਾਵਲੀ ਦੀ ਕਮੀ ਦਾ ਸ਼ਿਕਾਰ ਹੋਣਾ (ਸ਼ਬਦ ਜਿਵੇਂ ਉਲਟਕ੍ਰਮ, ਰੇਖੀ ਆਦਿ)
- ਗਣਿਤਕ ਸਮੱਸਿਆਵਾਂ ਦੀ ਸ਼ਬਦਾਵਲੀ ਸਮਝਣਾ (ਕਿਸੇ ਨੁਕਤੇ ਦੀ ਵਿਆਖਿਆ ਜਾਂ ਅਰਥ ਸਮੱਸ਼ਟ ਕਰਨ ਲਈ ਕਾਫ਼ੀ ਸਾਰੇ ਸ਼ਬਦਾਂ ਨੂੰ ਵਰਤਣਾ)
- ਬਹੁਤ ਸਾਰੇ ਅਰਥਾਂ ਵਾਲੇ ਸ਼ਬਦਾਂ ਨੂੰ ਨਿਖੇੜਨਾ ਜਿਵੇਂ ਵਿਆਜ ਸਾਰਨੀ, ਉਧਾਰ, ਕੋਣ, ਆਇਤਨ, ਬਲ, ਬਿੰਦੂ ਆਦਿ।
- ਬੁੱਲ ਪੜ੍ਹਨ (Lip Reading) ਤੋਂ ਗਣਿਤਕ ਸ਼ਬਦਾਵਲੀ ਨੂੰ ਨਿਖੇੜ ਕੇ ਸਮਝ ਸਕਣਾ ਜਿਵੇਂ (tens - tenths, sixty and sixteen)
- ਸਮੱਸਿਆਵਾਂ ਦੇ ਹੱਲ ਲਈ ਢੁੱਕਵੀਆਂ ਵਿਧੀਆਂ ਤੇ ਪਹੁੰਚਾਂ ਦੀ ਚੋਣ ਸਮੇਂ ਗਿਆਨਾਤਮਕ ਵਿਧੀਆਂ ਦੀ ਘੱਟ ਵਰਤੋਂ।

**ਬੌਧਿਕ ਪੱਧਰ 'ਤੇ ਵਿਸ਼ੇਸ਼ ਲੋੜਾਂ ਵਾਲ਼ੇ ਵਿਦਿਆਰਥੀਆਂ ਲਈ**

- ਤਰਤੀਬੱਧਤਾ, ਪਗ-ਦਰ-ਪਗ ਸਮੱਸਿਆ ਹੱਲ ਕਰਨ ਅਤੇ ਸਥਾਨਕ ਮੁੱਲਾਂ ਸੰਬੰਧੀ ਸਮੱਸਿਆਵਾਂ।
- ਗਣਿਤਕ ਗਣਨਾਵਾਂ, ਸੰਖਿਆਵਾਂ ਵਿੱਚ ਅੰਕ ਉਲਟਾਉਣਾ, ਲਿਖਤ ਉਤਾਰਨਾ (Copying) ਆਦਿ ਵਿੱਚ ਮੁਸ਼ਕਲ/ਗਣਿਤਕ ਚਿੰਨ੍ਹਾਂ ਵਿੱਚ ਉਲਝਣ (Confusion)
- ਜੁਮੈਟਰੀ ਦੀਆਂ ਵੱਖ-ਵੱਖ ਆਕ੍ਰਿਤੀਆਂ ਨੂੰ ਪਛਾਨਣਾ ਅਤੇ ਦਿਸ਼ਾਵਾਂ ਸੰਬੰਧੀ ਮੁਸ਼ਕਲ।
- ਬੀਜ ਗਣਿਤ ਅਤੇ ਅੰਕਾਂ ਆਦਿ ਵਿਚਲੀਆਂ ਸੂਖਮ ਧਾਰਨਾਵਾਂ।
- ਸ਼ਬਦ ਸਮੱਸਿਆਵਾਂ (ਵਾਰਤਾ ਵਾਲੀਆਂ ਸਮੱਸਿਆਵਾਂ) ਨੂੰ ਸਮਝਣਾ।





# ਪ੍ਰਾਇਮਰੀ ਪੱਧਰ 'ਤੇ ਵਾਤਾਵਰਨ ਅਧਿਐਨ ਵਿੱਚ ਸਿੱਖਣ ਦੇ ਨਤੀਜੇ

**ਜਾਣ ਪਛਾਣ**

ਪ੍ਰਾਇਮਰੀ ਪੱਧਰ 'ਤੇ ਵਾਤਾਵਰਨ ਅਧਿਐਨ ਬੱਚਿਆਂ ਨੂੰ ਆਪਣੇ ਆਲ਼ੇ-ਦੁਆਲ਼ੇ ਦੀਆਂ ਵਾਸਤਵਿਕ ਹਾਲਤਾਂ ਨੂੰ ਜਾਨਣ, ਉਹਨਾਂ ਨਾਲ਼ ਜੁੜਨ, ਵਾਤਾਵਰਨ (ਕੁਦਰਤੀ, ਭੂਗੋਲਿਕ, ਸਮਾਜਿਕ, ਸੱਭਿਆਚਾਰਕ) ਨਾਲ਼ ਸੰਬੰਧਤ ਪ੍ਰਚਲਿਤ ਮੁੱਦਿਆਂ ਪ੍ਰਤੀ ਜਾਗਰੂਕ ਅਤੇ ਸੰਵੇਦਨਸ਼ੀਲ ਕਰਨ ਵਿੱਚ ਮਦਦ ਕਰਦਾ ਹੈ। ਰਾਸ਼ਟਰੀ ਪਾਠਕ੍ਰਮ ਢਾਂਚਾ 2005 (NCF-2005) ਪ੍ਰਾਇਮਰੀ ਪੱਧਰ 'ਤੇ ਵਾਤਾਵਰਨ ਅਧਿਐਨ ਵਿੱਚ ਸਿੱਖਣ-ਸਿਖਾਉਣ ਲਈ ਏਕੀਕ੍ਰਿਤ ਅਤੇ ਥੀਮੈਟਿਕ (Thematic) ਪਹੁੰਚ ਦੀ ਸਿਫ਼ਾਰਿਸ਼ ਕਰਦਾ ਹੈ, ਇਸ ਨਾਲ਼ ਸੰਬੰਧਤ ਸਰੋਕਾਰਾਂ ਨੂੰ ਪਹਿਲੀ-ਦੂਜੀ ਜਮਾਤ ਲਈ ਭਾਸ਼ਾ ਅਤੇ ਗਣਿਤ ਨਾਲ਼ ਏਕੀਕ੍ਰਿਤ ਅਤੇ ਤੀਜੀ ਤੋਂ ਪੰਜਵੀਂ ਜਮਾਤ ਲਈ ਵੱਖਰੇ ਪਾਠਕ੍ਰਮ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ।

ਵਾਤਾਵਰਨ ਅਧਿਐਨ ਮੁੱਢਲੀਆਂ ਜਮਾਤਾਂ ਵਿੱਚ ਬੱਚੇ ਦੇ ਤਤਕਾਲੀਨ ਵਾਤਾਵਰਨ ਨਾਲ਼ ਸੰਬੰਧਤ (ਕੁਦਰਤੀ, ਸਮਾਜਿਕ, ਭੂਗੋਲਿਕ ਅਤੇ ਸੱਭਿਆਚਾਰਕ ਪਰਿਸਥਿ-ਤੀਆਂ) ਖ਼ੁੱਦ, ਘਰ, ਪਰਿਵਾਰ ਅਤੇ ਸਕੂਲ ਤੋਂ ਸ਼ੁਰੂ ਕਰਕੇ ਹੌਲੀ-ਹੌਲੀ ਇਸ ਦੀ ਵਿਸ਼ਾਲਤਾ (ਆਂਢ-ਗੁਆਂਢ ਅਤੇ ਸਮੁਦਾਇ) ਵੱਲ ਵੱਧਦਿਆਂ ਬੱਚਿਆਂ ਦੀ ਨਾ ਕੇਵਲ ਆਪਣੇ ਆਲ਼ੇ-ਦੁਆਲ਼ੇ ਪ੍ਰਤੀ ਜਾਗਰੂਕ ਹੋਣ ਵਿੱਚ ਮਦਦ ਕਰਦਾ ਹੈ ਸਗੋਂ ਆਲ਼ੇ-ਦੁਆਲੇ ਨਾਲ਼ ਉਹਨਾਂ ਦੇ ਸੰਬੰਧਾਂ ਨੂੰ ਹੋਰ ਪਕੇਰਾ ਕਰਦਾ ਹੈ। ਬੱਚੇ ਦੇ ਸੰਦਰਭ ਵਿੱਚ ਵਾਤਾਵਰਨ ਅਧਿਐਨ ਸਿੱਖਣ ਲਈ ਸਿੱਖਣ ਦੀਆਂ ਪਰਸਥਿਤੀਆਂ ਪੈਦਾ ਕਰਨਾ ਬਹੁਤ ਅਹਿਮ ਹੈ। ਸਿੱਧੀਆਂ ਸੂਚਨਾਵਾਂ, ਪਭਿਸ਼ਾਵਾਂ ਅਤੇ ਵਿਆਖਿਆਵਾਂ ਦੇਣ ਤੋਂ ਗੁਰੇਜ਼ ਕਰਨ ਦੇ ਉਪਰਾਲੇ ਕੀਤੇ ਜਾਣ ਅਤੇ ਅਜਿਹੀਆਂ ਪਰਿਸਥਿਤੀਆਂ ਪੈਦਾ ਕੀਤੀਆਂ ਜਾਣ ਕਿ ਬੱਚੇ ਆਪਣੇ ਆਲ਼ੇ-ਦੁਆਲ਼ੇ ਅਤੇ ਦੂਜੇ ਬੱਚਿਆਂ, ਵੱਡਿਆਂ ਅਤੇ ਹੋਰ ਅਹਿਮ ਵਿਅਕਤੀਆਂ ਨਾਲ਼ ਤਾਲਮੇਲ ਅਤੇ ਤਜ਼ਰਬੇ ਤੋਂ ਸਿੱਖ ਕੇ ਆਪਣੀ ਜਾਣਕਾਰੀ ਵਿੱਚ ਵਾਧਾ ਕਰ ਸਕਣ। ਇਸ ਪ੍ਰਕਿਰਿਆ ਦੌਰਾਨ ਉਹ ਪਾਠ-ਪੁਸਤਕਾਂ ਤੋਂ ਇਲਾਵਾ ਜਾਣਕਾਰੀ ਦੇ ਹੋਰ ਸਰੋਤਾਂ ਦਾ ਜਾਇਜ਼ਾ ਲੈਣਗੇ ਅਤੇ ਜਮਾਤ ਤੋਂ ਬਿਨਾਂ ਸਿੱਖਣ ਦੇ ਹੋਰ ਮੌਕਿਆਂ ਤੋਂ ਜਾਣੂ ਹੋਣਗੇ। ਵਾਸਤਵਿਕ ਦੁਨੀਆ ਨਾਲ਼ ਜਾਣ-ਪਛਾਣ ਉਹਨਾਂ ਨੂੰ ਭਿੰਨ-ਭਿੰਨ ਸਮਾਜਿਕ ਮੁੱਦਿਆਂ (ਲਿੰਗ ਆਧਾਰਤ ਅਤੇ ਪਿਛੜੇ ਵਰਗਾਂ ਨਾਲ਼ ਵਿਤਕਰਾ), ਵਿਭਿੰਨ ਲੋੜਾਂ ਵਾਲੇ ਵਿਅਕਤੀਆਂ (ਬਜ਼ੁਰਗ ਅਤੇ ਬੀਮਾਰ ਵੀ) ਨੂੰ ਦਰਪੇਸ਼ ਚੁਣੌਤੀਆਂ ਅਤੇ ਕੁਦਰਤ ਨਾਲ਼ ਸੰਬੰਧਤ ਚਿੰਤਾਵਾਂ (ਕੁਦਰਤੀ ਸਰੋਤਾਂ ਦੀ ਸੰਭਾਲ, ਸੁਰੱਖਿਆ, ਬਚਾਅ) ਦਾ ਸਾਹਮਣਾ ਕਰਨ ਵਿੱਚ ਅਗਵਾਈ ਕਰੇਗੀ। ਸਰੋਤ ਸਮੱਗਰੀ, ਜਮਾਤ ਦਾ ਵਾਤਾਵਰਨ ਅਤੇ ਸਿੱਖਣ ਪਰਿਕਿਰਿਆ ਸੰਮਲਿਤ ਹਨ-ਇਹ ਯਕੀਨੀ ਬਣਾਉਂਦਿਆਂ ਖ਼ਿਆਲ ਰੱਖਿਆ ਜਾਵੇ ਕਿ ਇਹ ਵਿਦਿਆਰਥੀਆਂ ਵਿਚਲੀ ਵਿਭਿੰਨਤਾ, ਯੋਗਤਾਵਾਂ, ਬੌਧਿਕ ਵਿਕਾਸ, ਸਿੱਖਣ ਦੀ ਗਤੀ ਅਤੇ ਸ਼ੈਲੀ ਦੇ ਪੂਰਕ ਹੋਣ।

ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਨੂੰ ਯਕੀਨੀ ਬਣਾਉਂਦਿਆਂ ਉਹਨਾਂ ਦੇ ਅਨੁਭਵਾਂ ਨੂੰ ਸਕੂਲ ਵਿਚਲੀ ਜਾਣਕਾਰੀ ਨਾਲ਼ ਜੋੜਦਿਆਂ, ਉਹਨਾਂ ਦੀ ਜਾਣਕਾਰੀ ਨੂੰ ਸਵੀਕਾਰਤਾ ਅਤੇ ਮਹੱਤਤਾ ਦੇਣੀ ਜ਼ਰੂਰੀ ਹੈ। ਇਹ ਯਕੀਨੀ ਬਣਾਉਣ ਲਈ ਕਿ ਹਰ ਸਿਖਿਆਰਥੀ (ਭਿੰਨ ਲੋੜਾਂ ਵਾਲੇ ਅਤੇ ਪੱਛੜੇ) ਅਵਲੋਕਣ, ਪ੍ਰਗਟਾਵਾ, ਵਿਚਾਰ-ਚਰਚਾ, ਅਲੋਚਨਾਤਮਕ ਸੋਚ, ਬਿਨਾ ਅਗੇਤੀ ਤਿਆਰੀ ਤੋਂ ਕਿਸੇ ਕੰਮ ਨੂੰ ਕਰਨ ਅਤੇ ਵਿਸ਼ਲੇਸ਼ਣ ਦਾ ਮੌਕਾ ਪ੍ਰਾਪਤ ਕਰੇ ਅਰਥਾਤ ਇਕੱਲੇ ਅਤੇ ਸਮੂਹ ਵਿੱਚ ਆਪਣੀਆਂ ਵੱਖ-ਵੱਖ ਗਿਆਨ-ਇੰਦਰੀਆਂ ਦੀ ਵਰਤੋਂ ਕਰਦਾ ਹੋਇਆ, ਸਿੱਖਣ ਪ੍ਰਕਿਰਿਆ ਵਿੱਚ ਸ਼ਾਮਲ ਹੋਵੇ, ਸਿੱਖਣ ਪਰਿਸਥਿਤੀਆਂ ਲਈ ਪਹੁੰਚ, ਰਣਨੀਤੀ ਅਤੇ ਸਰੋਤਾਂ ਦੀ ਵੰਨ-ਸੁਵੰਨਤਾ ਦੀ ਲੋੜ ਹੈ। ਬੱਚੇ ਦੇ ਵਿਕਾਸ ਅਤੇ ਵਾਤਾਵਰਨ ਅਧਿਐਨ ਵਿੱਚ ਪ੍ਰਗਤੀ ਨੂੰ ਮਾਪਣ ਲਈ, ਇੱਕ

ਵਿਆਪਕ ਨਜ਼ਰੀਆ ਹਾਸਲ ਕਰਨ ਵਾਸਤੇ, ਇਸ ਦੀ ਪਾਠਕ੍ਰਮ-ਉਮੀਦਾਂ ਸੰਬੰਧੀ ਹਰ ਜਮਾਤ ਵਾਸਤੇ 'ਸਿੱਖਣ ਦੇ ਨਤੀਜੇ' ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਭ ਲਈ ਸਿਖਿਆਰਥੀਆਂ ਜਾਣਕਾਰੀ, ਕੁਸ਼ਲਤਾਵਾਂ, ਜੀਵਨ-ਮੁੱਲਾਂ, ਰੁਚੀਆਂ ਸੁਵਿਧਾਵਾਂ, ਉਮਰ ਅਨੁਸਾਰ ਢੁੱਕਵੀਂ ਅਤੇ ਪ੍ਰਸੰਗਿਕ ਸਿੱਖਣ ਪ੍ਰਕਿਰਿਆ, ਉਹਨਾਂ ਦੀਆਂ ਸਿੱਖਿਆ ਲੋੜਾਂ ਅਤੇ ਸਿੱਖਣ ਸ਼ੈਲੀ ਜਾਨਣ ਦੀ ਲੋੜ ਹੈ ਤਾਂ ਕਿ ਅਧਿਆਪਕ/ ਵਡੇਰੇ ਮੌਜੂਦਾ ਵਿਚਾਰਾਂ ਦੀ ਪੜਚੋਲ ਕਰਨ ਸਕਣ ਅਤੇ ਆਪਣੀ ਜਾਣਕਰੀ ਵਿੱਚ ਹੋਰ ਵਾਧਾ ਕਰ ਸਕਣ।ਹੇਠਲੀ ਸਾਰਣੀ ਵਿੱਚ ਜਮਾਤ ਅਨੁਸਾਰ ਸੁਝਾਈਆਂ ਗਈਆਂ ਸਿੱਖਣ-ਸਿਖਾਉਣ ਪ੍ਰਕਿਰਿਆਵਾਂ, ਵੱਖ-ਵੱਖ ਧਿਰਾਂ ਵਿਸ਼ੇਸ਼ ਕਰਕੇ ਅਧਿਆਪਕਾਂ ਨੂੰ ਸਿੱਖਣ ਪਰਿਸਥਿਤੀਆਂ ਲਈ ਕੁੱਝ ਸੁਰਾਗ਼ ਪ੍ਰਦਾਨ ਕਰਦੀਆਂ ਹਨ। ਇਹ ਸਿੱਖਣ-ਸਿਖਾਉਣ ਪ੍ਰਕਿਰਿਆਵਾਂ ਸੰਮਲਿਤ ਜਮਾਤ ਵਿੱਚ ਬੱਚਿਆਂ ਲਈ ਕਾਰਜਾਂ/ਗਤੀਵਿਧੀਆਂ ਦੀ ਵਿਉਂਤਬੰਦੀ ਦੀ ਰੂਪਰੇਖਾ ਤਿਆਰ ਕਰਨ ਅਤੇ ਉਹਨਾਂ ਦੀ ਸਿੱਖਣ ਪ੍ਰਗਤੀ ਨੂੰ ਜਾਂਚਣ ਵਿੱਚ ਸਹਾਈ ਹੋ ਸਕਦੀਆਂ ਹਨ।

## ਪ੍ਰਾਇਮਰੀ ਪੱਧਰ 'ਤੇ ਵਾਤਾਵਰਨ ਸਿੱਖਿਆ ਦਾ ਪਾਠਕ੍ਰਮ ਉਮੀਦ ਕਰਦਾ ਹੈ ਕਿ ਵਿਦਿਆਰਥੀ

- ਆਪਣੇ ਨੇੜਲੇ ਵਾਤਾਵਰਨ ਵਿੱਚ ਰੋਜ਼ਾਨਾ ਜੀਵਨ ਨਾਲ ਵੱਖ-ਵੱਖ ਥੀਮ ਜਿਵੇਂ ਪਰਿਵਾਰ, ਪੌਦੇ, ਜੰਤੂ, ਭੋਜਨ, ਪਾਣੀ, ਯਾਤਰਾ ਅਤੇ ਨਿਵਾਸ/ ਆਸਰਾ ਬਾਰੇ ਜੀਵੇ/ ਹੰਢਾਏ ਅਨੁਭਵਾਂ ਰਾਹੀਂ ਜਾਗਰੁਕਤਾ ਹਾਸਲ ਕਰੇ।
- ਕੁਦਰਤੀ ਜਿਗਿਆਸਾ ਅਤੇ ਰਚਨਾਤਮਕਤਾ ਨੂੰ ਆਪਣੇ ਨੇੜਲੇ ਵਾਤਾਵਰਨ ਲਈ ਉਤਸ਼ਾਹਿਤ ਕਰੇ।
- ਵੱਖ-ਵੱਖ ਕੌਸ਼ਲਾਂ/ ਪ੍ਰਕਿਰਿਆਵਾਂ ਜਿਵੇਂ ਅਵਲੋਕਣ, ਵਿਚਾਰ-ਚਰਚਾ, ਬਿਆਨ ਕਰਨਾ, ਪ੍ਰਯੋਗ ਕਰਨਾ, ਤਰਕਸ਼ੀਲਤਾ ਅਦਿ ਨੂੰ ਅਪਣੇ ਨੇੜਲੇ ਵਾਤਾਵਰਨ ਨਾਲ਼ ਪਰਸਪਰ ਵਿਹਾਰ ਕਰਦਿਆਂ ਵਿਕਸਿਤ ਕਰੇ।
- ਆਪਣੇ ਆਲ਼ੇ-ਦੁਆਲ਼ੇ ਵਿੱਚ ਕੁਦਰਤੀ, ਪਦਾਰਥਕ, ਮਨੁੱਖੀ ਸਰੋਤਾਂ ਪ੍ਰਤੀ ਸੰਵੇਦਨਸ਼ੀਲਤਾ ਵਿਕਸਿਤ ਕਰੇ।
- ਸਮਾਨਤਾ, ਨਿਆਂ, ਅਤੇ ਮਨੁੱਖੀ ਸਨਮਾਨ ਅਤੇ ਅਧਿਕਾਰਾਂ ਨਾਲ਼ ਸਬੰਧਤ ਮੁੱਦਿਆਂ ਪ੍ਰਤੀ ਆਵਾਜ਼ ਉਠਾਵੇ।





## ਜਮਾਤ ਤੀਜੀ ਵਾਤਾਵਰਨ ਸਿੱਖਿਆ

### ਸਿੱਖਣ-ਸਿਖਾਉਣ ਪ੍ਰਕਿਰਿਆ

**ਸਿਖਿਆਰਥੀ ਨੂੰ ਇਕੱਲਿਆਂ/ ਗਰੁੱਪਾਂ/ ਜੋਟੀਆਂ ਵਿੱਚ ਸਿੱਖਣ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਹੇਠ ਲਿਖਿਆਂ ਲਈ ਉਤਸ਼ਾਹਿਤ ਕੀਤਾ ਜਾਵੇ ਕਿ**

- ਉਹ ਅਪਣੇ ਨੇੜਲੇ ਵਾਤਾਵਰਨ ਜਿਵੇਂ ਘਰ, ਸਕੂਲ, ਅਤੇ ਆਲ਼ੇ-ਦੁਆਲ਼ੇ ਵਿੱਚੋਂ ਵੱਖ -ਵੱਖ ਵਸਤਾਂ/ ਪੌਦਿਆਂ/ ਜੰਤੂਆਂ/ ਪੰਛੀਆਂ ਦੇ ਸਥੂਲ/ ਦਿਖਣਯੋਗ ਭੌਤਿਕ ਲੱਛਣਾਂ (ਵਿਭਿੰਨਤਾ, ਦਿੱਖ, ਗਤੀ, ਨਿਵਾਸ ਸਥਾਨਾਂ, ਆਦਤਾਂ, ਲੋੜਾਂ, ਵਤੀਰੇ ਆਦਿ) ਦਾ ਅਵਲੋਕਣ ਅਤੇ ਪੜਚੋਲ ਕਰੇ।
- ਉਹ ਅਪਣੇ ਘਰ/ ਪਰਿਵਾਰ ਵਿੱਚ ਜਿਹਨਾਂ ਲੋਕਾਂ ਨਾਲ਼ ਰਹਿ ਰਿਹਾ ਹੈ- ਉਹਨਾਂ ਦੇ ਕਿੱਤਿਆਂ, ਰਿਸ਼ਤਿਆਂ, ਸਰੀਰਕ ਲੱਛਣਾਂ ਅਤੇ ਆਦਤਾਂ ਦਾ ਅਵਲੋਕਣ ਅਤੇ ਪੜਚੋਲ ਕਰੇ ਅਤੇ ਆਪਣੇ ਅਨੁਭਵਾਂ ਨੂੰ ਵੱਖ-ਵੱਖ ਤਰੀਕਿਆਂ ਨਾਲ਼ ਸਾਂਝਾ ਕਰੇ।
- ਆਪਣੇ ਆਲ਼ੇ-ਦੁਆਲ਼ੇ ਵਿੱਚੋਂ ਅਵਾਜਾਈ, ਸੰਚਾਰ ਦੇ ਸਾਧਨਾਂ ਅਤੇ ਲੋਕਾਂ ਦੇ ਕਿੱਤਿਆਂ ਦਾ ਅਵਲੋਕਣ ਅਤੇ ਪੜਚੋਲ ਕਰੇ।
- ਅਪਣੇ ਵੱਡਿਆਂ ਨਾਲ਼ ਚਰਚਾ ਕਰੇ ਅਤੇ ਜਾਣੇ ਕਿ ਮਨੁੱਖ/ ਪੰਛੀ/ ਜੰਤੂ ਪਾਣੀ , ਭੋਜਨ ਕਿਥੋਂ ਪ੍ਰਾਪਤ ਕਰਦੇ ਹਨ, ਪੌਦੇ ਦਾ ਕਿਹੜਾ ਭਾਗ ਖਾਂਦੇ ਹਨ, ਰਸੋਈ ਵਿੱਚ ਕੌਣ ਕੰਮ ਕਰਦਾ ਹੈ, ਪਹਿਲਾਂ ਅਤੇ ਅੰਤ ਵਿੱਚ ਭੋਜਨ ਕੌਣ ਖਾਂਦਾ ਹੈ।
- ਅਪਣੇ ਆਲ਼ੇ-ਦੁਆਲ਼ੇ ਵਿੱਚ ਨੇੜਲੇ ਸਥਾਨਾਂ 'ਤੇ ਜਾਵੇ ਅਤੇ ਅਵਲੋਕਣ ਕਰੇ (ਮੰਡੀ ਵਿੱਚ ਖਰੀਦੋ-ਫਰੋਖ਼ਤ, ਚਿੱਠੀ ਦੀ ਡਾਕਖ਼ਾਨੇ ਤੋਂ ਘਰ ਤੱਕ ਦੀ ਯਾਤਰਾ, ਪਾਣੀ ਦਾ ਸੋਮਾ)
- ਪ੍ਰਸ਼ਨ ਪੁੱਛੇ/ ਬਣਾਵੇ, ਆਪਣੇ ਸਾਥੀਆਂ ਅਤੇ ਵੱਡਿਆਂ ਨੂੰ ਬਿਨਾਂ ਕਿਸੇ ਡਰ ਅਤੇ ਝਿਜਕ ਦੇ ਉੱਤਰ ਦੇਵੇ।

### ਸਿੱਖਣ ਦੇ ਨਤੀਜੇ

**ਸਿਖਿਆਰਥੀ**

- ਆਪਣੇ ਨੇੜਲੇ ਵਾਤਾਵਰਨ ਵਿੱਚੋਂ ਪੌਦਿਆਂ ਦੇ ਪੱਤਿਆਂ, ਤਣਿਆਂ ਅਤੇ ਛਿੱਲ (ਸੱਕ) ਦੇ ਸਧਾਰਨ, ਦਿਖਣਯੋਗ ਲੱਛਣਾਂ (ਆਕਾਰ, ਰੰਗ, ਬਣਾਤਰ, ਗੰਧ) ਨੂੰ ਪਛਾਣਦਾ ਹੈ।
- ਅਪਣੇ ਨੇੜਲੇ ਵਾਤਾਵਰਨ ਵਿੱਚੋਂ ਜੰਤੂਆਂ ਅਤੇ ਪੰਛੀਆਂ ਦੇ ਸਧਾਰਨ ਲੱਛਣਾਂ ( ਗਤੀ, ਭੋਜਨ ਸੰਬੰਧੀ ਆਦਤਾਂ, ਧੁਨੀਆਂ) ਨੂੰ ਪਛਾਣਦਾ ਹੈ।
- ਪਰਿਵਾਰਕ ਮੈਂਬਰਾਂ ਨਾਲ਼ ਅਤੇ ਉਹਨਾਂ ਵਿਚਲੇ ਸੰਬੰਧਾਂ ਨੂੰ ਸਮਝਦਾ ਹੈ।
- ਉਹ ਘਰ/ਸਕੂਲ/ ਆਲ਼ੇ-ਦੁਆਲ਼ੇ ਵਿੱਚੋਂ ਵੱਖ-ਵੱਖ ਵਸਤਾਂ, ਚਿੰਨ੍ਹਾਂ (ਭਾਂਡੇ, ਚੁੱਲ੍ਹੇ, ਆਵਾਜਾਈ, ਸੰਚਾਰ ਦੇ ਸਾਧਨ, ਸੂਚਨਾਂ-ਬੋਰਡ), ਸਥਾਨਾਂ ( ਘਰ/ ਆਸਰਾ, ਬਸ ਅੱਡਾ, ਪੈਟਰੋਲ-ਪੰਪ ਆਦਿ) ਗਤੀਵਿਧੀਆਂ (ਲੋਕਾਂ ਦੇ ਕੰਮਾਂ, ਖਾਣਾ ਪਕਾਉਣ ਦੀਆਂ ਵਿਧੀਆਂ) ਪਛਾਣਦਾ ਹੈ।
- ਵੱਖ-ਵੱਖ ਆਯੂ-ਗੁੱਟ ਦੇ ਲੋਕਾਂ, ਜੰਤੂਆਂ/ ਪੰਛੀਆਂ ਦੀਆਂ ਭੋਜਨ ਲੋੜਾਂ, ਭੋਜਨ-ਪਾਣੀ ਦੀ ਉਪਲਬਧੱਤਾ, ਘਰ ਅਤੇ ਆਲ਼ੇ-ਦੁਆਲ਼ੇ ਵਿੱਚ ਪਾਣੀ ਵਰਤੋਂ ਬਾਰੇ ਦੱਸਦਾ ਹੈ।
- ਪਰਿਵਾਰਕ ਮੈਂਬਰਾਂ ਦੀ ਭੂਮਿਕਾ, ਪਰਿਵਾਰਕ ਅਸਰਾਂ (ਗੁਣਾਂ/ ਲੱਛਣਾਂ/ ਆਦਤਾਂ/ ਰਿਵਾਜਾਂ), ਇਕੱਠੇ ਰਹਿਣ ਦੀ ਲੋੜ ਬਾਰੇ ਲਿਖਤੀ/ ਜ਼ਬਾਨੀ/ ਹੋਰ ਢੰਗਾਂ ਰਾਹੀਂ ਬਿਆਨ ਕਰਦਾ ਹੈ।
- ਉਹ ਆਪਣੇ ਗਿਆਨ/ ਵਿਵੇਕ ਨਾਲ਼ ਵਸਤਾਂ, ਪੰਛੀਆਂ, ਜੰਤੂਆਂ, ਲੱਛਣਾਂ, ਗਤੀਵਿਧੀਆਂ ਨੂੰ ਸਮਾਨਤਾਵਾਂ/ ਭਿੰਨਤਾਵਾਂ (ਜਿਵੇਂ ਦਿੱਖ/ ਨਿਵਾਸ ਸਥਾਨ/ ਗਤੀ/ ਪਸੰਦ-ਨਾਪਸੰਦ/ ਅਤੇ ਕੋਈ ਹੋਰ ਲੱਛਣ) ਅਨੁਸਾਰ ਸਮੂਹਾਂ ਵਿੱਚ ਵੰਡਦਾ ਹੈ।
- ਵਰਤਮਾਨ ਅਤੇ ਭੂਤਕਾਲ ਦੀਆਂ ਵਸਤਾਂ ਅਤੇ

- ਅਪਣੇ ਅਨੁਭਵਾਂ/ ਅਵਲੋਕਣਾਂ ਨੂੰ ਚਿੱਤਰਾਂ/ ਚਿੰਨ੍ਹਾਂ/ ਹਾਵ-ਭਾਵਾਂ/ ਅਪਣੀ ਭਾਸ਼ਾ ਵਿੱਚ ਕੁੱਝ ਸ਼ਬਦਾਂ ਜਾਂ ਸਧਾਰਨ ਵਾਕਾਂ ਰਾਹੀਂ ਸਾਂਝਾ ਕਰੇ।
- ਵਸਤਾਂ ਦੀ ਹੋਂਦ ਆਧਾਰਿਤ ਅੰਤਰਾਂ/ ਸਮਾਨਤਾਵਾਂ, ਉਹਨਾਂ ਦੇ ਦਿਖਣਯੋਗ ਲੱਛਣਾਂ ਦੇ ਆਧਾਰ 'ਤੇ ਤੁਲਣਾ ਅਤੇ ਵਰਗੀਕਰਨ ਕਰੇ।
- ਅਪਣੇ ਮਾਤਾ-ਪਿਤਾ/ ਪਾਲਕਾਂ/ ਬਜ਼ੁਰਗਾਂ/ ਵੱਡਿਆਂ ਨਾਲ਼ ਉਹਨਾਂ ਦੀ ਪਿਛਲੀ ਅਤੇ ਅਜੋਕੀ ਜ਼ਿੰਦਗੀ, ਉਹਨਾਂ ਦੀਆਂ ਰੋਜ਼ਾਨਾਂ ਵਰਤੋਂ ਦੀਆਂ ਚੀਜ਼ਾਂ ਜਿਵੇਂ ਕੱਪੜੇ, ਭਾਂਡੇ, ਖੇਡਾਂ ਅਤੇ ਆਲ਼ੇ-ਦੁਆਲ਼ੇ ਦੇ ਲੋਕਾਂ ਦੇ ਕਿੱਤਿਆਂ ਦੀ ਤੁਲਣਾ ਅਤੇ ਚਰਚਾ ਕਰੇ।
- ਆਪਣੇ ਆਲ਼ੇ-ਦੁਆਲ਼ੇ ਵਿੱਚੋਂ ਪੱਥਰ, ਮਣਕੇ, ਖੰਭ, ਡਿੱਗੇ ਪਤੇ, ਤਸਵੀਰਾਂ ਆਦਿ ਇੱਕਠੀਆਂ ਕਰੇ ਅਤੇ ਉਹਨਾਂ ਨੂੰ ਨਵੇਂ-ਨਵੇਂ ਤਰੀਕਿਆਂ ਢੇਰੀਆਂ, ਥੈਲੀਆਂ/ ਪੈਕਟਾਂ ਵਿੱਚ ਸੰਭਾਲੇ। ਉਹ ਆਪਣੇ ਆਲ਼ੇ-ਦੁਆਲ਼ੇ ਦੀਆਂ ਸਥਿਤੀਆਂ, ਵਾਪਰਨ ਵਾਲੀਆਂ ਘਟਨਾਵਾਂ ਬਾਰੇ ਆਲੋਚਨਾਤਮਕ ਢੰਗ ਨਾਲ ਸੋਚੇ/ ਅੰਦਾਜ਼ਾ ਲਾਵੇ ਅਤੇ ਸੰਭਵ ਤਰੀਕਿਆਂ ਨਾਲ ਚੈੱਕ ਕਰੇ/ ਜਾਂਚੇ/ ਨਿਰੀਖਣ ਕਰੇ, ਉਦਾਹਰਨ ਦੇ ਤੌਰ 'ਤੇ ਕਿਸੇ ਨੇੜੇ ਦੇ ਸਥਾਨ/ਵਸਤੂ ਤੱਕ ਪਹੁੰਚਣ ਲਈ ਕਿਸ ਦਿਸ਼ਾ (ਖੱਬੇ/ ਸੱਜੇ/ਅੱਗੇ/ ਪਿੱਛੇ) ਵਿੱਚ ਜਾਇਆ ਜਾਵੇ, ਇਕੋ ਜਿਹੇ ਮਾਪ ਵਾਲੇ ਬਰਤਨਾਂ ਵਿੱਚੋਂ ਕਿਸ ਵਿੱਚ ਜ਼ਿਆਦਾ ਪਾਣੀ ਹੈ, ਕਿੰਨੇ ਚਮਚਿਆਂ ਨਾਲ਼ ਮੱਗ ਅਤੇ ਕਿੰਨੇ ਮੱਗਾਂ ਨਾਲ ਬਾਲਟੀ ਭਰੇਗੀ।
- ਵੱਖ-ਵੱਖ ਬੋਧ ਜਿਵੇਂ ਅਵਲੋਕਣ/ ਗੰਧ/ ਅਹਿਸਾਸ/ ਸੁਆਦ/ ਸੁਣਨ ਦੀ ਵਰਤੋਂ ਨਾਲ ਵਸਤਾਂ/ ਲੱਛਣਾਂ/ ਵਾਸਤਵਿਕ ਵਸਤੂਆਂ (Entities) ਦੀ ਪਛਾਣ/ ਅੰਤਰ/ ਵਰਗੀਕਰਨ ਕਰਨ ਲਈ ਸਧਾਰਨ ਪ੍ਰਯੋਗ/ ਗਤੀਵਿਧੀਆਂ ਕਰੇ।
- ਪ੍ਰਯੋਗਾਂ/ ਗਤੀਵਿਧੀਆਂ 'ਤੇ ਆਧਾਰਿਤ ਅਵਲੋਕਣਾਂ/ ਅਨੁਭਵਾਂ ਨੂੰ ਇਕੱਤਰ ਕਰੇ ਅਤੇ ਜ਼ਬਾਨੀ / ਹਾਵਭਾਵ / ਰੇਖਾਚਿੱਤਰ / ਸਾਰਣੀਆਂ / ਸਧਾਰਨ ਵਾਕਾਂ ਵਿੱਚ ਲਿਖਤਾਂ ਰਾਹੀਂ ਕਿਰਿਆਵਾਂ (ਕੱਪੜੇ, ਭਾਂਡੇ/ ਖੇਡਾਂ/ ਕਿੱਤਿਆਂ) ਵਿੱਚ ਅੰਤਰ ਕਰਦਾ ਹੈ।
- ਜ਼ੁਬਾਨੀ/ ਸੰਕੇਤਾਂ/ ਪ੍ਰਤੀਕਾਂ ਦੀ ਵਰਤੋਂ ਨਾਲ਼ ਸਧਾਰਨ ਨਕਸ਼ਿਆਂ (ਘਰ/ ਸਕੂਲ/ ਜਮਾਤ) ਵਿੱਚ ਦਿਸ਼ਾਵਾਂ ਅਤੇ ਵੱਖ-ਵੱਖ ਸਥਾਨਾਂ ਦੀ ਸਥਿਤੀ ਨੂੰ ਪਛਾਣਦਾ ਹੈ।
- ਰੋਜ਼ਾਨਾ ਜ਼ਿੰਦਗੀ ਦੀਆਂ ਗਤੀਵਿਧੀਆਂ/ ਵਰਤੋਂ ਯੋਗ ਸਮੱਗਰੀ ਦੇ ਗੁਣਾਂ ਦਾ ਅੰਦਾਜ਼ਾ ਅਤੇ ਮਿਕਦਾਰ ਦਾ ਅਨੁਮਾਨ ਹੈ ਲਾਉਂਦਾ ਹੈ ਅਤੇ ਚਿੰਨ੍ਹਾਂ/ ਗ਼ੈਰ-ਮਿਆਰੀ ਇਕਾਈਆਂ (ਗਿੱਠ, ਮੱਗ/ ਚਮਚਾ) ਨਾਲ਼ ਅਨੁਮਾਨ ਦੀ ਪੜਤਾਲ ਕਰਦਾ ।
- ਵਸਤਾਂ/ ਗਤੀਵਿਧੀਆਂ/ ਦੌਰਾ ਕੀਤੀਆਂ ਹੋਈਆਂ ਥਾਂਵਾਂ ਸੰਬੰਧੀ ਵੱਖ-ਵੱਖ ਤਰੀਕਿਆਂ ਨਾਲ਼ ਅਵ-ਲੋਕਣ, ਅਨੁਭਵ, ਸੂਚਨਾ ਦਾ ਰਿਕਾਰਡ ਰੱਖਦਾ ਹੈ ਅਤੇ ਨਮੂਨਿਆਂ (ਪੈਟਰਨ) ਜਿਵੇਂ ਚੰਨ ਦੀਆਂ ਆਕ੍ਰਿਤੀਆਂ, ਰੁੱਤਾਂ ਆਦਿ ਦਾ ਪੂਰਵ-ਅਨੁਮਾਨ ਲਾਉਂਦਾ ਹੈ'
- ਚਿੱਤਰਾਂ, ਡਿਜ਼ਾਇਨਾਂ, ਮੋਟਿਫ (Motif), ਮਾਡਲ, ਕਿਸੇ ਵਸਤੂ ਦੇ ਉੱਪਰੀ, ਸਾਹਮਣੇ, ਪਾਸੇ ਵਾਲੇ ਦ੍ਰਿਸ਼, ਜਮਾਤ/ਘਰ/ਸਕੂਲ ਦੇ ਸਧਾਰਨ ਨਕਸ਼ੇ ਅਤੇ ਕਵਿਤਾਵਾਂ, ਨਾਅਰਿਆਂ ਦੀ ਰਚਨਾ ਕਰਦਾ ਹੈ।
- ਖੇਡਾਂ (ਸਥਾਨਕ, ਇਨਡੋਰ, ਆਊਟਡੋਰ) ਅਤੇ ਹੋਰ ਸਾਂਝੇ ਕੰਮਾਂ ਵਿੱਚ ਨਿਯਮਾਂ ਦੀ ਪਾਲਣਾ ਕਰਦਾ ਹੈ ਚੰਗੇ/ ਮਾੜੇ ਸਪਰਸ਼, ਪਰਿਵਾਰ ਵਿੱਚ ਲਿੰਗ ਆਧਾਰਤ ਕੰਮਾਂ/ ਖੇਡਾਂ/ ਭੋਜਨ ਸੰਬੰਧੀ ਰੂੜ੍ਹੀਵਾਦੀ ਵਿਚਾਰਾਂ, ਪਰਿਵਾਰ, ਸਕੂਲ ਵਿੱਚ ਭੋਜਨ ਅਤੇ ਪਾਣੀ ਬਰਬਾਦੀ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਾ ਹੈ।
- ਆਲ਼ੇ-ਦੁਆਲ਼ੇ ਵਿੱਚ ਪੌਦਿਆਂ, ਜੰਤੂਆਂ, ਬਜ਼ੁਰਗਾਂ, ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਅਤੇ ਵਿਭਿੰਨ ਪਰਿਵਾਰਕ ਢਾਂਚੇ ਪ੍ਰਤੀ ਸੰਵੇਦਨਸ਼ੀਲਤਾ ਰੱਖਣੀ (ਦਿੱਖ, ਸਮਰੱਥਾ, ਚੋਣ, ਪਸੰਦ-ਨਾਪਸੰਦ ਅਤੇ ਮੁੱਢਲੀਆਂ ਲੋੜਾਂ ਜਿਵੇਂ ਭੋਜਨ, ਆਸਰਾ ਆਦਿ ਦੀ ਵਿਭਿੰਨਤਾ ਪ੍ਰਤੀ)





ਸਾਂਝਾਂ ਕਰੇ।

- ਸਥਾਨਕ/ ਫਾਲਤੂ ਪਦਾਰਥ, ਸੁੱਕੇ- ਡਿੱਗੇ ਹੋਏ ਪੱਤੇ/ ਫੁੱਲਾਂ, ਮਿੱਟੀ ਕੱਪੜੇ, ਪੱਥਰ ਆਦਿ ਨੂੰ ਆਪਣੇ ਅਨੁਸਾਰ ਵਰਤੇ ਅਤੇ ਉਹਨਾਂ ਤੋਂ ਚਿੱਤਰ, ਡਿਜ਼ਾਇਨ, ਮਾਡਲ, ਕੋਲਾਜ ਬਨਾਉਣ ਲਈ ਰੰਗ ਕਰੇ, ਜਿਵੇਂ ਮਿੱਟੀ ਤੋਂ ਭਾਂਡੇ, ਜੰਤੂ, ਪੰਛੀ, ਆਵਾਜਾਈ ਦੇ ਸਾਧਨ ਅਤੇ ਖਾਲੀ ਮਾਚਸਾਂ/ ਗੱਤੇ ਦੇ ਡੱਬਿਆਂ ਤੋਂ ਫਰਨੀਚਰ ਬਣਾਵੇ।
- ਪਾਲਤੂ ਜਾਂ ਆਲ਼ੇ-ਦੁਆਲ਼ੇ ਦੇ ਜੰਤੂਆਂ, ਪੰਛੀਆਂ ਨਾਲ਼ ਅਪਣੇ ਰਿਸ਼ਤੇ ਅਤੇ ਅਨੁਭਵ ਸਾਂਝੇ ਕਰੇ।
- ਸਮੂਹ ਵਿੱਚ ਕੰਮ ਕਰਦੇ ਹੋਏ ਦੇਖਭਾਲ, ਹਮਦਰਦੀ, ਅਗਵਾਈ ਕਰਨ ਵਿੱਚ ਪਹਿਲ ਕਦਮੀ ਕਰੇ ਜਿਵੇਂ ਵੱਖ-ਵੱਖ ਇਨਡੋਰ/ ਆਊਟਡੋਰ/ ਸਥਾਨਕ/ ਸਮਕਾਲੀ ਖੇਡਾਂ ਅਤੇ ਗਤੀਵਿਧੀਆਂ, ਪੌਦੇ/ ਪੌਦਿਆਂ/ ਆਲ਼ੇ-ਦੁਅਲ਼ੇ ਦੀਆਂ ਵਸਤੂਆਂ ਦੀ ਦੇਖਭਾਲ, ਜੰਤੂਆਂ/ ਪੰਛੀਆਂ ਨੂੰ ਭੋਜਨ ਦੇਣਾ ਵਰਗੇ ਕੰਮ (ਪ੍ਰੋਜੈਕਟ) ਕਰੇ।
- ਘਰ, ਸਕੂਲ, ਗੁਆਂਢ ਵਿੱਚ ਰੂੜ੍ਹੀਵਾਦੀ ਪ੍ਰੰਪਰਾ/ ਭੇਦਭਾਵ ਜਿਵੇਂ ਪੁਰਸ਼/ ਇਸਤਰੀ ਮੈਂਬਰਾਂ ਦੀ ਭੂਮਿਕਾ, ਭੋਜਨ, ਸਿਹਤ, ਸਕੂਲ ਜਾਣ ਲਈ ਪਹੁੰਚ, ਬਜ਼ੁਰਗਾਂ, ਵਿਸ਼ੇਸ਼ ਲੋੜਾਂ ਵਾਲੇ ਵਿਅਕ-ਤੀਆਂ ਦੀਆਂ ਲੋੜਾਂ ਪ੍ਰਤੀ ਸੁਆਲ/ ਚਰਚਾ ਕਰੇ ਅਤੇ ਤਰਕਮਈ ਢੰਗ ਨਾਲ਼ ਸੋਚੇ।
- ਤਸਵੀਰਾਂ, ਇਸ਼ਤਿਹਾਰਾਂ, ਸੂਚਨਾ-ਬੋਰਡਾਂ, ਕਿਤਾਬਾਂ, ਆਡੀਉ-ਵੀਡੀਉ, ਉੱਭਰੀ ਹੋਈ ਇਬਾਰਤ, ਅਖ਼ਬਾਰ ਦੀ ਕਟਿੰਗ, ਵੈੱਬਸਾਈਟ ਸ੍ਰੋਤ, ਦਸਤਵੇਜ਼ੀ, ਲਾਇਬ੍ਰੇਰੀ ਅਤੇ ਪਾਠ-ਪੁਸਤਕ ਤੋਂ ਬਿਨਾਂ ਹੋਰ ਸ੍ਰੋਤ ਪੜ੍ਹੇ/ ਖੋਜੇ।

# ਜਮਾਤ ਚੌਥੀ ਵਾਤਾਵਰਨ ਸਿੱਖਿਆ

## ਸਿੱਖਣ-ਸਿਖਾਉਣ ਪ੍ਰਕਿਰਿਆ

**ਸਿਖਿਆਰਥੀ ਨੂੰ ਇਕੱਲਿਆਂ/ ਗਰੁੱਪਾਂ/ ਜੋਟੀਆਂ ਵਿੱਚ ਸਿੱਖਣ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਹੇਠ ਲਿਖਿਆਂ ਲਈ ਉਤਸ਼ਾਹਿਤ ਕੀਤਾ ਜਾਵੇ ਕਿ**

- ਉਹ ਆਪਣੇ ਨੇੜਲੇ ਵਾਤਾਵਰਨ ਜਿਵੇਂ ਕਿ ਘਰ, ਸਕੂਲ ਅਤੇ ਆਲ਼ੇ-ਦੁਆਲ਼ੇ ਵਿੱਚ ਵੱਖ-ਵੱਖ ਵਸਤਾਂ/ ਫੁੱਲਾਂ, ਪੌਦਿਆਂ/ ਜੰਤੂਆਂ/ ਪੰਛੀਆਂ ਦੇ ਭੌਤਿਕ ਲੱਛਣਾਂ (ਵਿਭਿੰਨਤਾ, ਦਿੱਖ, ਗਤੀ, ਨਿਵਾਸ ਸਥਾਨ, ਭੋਜਨ ਸੰਬੰਧੀ ਆਦਤਾਂ, ਲੋੜਾਂ, ਆਲ੍ਹਣੇ ਬਨਾਉਣਾ, ਝੁੰਡ ਵਿੱਚ ਵਤੀਰਾ ਆਦਿ) ਦਾ ਅਵਲੋਕਣ ਅਤੇ ਪੜਚੋਲ ਕਰਦਾ ਹੋਵੇ।
- ਆਪਣੇ ਪਰਿਵਾਰਕ ਮੈਂਬਰਾਂ/ ਵੱਡਿਆਂ ਨਾਲ਼ ਚਰਚਾ ਕਰੇ/ ਪ੍ਰਸ਼ਨ ਪੁੱਛੇ ਕਿ ਕਿਉਂ ਕੁੱਝ ਪਰਿਵਾਰਕ ਮੈਂਬਰ ਇੱਕਠੇ ਰਹਿੰਦੇ ਹਨ ਅਤੇ ਕੁੱਝ ਦੂਰ, ਜਿਹੜੇ ਰਿਸ਼ਤੇਦਾਰ/ ਦੋਸਤ ਦੂਰ ਰਹਿੰਦੇ ਹਨ, ਉਹਨਾਂ ਨਾਲ਼ ਉਹਨਾਂ ਦੇ ਘਰਾਂ/ ਆਵਾਜਾਈ ਦੇ ਸਾਧਨਾਂ ਅਤੇ ਉਹਨਾਂ ਸਥਾਨਾਂ ਉੱਪਰਲੀ ਜ਼ਿੰਦਗੀ ਬਾਰੇ ਗੱਲਬਾਤ ਕਰੇ।
- ਸਮੁਦਾਇ/ ਘਰੇਲੂ ਰਸੋਈ/ ਮੰਡੀ/ ਅਜਾਇਬਘਰ/ ਜੰਗਲੀ ਜੀਵਾਂ ਲਈ ਸੁਰੱਖਿਅਤ ਰੱਖਾਂ/ ਖੇਤਾਂ/ ਪਾਣੀ ਦੇ ਕੁਦਰਤੀ ਸੋਮਿਆਂ/ ਪੁਲਾਂ/ ਨਿਰਮਾਣ ਸਥਾਨਾਂ/ ਸਥਾਨਕ ਉਦਯੋਗਾਂ/ ਦੂਰ ਰਹਿੰਦੇ ਰਿਸ਼ਤੇਦਾਰਾਂ, ਦੋਸਤਾਂ/ ਕੁੱਝ ਵਸਤਾਂ ਜਿਵੇਂ ਚਿੱਤਰਕਾਰੀ, ਦਸਤਕਾਰੀ, ਗਲੀਚੇ ਆਦਿ ਲਈ ਉੱਘੇ ਸਥਾਨਾਂ ’ਤੇ ਜਾਵੇ।
- ਲੋਕਾਂ (ਸਬਜ਼ੀ ਵਿਕ੍ਰੇਤਾ, ਫੁੱਲ ਵਿਕ੍ਰੇਤਾ, ਮੱਖੀ-ਪਾਲਕ, ਮਾਲੀ, ਕਿਸਾਨ, ਡਰਾਇਵਰ, ਸਿਹਤ ਅਤੇ ਸੁਰੱਖਿਆ ਕਰਮੀ) ਨਾਲ ਗੱਲਬਾਤ ਕਰੇ ਅਤੇ ਉਹਨਾਂ ਦੇ ਅਨੁਭਵਾਂ, ਕੌਸ਼ਲਾਂ/ ਵਰਤੇ ਜਾਂਦੇ ਉਪਕਰਨਾਂ ਬਾਰੇ ਜਾਣੇ।
- ਵੱਡਿਆਂ ਨਾਲ਼, ਪਰਿਵਾਰ ਵਿੱਚ ਸਮੇਂ ਨਾਲ ਮਾਹੌਲ/ ਸਥਿਤੀ ਵਿੱਚ ਬਦਲਾਅ, ਵੱਖ-ਵੱਖ ਮੈਂਬਰਾਂ ਦੀ ਭੂਮਿਕਾ ਬਾਰੇ ਚਰਚਾ ਕਰੇ ਅਤੇ ਘਰ/ਸਕੂਲ/ ਆਲ਼ੇ-ਦੁਆਲ਼ੇ ਵਿੱਚ ਲੋਕਾਂ/ ਜੰਤੂਆਂ/ ਪੰਛੀਆਂ/ ਪੌਦਿਆਂ ਦੇ ਪ੍ਰਤੀ ਰੂੜ੍ਹੀਵਾਦੀ ਪ੍ਰੰਪਰਾਵਾਂ/ ਭੇਦਭਾਵ/ ਪੱਖਪਾਤੀ ਵਤੀਰੇ ਬਾਰੇ ਉਹਨਾਂ ਦੇ ਵਿਚਾਰ ਅਤੇ ਅਨੁਭਵ ਜਾਣੇ।
- ਪ੍ਰਸ਼ਨ ਬਣਾਵੇ/ ਪੁੱਛੇ ਅਤੇ ਅਨੁਭਵਾਂ ਉੱਪਰ ਬਿਨਾਂ ਕਿਸੇ ਡਰ/ ਝਿਜਕ ਦੇ ਵਿਰੋਧ ਜਤਾਵੇ।
- ਚਿੱਤਰਕਾਰੀ/ ਚਿੰਨ੍ਹ/ ਛਾਪਾ/ ਹਾਵਭਾਵ/ ਸਧਾਰਨ ਭਾਸ਼ਾ ਵਿੱਚ ਕੁੱਝ ਵਾਕ ਜਾਂ ਪੈਰੇ ਰਾਹੀਂ ਲਿਖ/ਬੋਲ ਕੇ ਅਪਣੇ ਅਨੁਭਵ/ ਅਵਲੋਕਣ ਸਾਂਝੇ ਕਰੇ।
- ਵਸਤਾਂ ਦੀ ਹੋਂਦ ਆਧਾਰਿਤ ਅੰਤਰਾਂ/ ਸਮਾਨਤਾਵਾਂ, ਉਹਨਾਂ ਦੇ ਦਿਖਣਯੋਗ ਲੱਛਣਾਂ ਦੇ ਆਧਾਰ ’ਤੇ ਤੁਲਣਾ ਅਤੇ ਵਰਗੀਕਰਨ ਕਰੇ।
- ਅਪਣੇ ਮਾਤਾ-ਪਿਤਾ/ ਪਾਲਕਾਂ/ ਬਜ਼ੁਰਗਾਂ/ ਵੱਡਿਆਂ ਨਾਲ਼ ਉਹਨਾਂ ਦੀ ਪਿਛਲੀ ਅਤੇ ਅਜੋਕੀ ਜ਼ਿੰਦਗੀ, ਉਹਨਾਂ ਦੀਆਂ ਰੋਜ਼ਾਨਾਂ ਵਰਤੋਂ ਦੀਆਂ ਚੀਜ਼ਾਂ ਜਿਵੇਂ ਕੱਪੜੇ, ਭਾਂਡੇ, ਖੇਡਾਂ ਅਤੇ ਆਲ਼ੇ-ਦੁਆਲ਼ੇ ਦੇ ਲੋਕਾਂ ਦੇ ਕਿੱਤਿਆਂ ਦੀ ਤੁਲਣਾ ਅਤੇ ਚਰਚਾ ਕਰੇ।
- ਆਪਣੇ ਆਲ਼ੇ-ਦੁਆਲੇ ਵਿੱਚੋਂ ਡਿੱਗੇ ਹੋਏ ਫੁੱਲ, ਜੜ੍ਹਾਂ, ਮਸਾਲੇ, ਬੀਜ, ਦਾਲਾਂ, ਖੰਭ, ਅਖ਼ਬਾਰ, ਰਸਾਲਿਆਂ ਵਿੱਚੋਂ ਆਰਟੀਕਲ, ਇਸ਼ਤਿਹਾਰ, ਤਸਵੀਰਾਂ ਸਿੱਕੇ, ਡਾਕ-ਟਿਕਟਾਂ ਆਦਿ ਇੱਕਠੀਆਂ ਕਰੇ ਅਤੇ ਉਹਨਾਂ ਨੂੰ ਨਵੇਂ-ਨਵੇਂ ਤਰੀਕਿਆਂ ਨਾਲ਼ ਸੰਭਾਲੇ।
- ਸਧਾਰਨ ਗਤੀਵਿਧੀਆਂ/ ਪ੍ਰਯੋਗ ਕਰੇ ਵੱਖ ਗਿਆਨ ਇੰਦਰੀਆਂ ਨੂੰ ਉਹਨਾਂ ਦੀ ਸਮਰੱਥ ਅਨੁਸਾਰ ਅਵਲੋਕਣ/ ਗੰਧ/ ਸੁਆਦ/ ਅਹਿਸਾਸ/ ਸੁਨਣ ਲਈ ਵਰਤੇ; ਉਦਾਹਰਨ ਦੇ ਤੌਰ ’ਤੇ ਵੱਖ-ਵੱਖ ਪਦਾਰਥਾਂ ਦੀ ਪਾਣੀ ਵਿੱਚ ਘੁਲਣਯੋਗਤਾ ਦਾ ਟੈਸਟ, ਪਾਣੀ ਵਿੱਚੋਂ ਖੰਡ ਅਤੇ ਲੂਣ ਵੱਖ ਕਰਨੇ ਅਤੇ ਕੱਪੜੇ ਦਾ ਗਿੱਲਾ ਟੁਕੜਾ (ਧੁੱਪ ਵਿੱਚ, ਕਮਰੇ ਵਿੱਚ, ਲਪੇਟਿਆ ਹੋਇਆ, ਸਿੱਧਾ ਪੱਖੇ ਨਾਲ਼/ ਪੱਖੇ ਤੋਂ ਬਿਨਾਂ) ਕਿੰਨੇ ਸਮੇਂ ਵਿੱਚ ਸੁੱਕਦਾ ਹੈ। ਠੰਡਾ-ਗਰਮ ਸਾਹ।

## ਸਿੱਖਣ ਦੇ ਨਤੀਜੇ

**ਸਿਖਿਆਰਥੀ**

- ਆਪਣੇ ਆਲ਼ੇ-ਦੁਆਲ਼ੇ ਵਿੱਚ ਫੁੱਲਾਂ, ਜੜ੍ਹਾਂ, ਫਲਾਂ ਦੇ ਸਧਾਰਨ ਲੱਛਣ (ਉਦਾਰਹਨ ਦੇ ਤੌਰ ’ਤੇ ਆਕਾਰ, ਰੰਗ, ਗੰਧ, ਕਿੱਥੇ ਉੱਗਦੇ ਹਨ/ ਜਾਂ ਹੋਰ ਕੋਈ) ਦੱਸਦਾ ਹੈ।
- ਪੰਛੀਆਂ ਅਤੇ ਜੰਤੂਆਂ ਦੇ ਵੱਖ-ਵੱਖ ਲੱਛਣ (ਚੁੰਝ/ ਦੰਦ, ਪੰਜਾ, ਕੰਨ, ਵਾਲ਼, ਆਲ੍ਹਣੇ/ਨਿਵਾਸ ਆਦਿ) ਦੱਸਦਾ ਹੈ।

ਪਰਿਵਾਰ, ਪਰਿਵਾਰ ਦੇ ਵਾਧੇ ਉਪਰੰਤ ਮੈਂਬਰਾਂ ਨਾਲ਼ ਰਿਸ਼ਤੇ ਦੱਸਦਾ ਹੈ।

- ਜੰਤੂਆਂ (ਕੀੜੀਆਂ, ਸ਼ਹਿਦ ਦੀਆਂ ਮੱਖੀਆਂ, ਹਾਥੀਆਂ) ਦਾ ਸਮੂਹ ਵਿੱਚ ਵਿਵਹਾਰ, ਪੰਛੀਆਂ (ਆਲ੍ਹਣੇ ਬਨਾਉਣਾ), ਪਰਿਵਾਰਕ ਤਬਦੀਲੀਆਂ (ਜਨਮ, ਵਿਆਹ, ਬਦਲੀ) ਬਾਰੇ ਦੱਸਦਾ ਹੈ।
- ਰੋਜ਼ਾਨਾ ਲੋੜਾਂ (ਭੋਜਨ, ਪਾਣੀ, ਕਪੜੇ) ਲਈ ਉਤਪਾਦਨ ਅਤੇ ਸੰਭਾਲ, ਸੋਮੇ ਤੋਂ ਘਰ ਤੱਕ ਪਹੁੰਚਣਾ (ਫਸਲ ਦਾ ਮੰਡੀ ਤੋਂ ਘਰ ਤੱਕ ਪਹੁੰਚਣਾ, ਪਾਣੀ ਦਾ ਸਥਾਨਕ ਸੋਮੇਂ ਘਰ/ ਗੁਆਂਢ ਵਿੱਚ ਸ਼ੁੱਧੀਕਰਨ ਦੀ ਪ੍ਰਕਿਰਿਆਂ ਦਾ ਬਿਆਨ ਕਰੇ।
- ਬੀਤੇ ਸਮੇਂ ਅਤੇ ਮੌਜੂਦਾ ਸਮੇਂ ਦੀਆਂ ਗਤੀਵਿਧੀਆਂ ਅਤੇ ਵਸਤਾਂ ਆਵਾਜਈ ਦੇ ਸਾਧਨ, ਮੁਦਰਾ, ਘਰ, ਸਾਮਾਨ, ਔਜ਼ਾਰ, ਖੇਤੀ ਅਤੇ ਉਸਾਰੀ ਦੀਆਂ ਕੁਸ਼ਲਤਾਵਾਂ ਵਿੱਚ ਅੰਤਰ ਕਰੇ।
- ਜੰਤੂਆਂ, ਪੌਦਿਆਂ, ਪੰਛੀਆਂ, ਵਸਤਾਂ, ਵਾਧੂ ਪਦਾਰਥਾਂ ਨੂੰ ਉਹਨਾਂ ਦੀਆਂ ਵਿਸ਼ੇਸ਼ਤਾਵਾਂ (ਦਿੱਖ, ਕੰਨ, ਵਾਲ, ਚੁੰਝ, ਦੰਦ, ਚਮੜੀ/ ਸਤ੍ਹਾ ਦੀ ਛੂਹ) ਅੰਤਰਪ੍ਰੇਰਣਾ (ਘਰੇਲੂ/ਜੰਗਲੀ, ਸਬਜ਼ੀਆਂ/ ਦਾਲਾਂ, ਮਸਾਲਿਆਂ ਦਾ ਰੱਖਣਯੋਗ ਸਮਾਂ, ਵਰ-ਤੋਂ (ਖਾਣਯੋਗਤਾ, ਵਜ਼ਨ, ਸਮਾਂ, ਅਵਧੀ), ਮਿਆਰੀ ਅਤੇ ਸਥਾਨਕ ਇਕਾਈਆਂ (ਕਿੱਲੋ, ਗਜ਼, ਪਾਈਆ) ਕਾਰਨ ਅਤੇ ਪ੍ਰਭਾਵ ਦੀ ਪੜਤਾਲ ਕਰਨ ਵਾਲੇ ਸਧਾਰਨ ਉਪਕਰਨ (ਵਾਸ਼ਪੀਰਕਨ, ਦ੍ਰਵੀਕਰਨ, ਘੁਲਣ, ਸੋਖਣ, ਦੂਰ/ ਨੇੜੇ, ਆਕਾਰ ਅਤੇ ਵਾਧਾ, ਫੁੱਲ, ਸਬਜ਼ੀ, ਫਲ ਦੀ ਰੱਖਣਯੋਗ ਅਵਧੀ) ਬਾਰੇ ਜਾਨਣ ਅਤੇ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ।
- ਵਸਤਾਂ, ਗਤੀਵਿਧੀਆਂ, ਵਰਤਾਰਿਆਂ/ ਤੱਥਾਂ, ਦੇਖੀਆਂ ਥਾਂਵਾਂ (ਮੇਲਾ, ਸਮਾਰੋਹ, ਇਤਿਹਾਸਕ) ਬਾਰੇ ਆਪਣੇ ਤਜ਼ਰਬੇ/ ਅਵਲੋਕਣ/ ਸੂਚਨਾ ਨੂੰ ਰਿਕਾਰਡ ਕਰਦਾ ਹੈ।
- ਚਿੰਨ੍ਹਾਂ, ਸਥਾਨਾਂ ਦੀ ਸਥਿਤੀ ਅਤੇ ਦਿਸ਼ਾਵਾਂ (ਨਕਸ਼ੇ ਅਤੇ ਸਥਾਨ ਚਿੰਨ੍ਹ ਦੀ ਵਰਤੋ ਨਾਲ਼) ਨੂੰ ਪਛਾਣਦਾ ਹੈ।
- ਅਧਿਕਾਰਾਂ ਬਾਰੇ ਆਪਣੀ ਆਵਾਜ਼ ਉਠਾਉਂਦਾ ਹੈ।
- ਸਵੱਛਤਾ, ਕੂੜੇ ਦਾ ਪੈਦਾ ਕਰਨ, ਮੁੜ ਵਰਤੋਂ, ਵੱਖ-ਵੱਖ ਦੀ ਪ੍ਰਾਣੀਆਂ (ਪੌਦਿਆਂ, ਜੰਤੂਆਂ, ਬਜ਼ੁਰਗਾਂ ਅਤੇ ਵਿਸ਼ੇਸ਼ ਲੋੜਾਂ ਵਾਲੇ), ਸੋਮਿਆਂ (ਭੋਜਨ, ਪਾਣੀ, ਸਾਂਝੀ ਸੰਪੱਤੀ) ਦੀ ਦੇਖਭਾਲ ਦੇ ਢੰਗ ਸੁਝਾਉਂਦਾ ਹੈ।
- ਸੂਚਨਾ ਬੋਰਡਾਂ, ਇਸ਼ਤਿਹਾਰਾਂ, ਕਰੰਸੀ (ਨੋਟ ਅਤੇ ਸਿੱਕੇ), ਰੇਲ ਟਿਕਟ/ ਸਮਾਂ ਸਾਰਣੀ ਵਿਚਲੀ ਜਾਣਕਾਰੀ ਦੀ ਵਰਤੋਂ ਕਰਦਾ ਹੈ।
- ਉਪਲੱਬਧ ਸਾਮਾਨ/ ਵਾਧੂ ਪਦਾਰਥਾਂ ਦੀ ਮਦਦ ਨਾਲ਼ ਸਧਾਰਨ ਨਕਸ਼ੇ, ਐਲਬਮ, ਡਿਜ਼ਾਇਨ, ਰੰਗੋਲੀ, ਪੋਸਟਰ ਆਦਿ ਬਣਾਉਂਦਾ ਹੈ।
- ਪਰਿਵਾਰ/ ਸਕੂਲ/ ਆਂਢ-ਗੁਆਂਢ ਵਿੱਚ ਅਹਿਮ ਮੁਦੇ/ ਤਜ਼ਰਬੇ ਜਿਵੇਂ ਰੂੜੀਵਾਦੀ ਵਿਚਾਰ (ਫੈਸਲੇ ਦੇ ਤਰੀਕਾ/ ਸਮੱਸਿਆਂ ਨੂੰ ਹੱਲ ਕਰਨ ਦਾ ਢੰਗ) ਸਰਵਜਨਿਕ ਥਾਂਵਾਂ ’ਤੇ ਜਾਤੀ ਦੇ ਆਦਾਰ ’ਤੇ ਵਿਤਕਰਾ, ਮਿਡ-ਡੇ-ਮੀਲ, ਸਮੁਦਾਇਕ ਭੋਜਨ ਵਿਵਸਥਾ, ਬਾਲ ਅਧਿਕਾਰਾਂ

- ਬੱਸ/ ਰੇਲਵੇ ਟਿਕਟ/ ਸਮਾਂ ਸਾਰਨੀ, ਕਰੰਸੀ ਨੋਟ, ਨਕਸ਼ੇ ਵਿੱਚੋਂ ਦਿਸ਼ਾਵਾਂ, ਸੂਚਨਾ-ਬੋਰਡ ਪੜ੍ਹਨੇ।
- ਸਥਾਨਕ/ ਫਾਲਤੂ ਪਦਾਰਥ, ਸੁੱਕੇ- ਡਿੱਗੇ ਹੋਏ ਪੱਤੇ/ ਫੁੱਲਾਂ, ਮਿੱਟੀ ਕੱਪੜੇ, ਪੱਥਰ ਆਦਿ ਨੂੰ ਆਪਣੇ ਅਨੁਸਾਰ ਵਰਤੇ ਅਤੇ ਉਹਨਾਂ ਤੋਂ ਚਿੱਤਰ, ਡਿਜ਼ਾਇਨ, ਮਾਡਲ, ਕੋਲਾਜ, ਕਵਿਤਾ/ ਕਹਾਣੀ/ ਨਾਅਰੇ ਬਨਾਉਣੇ।ਉਦਾਹਰਨ ਵਜੋਂ ਮਿੱਟੀ ਤੋਂ ਭਾਂਡੇ, ਜੰਤੂ, ਪੰਛੀ, ਆਵਾਜਾਈ ਦੇ ਸਾਧਨ, ਰੇਲਗੱਡੀ ਅਤੇ ਖਾਲੀ ਮਾਚਸਾਂ/ ਗੱਤੇ ਦੇ ਡੱਬਿਆਂ ਤੋਂ ਫਰਨੀਚਰ ਬਣਾਵੇ।
- ਸਕੂਲ/ ਘਰ/ ਸਮੁਦਾਇ ਵਿੱਚ ਆਯੋਜਿਤ ਵੱਖ-ਵੱਖ ਸੱਭਿਆਚਾਰਕ/ ਰਾਸ਼ਟਰੀ/ ਵਾਤਾਵਰਨ ਨਾਲ਼ ਸੰਬੰਧਤ ਸਮਾਰੋਹ/ਅਵਸਰਾਂ (ਸਵੇਰ ਦੀ ਸਭਾ/ਵਿਸ਼ੇਸ਼ ਸਭਾ/ਪ੍ਰਦਰਸ਼ਨੀ/ਦੀਵਾਲੀ/ਓਨਮ/ ਈਦ ਆਦਿ) ਦੌਰਾਨ ਜਸ਼ਨ, ਨਾਚ, ਡਰਾਮਾ, ਥਿਏਟਰ, ਰਚਨਾਤਮਕ ਲੇਖਣ ਆਦਿ (ਦੀਵੇ ਬਣਾਉਣਾ/ਸਜਾਉਣਾ/ਰੰਗੋਲੀ/ਪਤੰਗ ਬਨਾਉਣਾ/ ਇਮਾਰਤਾਂ/ ਪੁਲਾਂ ਦੇ ਡੀਜ਼ਾਇਨ ਆਦਿ ਬਨਾਉਣ ਵਿੱਚ ਹਿੱਸਾ ਲਵੇ ਅਤੇ ਘਟਨਾ ਸੰਬੰਧੀ ਅਨੁਭਵਾਂ ਨੂੰ ਕਹਾਣੀ, ਕਵਿਤਾ, ਨਾਅਰੇ, ਰਿਪੋਰਟ ਰਾਹੀਂ ਬਿਆਨ ਕਰੇ।
- ਤਸਵੀਰਾਂ, ਇਸ਼ਤਿਹਾਰਾਂ, ਸੂਚਨਾ-ਬੋਰਡਾਂ, ਕਿਤਾਬਾਂ, ਆਡੀਓ-ਵੀਡੀਓ, ਉੱਭਰੀ ਹੋਈ ਇਬਾਰਤ, ਅਖ਼ਬਾਰ ਦੀ ਕਟਿੰਗ, ਵੈੱਬਸਾਈਟ ਸ੍ਰੋਤ, ਦਸਤਵੇਜ਼ੀ, ਲਾਇਬ੍ਰੇਰੀ ਅਤੇ ਪਾਠ-ਪੁਸਤਕ ਤੋਂ ਬਿਨਾਂ ਹੋਰ ਸ੍ਰੋਤ ਪੜ੍ਹੇ/ ਖੋਜੇ।
- ਘਰ/ ਸਮੁਦਾਇ ਵਿੱਚ ਅਧਿਆਪਕਾਂ, ਵੱਡਿਆਂ, ਸਾਥੀਆਂ ਤੋਂ ਜਾਣਕਾਰੀ ਲੈਣੀ, ਵਿਚਾਰ ਚਰਚਾ ਕਰਨੀ, ਆਲੋਚਨਾਤਮਕ ਢੰਗ ਨਾਲ਼ ਸੋਚੇ ਅਤੇ ਸਕੂਲ, ਘਰ, ਆਲ਼ੇ-ਦੁਆਲ਼ੇ ਵਿੱਚ ਫਾਲਤੂ ਪਦਾਰਥਾਂ ਦਾ ਘਟਾਉਣਾ/ ਮੁੜ ਵਰਤੋਂ, ਸਾਰਵਜਨਿਕ ਸੰਪੱਤੀ ਦੀ ਸੰਭਾਲ ਅਤੇ ਸਹੀ ਵਰਤੋਂ, ਵੱਖ-ਵੱਖ ਜੰਤੂਆਂ ਦੀ ਸੰਭਾਲ, ਪਾਣੀ ਦਾ ਪ੍ਰਦੂਸ਼ਣ ਅਤੇ ਬਰਬਾਦੀ, ਸਿਹਤ ਅਤੇ ਸਵੱਛਤਾ ਬਾਰੇ ਬੱਚਿਆਂ ਦੇ ਅਨੁਭਵਾਂ 'ਤੇ ਰਾਇ ਜ਼ਾਹਰ ਬਾਰੇ ਆਪਣੀ ਆਵਾਜ਼ ਉਠਾਉਂਦਾ ਹੈ





ਕਰੇ।

- ਖੇਡ/ ਕੰਮ ਵਿੱਚ ਇਸਤਰੀ ਮੈਂਬਰਾਂ ਦੀ ਸ਼ਮੂਲੀਅਤ ਸੰਬੰਧੀ ਰੂੜ੍ਹੀਵਾਦੀ ਵਿਚਾਰਧਾਰਾ ਅਤੇ ਕੁੱਝ ਬੱਚਿਆਂ/ ਵਿਅਕਤੀਆਂ/ ਪਰਿਵਾਰਾਂ (ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ, ਜਾਤੀਆਂ, ਬਿਰਧਾਂ) ਦੀ ਸਾਂਝੇ ਸ੍ਰੋਤਾਂ ਤੱਕ ਸੀਮਿਤ ਪਹੁੰਚ ਬਾਰੇ ਪੁੱਛ ਪੜਤਾਲ ਕਰੇ।
- ਸਮੂਹ ਵਿੱਚ ਕੰਮ ਕਰਦੇ ਹੋਏ ਦੇਖਭਾਲ, ਹਮ-ਦਰਦੀ, ਅਗਵਾਈ ਕਰਨ ਵਿੱਚ ਪਹਿਲ ਕਦਮੀ ਕਰੇ ਜਿਵੇਂ ਕਿ ਵੱਖ-ਵੱਖ ਇਨਡੋਰ// ਆਊਟਡੋਰ/ ਸਥਾਨਕ/ ਸਮਕਾਲੀ ਖੇਡਾਂ ਅਤੇ ਗਤੀਵਿਧੀਆਂ, ਪੌਦੇ/ ਪੌਦਿਆਂ/ ਆਲ਼ੇ-ਦੁਅਲ਼ੇ ਦੀਆਂ ਵਸਤੂਆਂ ਦੀ ਦੇਖਭਾਲ, ਜੰਤੂਆਂ/ ਪੰਛੀਆਂ ਨੂੰ ਭੋਜਨ ਦੇਣਾ ਵਰਗੇ ਕੰਮ (ਪ੍ਰੋਜੈਕਟ) ਕਰੇ।

# ਜਮਾਤ ਪੰਜਵੀਂ ਵਾਤਾਵਰਨ ਸਿੱਖਿਆ

## ਸਿੱਖਣ-ਸਿਖਾਉਣ ਪ੍ਰਕਿਰਿਆ

**ਸਿਖਿਆਰਥੀ ਨੂੰ ਇਕੱਲਿਆਂ/ ਗਰੁੱਪਾਂ/ ਜੋਟੀਆਂ ਵਿੱਚ ਸਿੱਖਣ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਹੇਠ ਲਿਖਿਆਂ ਲਈ ਉਤਸ਼ਾਹਿਤ ਕੀਤਾ ਜਾਵੇ ਕਿ ਉਹ**

- ਜੰਤੂਆਂ ਦੀ ਦੇਖਣ, ਸੁੰਘਣ, ਸੁਣਣ, ਸੌਣ ਅਤੇ ਪ੍ਰਤੀਕਿਰਿਆ ਦੇਣ ਆਦਿ ਦੀ ਵਿਲੱਖਣ/ ਅਸਾਧਾਰਨ ਯੋਗਤਾ ਅਤੇ ਇਹਨਾਂ ਦੇ ਪ੍ਰਕਾਸ਼, ਗਰਮੀ, ਧੁਨੀ ਪ੍ਰਤੀ ਹੁੰਗਾਰੇ ਦਾ ਅਵਲੋਕਣ ਅਤੇ ਪੜਚੋਲ ਕਰੇ।
- ਆਲ਼ੇ-ਦੁਆਲ਼ੇ ਵਿੱਚ ਪਾਣੀ ਦੇ ਸ੍ਰੋਤਾਂ ਦੀ ਖੋਜ, ਫ਼ਲ, ਸਬਜ਼ੀਆਂ, ਅਨਾਜ, ਪਾਣੀ ਘਰਾਂ ਤੱਕ ਕਿਵੇਂ ਪਹੁੰਚਦੇ ਹਨ ਅਤੇ ਪਾਣੀ ਦੇ ਸ਼ੁੱਧੀਕਰਨ, ਅਨਾਜ ਤੋਂ ਆਟਾ ਅਤੇ ਆਟੇ ਰੋਟੀ ਬਨਣ ਦੀ ਪ੍ਰਕਿਰਿਆ ਬਾਰੇ ਜਾਣੇ।
- ਦੇਖੀਆਂ ਹੋਈਆਂ ਥਾਂਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਆਪਣੇ ਸਾਥੀਆਂ/ ਅਧਿਆਪਕਾਂ ਅਤੇ ਵੱਡਿਆਂ ਨਾ਼ਲ ਸਾਂਝੀ ਕਰੇ।
- ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਅਗਵਾਈ ਪਥ (guide route) ਤਿਆਰ ਕਰੇ।
- ਤਸਵੀਰਾਂ/ਵੱਡਿਆਂ/ਕਿਤਾਬਾਂ/ਅਖ਼ਬਾਰਾਂ/ ਰਸਾਲਿਆਂ/ ਵੈੱਬ ਸ੍ਰੋਤਾਂ/ ਅਜਾਇਬ ਘਰਾਂ ਆਦਿ ਤੋਂ ਜਿਹੜੇ ਜੰਤੂਆਂ ਦੀ ਸੁਨਣ, ਸੁੰਘਣ ਅਤੇ ਦੇਖਣ ਸ਼ਕਤੀ ਬਹੁਤ ਤੇਜ਼ ਹੁੰਦੀ ਹੈ, ਧਰਤੀ ਦੇ ਵੱਖ-ਵੱਖ ਪ੍ਰਕਾਰ ਜਿਵੇਂ ਮੈਦਾਨੀ ਇਲਾਕਾ, ਪਹਾੜੀ ਇਲਾਕਾ, ਮਾਰੂਥਲ ਆਦਿ, ਇੱਥੋਂ ਦੇ ਜੰਤੂ ਅਤੇ ਬਨਸਪਤੀ, ਲੋਕਾਂ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਾਪਤ ਕਰੇ।
- ਵੱਖ-ਵੱਖ ਖੇਤਰ ਅਤੇ ਸਮੇਂ ਵਿੱਚ ਜੀਵਨ ਲਈ ਭੋਜਨ, ਆਸਰਾ, ਪਾਣੀ ਦੀ ਉਪਲੱਬਧਤਾ, ਰੋਜ਼ੀ-ਰੋਟੀ ਆਦਿ ਦੇ ਸਾਧਨ, ਆਦਤਾਂ, ਰਿਵਾਜਾਂ, ਤਕਨੀਕਾਂ ਬਾਰੇ ਤਸਵੀਰਾਂ, ਪੇਂਟਿੰਗਾਂ, ਅਜਾਇਬ ਘਰਾਂ ਦੇ ਦੌਰਿਆਂ ਤੋਂ ਜਾਣਕਾਰੀ ਇਕੱਠੀ ਕਰੇ ਅਤੇ ਅਪਣੇ ਅਧਿਆਪਕਾਂ/ਵੱਡਿਆਂ ਨਾ਼ਲ ਵਿਚਾਰ ਚਰਚਾ ਕਰੇ।
- ਪਟਰੋਲ ਪੰਪ, ਪ੍ਰਕਿਰਤੀ ਕੇਂਦਰ, ਸਾਇੰਸ ਪਾਰਕ, ਪਾਣੀ ਸ਼ੁੱਧੀਕਰਨ ਪਲਾਂਟ, ਬੈਂਕ, ਸਿਹਤ ਕੇਂਦਰ, ਜੰਗਲੀ ਜਨਜੀਵਨ ਰੱਖਾਂ, ਸਹਿਕਾਰੀ ਸੰਸਥਾਵਾਂ, ਸਮਾਰਕਾਂ, ਅਜਾਇਬ ਘਰਾਂ ਆਦਿ ਦਾ ਦੌਰਾ ਕਰੇ ਅਤੇ ਜੇਕਰ ਸੰਭਵ ਹੋਵੇ ਤਾਂ ਦੂਰ ਦੇ ਸਥਾਨਾਂ, ਧਰਾਤਲ ਦੇ ਵੱਖ-ਵੱਖ ਪ੍ਰਕਾਰ ਜਿਵੇਂ ਮੈਦਾਨੀ ਇਲਾਕਾ, ਪਹਾੜੀ ਇਲਾਕਾ, ਮਾਰੂਥਲ ਆਦਿ ਦੀ ਯਾਤਰਾ ਕੀਤੀ ਜਾਵੇ ਅਤੇ ਉੱਥੇ ਰਹਿਣ ਵਾਲੇ ਲੋਕਾਂ ਨਾ਼ਲ ਉਹਨਾਂ ਦੇ ਜੀਵਨ ਢੰਗ, ਰੋਜ਼ੀ-ਰੋਟੀ ਦੇ ਸਾਧਨਾਂ ਬਾਰੇ ਗੱਲਬਾਤ ਕਰੇ, ਅਵਲੋਕਣ, ਅਨੁਭਵ ਨੂੰ ਸਾਂਝਾ ਕਰੇ।
- ਵੱਖ-ਵੱਖ ਘਟਾਨਾਵਾਂ/ ਤੱਥਾਂ ਜਿਵੇਂ ਕਿ ਪਾਣੀ ਕਿਵੇਂ ਵਾਸ਼ਪੀਕ੍ਰਿਤ, ਦ੍ਰਵੀਕ੍ਰਿਤ ਹੁੰਦਾ ਹੈ, ਵੱਖ-ਵੱਖ ਸਥਿਤੀਆਂ ਵਿੱਚ ਕਿਵੇਂ ਵੱਖ-ਵੱਖ ਪਦ-ਾਰਥਾਂ ਨੂੰ ਆਪਣੇ ਵਿੱਚ ਘੋਲਦਾ ਹੈ? ਭੋਜਨ ਕਿਵੇਂ ਖ਼ਰਾਬ ਹੁੰਦਾ ਹੈ? ਬੀਜ ਕਿਵੇਂ ਉੱਗਦੇ ਹਨ? ਜੜ੍ਹ ਅਤੇ ਤਣਾ ਕਿਸ ਦਿਸ਼ਾ ਵਿੱਚ ਵੱਧਦੇ ਹਨ? ਆਦਿ ਨੂੰ ਜਾਨਣ ਲਈ ਸਧਾਰਨ ਗਤੀਵਿਧੀਆਂ/ ਪ੍ਰਯੋਗ ਕਰੇ, ਅਵਲੋਕਣ ਕਰੇ ਅਤੇ ਅਨੁਭਵਾਂ ਨੂੰ ਸਾਂਝਾ ਕਰੇ।
- ਵੱਖ-ਵੱਖ ਵਸਤਾਂ/ ਬੀਜਾਂ/ ਪਾਣੀ/ ਵਾਧੂ ਪਦਾਰਥਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਜਾਨਣ ਲਈ ਸਧਾਰਨ ਪ੍ਰਯੋਗ/ ਗਤੀਵਿਧੀਆਂ ਕਰੇ
- ਅਵਲੋਕਣ ਕਰੇ, ਆਲੇ-ਦੁਆਲੇ ਵਿੱਚ ਖੋਜੇ ਅਤੇ ਤਰਕਮਈ ਢੰਗ ਨਾਲ ਸੋਚੇ ਕਿ ਬੀਜ ਇੱਕ ਥਾਂ ਤੋਂ ਦੂਜੀ ਥਾਂ ਕਿਵੇਂ ਪਹੁੰਚਦੇ ਹਨ? ਜੰਗਲਾਂ ਵਿੱਚ ਪੌਦੇ/ ਰੁੱਖ ਕਿਵੇਂ ਉੱਗਦੇ ਹਨ ਜਿੱਥੇ ਉਹਨਾਂ ਨੂੰ ਕੋਈ ਨਹੀਂ ਬੀਜਦਾ ? ਉਹਨਾਂ ਨੂੰ ਪਾਣੀ ਕੌਣ ਦਿੰਦਾ ਹੈ ਅਤੇ ਉਹਨਾਂ ਦਾ ਮਾਲਕ ਕੌਣ ਹੈ?
- ਆਲੇ-ਦੁਆਲੇ ਵਿੱਚ ਰੈਣ-ਬਸੇਰਿਆਂ, ਕੈਂਪਾਂ ਵਿੱਚ ਰਹਿ ਰਹੇ ਲੋਕ, ਬਿਰਧ-ਆਸ਼ਰਮ,

## ਸਿੱਖਣ ਦੇ ਨਤੀਜੇ

**ਸਿਖਿਆਰਥੀ**

- ਜੰਤੂਆਂ ਦੀਆਂ ਆਸਾਧਰਨ ਵਿਸ਼ੇਸ਼ਤਾਵਾਂ (ਦ੍ਰਿਸ਼ਟੀ, ਸੁੰਘਣ, ਸੁਨਣ, ਨੀਂਦ, ਸੌਣ, ਆਵਾਜ਼ ਆਦਿ) ਅਤੇ ਉਹਨਾਂ ਦੀ ਪ੍ਰਕਾਸ਼, ਧੁਨੀ, ਭੋਜਨ ਆਦਿ ਸੰਬੰਧੀ ਪ੍ਰਤੀਕਿਰਿਆ ਦੀ ਵਿਅਖਿਆ ਕਰਦਾ ਹੈ।
- ਰੋਜ਼ਾਨਾ ਜੀਵਨ ਵਿੱਚ ਟੈਕਨੋਲੋਜੀ ਵਰਤੋਂ, ਮੁੱਢਲੀਆਂ ਲੋੜਾਂ (ਭੋਜਨ, ਪਾਣੀ ਦੀ ਪੂਰਤੀ, ਉਦਾਹਰਨ ਵਜੋਂ ਖੇਤੀ ਪੈਦਾਵਾਰ ਤੋਂ ਰਸੋਈ ਤੱਕ (ਅਨਾਜ ਤੋਂ ਰੋਟੀ, ਸੁਰੱਖਿਅਤ ਰੱਖਣ ਦੇ ਢੰਗ, ਪਾਣੀ ਦੇ ਸੋਮੇਂ ਦੀ ਖੋਜ) ਬਾਰੇ ਵਿਸਥਾਰ ਵਿੱਚ ਸਮਝਾਉਂਦਾ ਹੈ।
- ਪੌਦਿਆਂ, ਪ੍ਰਾਣੀਆਂ ਅਤੇ ਮਨੁੱਖ ਵਿਚਲੀ ਅੰਤਰ-ਨਿਰਭਰਤਾ (ਜੰਤੂਆਂ ਤੋਂ ਰੋਜ਼ੀ ਰੋਟੀ ਕਮਾਉਣ ਵਾਲੇ ਸਮੁਦਾਇ, ਬੀਜਾਂ ਦੇ ਖਿੰਡਰਨ) ਨੂੰ ਬਿਆਣ ਕਰਦਾ ਹੈ।
- ਜੀਵਨ ਵਿੱਚ ਵੱਖ-ਵੱਖ ਅਦਾਰਿਆਂ (ਬੈਂਕ, ਪੰਚਾਇਤ, ਸਹਿਕਾਰੀ ਸਭਾਵਾਂ, ਪੁਲਿਸ ਸਟੇਸ਼ਨ ਆਦਿ) ਦੀ ਕੰਮ ਅਤੇ ਭੂਮਿਕਾ ਬਾਰੇ ਦੱਸਦਾ ਹੈ।
- ਵੱਖ-ਵੱਖ ਖੇਤਰਾਂ, ਜਲਵਾਯੂ ਅਤੇ ਸੋਮਿਆਂ (ਭੋਜਨ, ਪਾਣੀ, ਆਸਰਾ, ਰੁਜ਼ਗਾਰ) ਅਤੇ ਸੱਭਿਆਚਾਰਕ ਜੀਵਨ ( ਠੰਡੇ/ ਗਰਮ/ ਮਾਰੂਥਲ/ ਦੂਰ/ ਕਠਿਨ) ਵਿੱਚ ਸੰਬੰਧ ਸਥਾਪਿਤ ਕਰਦਾ ਹੈ।
- ਵਸਤਾਂ, ਸਾਮਾਨ, ਗਤੀਵਿਧੀਆਂ ਨੂੰ ਵਿਸ਼ੇਸ਼ਤਾਵਾਂ ਜਿਵੇਂ ਰੰਗ, ਛੂਹ, ਧੁਨੀ, ਲੱਛਣ ਆਦਿ ਦੇ ਆਧਾਰ 'ਤੇ ਵਰਗੀਕਰਨ ਕਰਦਾ ਹੈ।
- ਭੂਤ ਅਤੇ ਵਰਤਮਾਨ ਵਿੱਚ ਆਈ ਤਬਦੀਲੀ ਨੂੰ ਰਿਵਾਜਾਂ, ਪ੍ਰੰਪਰਾਵਾਂ ਵਿੱਚ ਸਿੱਕਿਆਂ, ਚਿੱਤਰਾਂ, ਸਮਾਰਕਾਂ, ਅਜਾਇਬਘਰਾਂ ਅਤੇ ਬਜ਼ੁਰਗਾਂ ਨਾਲ ਗੱਲਬਾਤ ਰਾਂਹੀਂ ਖੋਜਦਾ ਹੈ। (ਉਦਾਹਟਨ ਵਜੋਂ ਖੇਤੀ, ਸੰਭਾਲਣ ਦੇ ਤਰੀਕੇ, ਸਮਾਰੋਹ, ਕੱਪੜੇ, ਇਮਾਰਤਾਂ/ ਘਰ, ਕਿੱਤੇ, ਭੋਜਨ ਬਣਾਉਣ ਦੇ ਢੰਗ)
- ਤੱਥਾਂ ਦੀਆਂ ਵਿਸ਼ੇਸ਼ਤਾਵਾਂ, ਹਾਲਤਾਂ, ਸਥਾਨ/ ਪੁਲਾੜ ਸੰਬੰਧੀ ਰਾਸ਼ੀਆਂ (ਖੇਤਰਫਲ, ਦੂਰੀ, ਘਣਫਲ, ਭਾਰ ਆਦਿ) ਅਤੇ ਸਮੇਂ ਦੀਆਂ ਸਧਾਰਨ ਅਤੇ ਮਿਕਦਾਰੀ ਇਕਾਈਆਂ, ਪੜਤਾਲ ਕਰਨ ਲਈ ਸਧਾਰਨ ਯੰਤਰ (ਵਸਤੂ ਦਾ ਤੈਰਨਾ/ ਡੁੱਬਣਾ/ ਵਾਸ਼ਪੀਕਰਨ/ ਪੁੰਗਰਣ/ ਖ਼ਰਾਬ ਹੋਣਾ/ ਸਾਹ ਕਿਰਿਆ/ ਸੁਆਦ) ਆਦਿ ਦਾ ਅਨੁਮਾਨ ਲਾਉਂਦਾ ਹੈ।
- ਪ੍ਰੇਖਣਾਂ/ ਸੂਚਨਾਵਾਂ/ ਅਨੁਭਵਾਂ ਨੂੰ ਸੰਗਠਿਤ ਤਰੀਕੇ ਨਾ਼ਲ ਸਾਰਨੀ/ ਸਕੈਚ/ ਬਾਰ ਗਰਾਫ/ ਪਾਈ ਚਾਰਟ ਵਿੱਚ ਰਿਕਾਰਡ ਕਰਦਾ ਹੈ ਅਤੇ ਗਤੀਵਿਧੀਆਂ/ ਵਰਤਾਰਿਆਂ (ਵਸਤੂ ਦਾ ਤੈਰਨਾ/ ਡੁੱਬਣਾ/ਵਾਸ਼ਪੀਕਰਨ/ਪੁੰਗਰਣ/ਖ਼ਰਾਬ ਹੋਣਾ) ਦੇ ਪੈਟਰਨ ਦਾ ਅਨੁਮਾਨ ਲਾਉਂਦਾ ਹੈ।
- ਚਿੰਨ੍ਹਾਂ, ਸਥਾਨਾਂ ਦੀ ਸਥਿਤੀ ਅਤੇ ਦਿਸ਼ਾਵਾਂ (ਨਕਸ਼ੇ ਅਤੇ ਸਥਾਨ ਚਿੰਨ੍ਹ ਦੀ ਵਰਤੋਂ ਨਾ਼ਲ) ਨੂੰ ਪਛਾਂਣਦਾ ਹੈ।
- ਉਪਲੱਬਧ ਸਾਮਾਨ/ ਵਾਧੂ ਪਦਾਰਥਾਂ ਦੀ ਮਦਦ ਨਾ਼ਲ ਸਧਾਰਨ ਨਕਸ਼ੇ, ਐਲਬਮ, ਡਿਜ਼ਾਇਨ, ਰੰਗੋਲੀ, ਪੋਸਟਰ ਆਦਿ ਬਣਾਉਂਦਾ ਹੈ, ਕਵਿਤਾ, ਸਲੋਗਣ ਲਿਖਦਾ ਹੈ।
- ਸਮਾਜ ਵਿਚਲੇ ਅਹਿਮ ਮੁੱਦੇ/ਵਾਪਰਨ ਵਾਲੀਆਂ ਘਟਨਾਵਾਂ, ਸੰਬੰਧਤ ਪਰੰਪਰਾਵਾਂ (ਜਿਵੇਂ ਸੋਮਿਆਂ ਤੱਕ ਪਹੁੰਚ ਅਤੇ ਮਾਲਕੀ ਸੰਬੰਧੀ ਵਿਤਕਰਾ, ਪ੍ਰਵਾਸ/ ਵਿਸਥਾਪਣ/ ਬੇਦਖਲੀ, ਬਾਲ ਅਧਿਕਾਰ) ਬਾਰੇ ਆਪਣੀ ਆਵਾਜ਼ ਉਠਾਉਂਦਾ ਹੈ।
- ਸਵੱਛਤਾ, ਸਿਹਤ, ਕੂੜਾ- ਪ੍ਰਬੰਧਨ, ਆਫ਼ਤ/ ਹੰਗਾਮੀ ਹਾਲਤ ਅਤੇ ਸੰਸਾਧਨਾਂ ( ਭੂਮੀ, ਬਾਲਣ, ਜੰਗਲ ਆਦਿ) ਨੂੰ ਬਚਾਉਣ ਦੇ ਤਰੀਕੇ ਸੁਝਾਉਂਦਾ ਹੈ ਅਤੇ ਵਾਂਝਿਆਂ/ ਮਹਿਰੂਮ ਵਰਗਾਂ

- ਘਰ, ਸਕੂਲ ਅਤੇ ਗੁਆਂਢ ਦੀਆਂ ਪਰਿਸਥਿਤੀਆਂ ਬਾਰੇ ਘਰ/ ਸਮੁਦਾਇ ਵਿੱਚ ਮਾਤਾ-ਪਿਤਾ, ਅਧਿਆਪਕ. ਸਾਥੀ ਅਤੇ ਵੱਡਿਆਂ ਤੋਂ ਜਾਣੇ, ਬੱਚਿਆਂ ਦੇ ਅਨੁਭਵਾਂ ਬਾਰੇ ਤਰਕਮਈ ਢੰਗ ਨਾਲ਼ ਸੋਚੇ, ਚਰਚਾ ਕਰੇ ਅਤੇ ਵਿਚਾਰ ਪ੍ਰਗਟ ਕਰੇ।
- ਤਰਫ਼ਦਾਰੀ, ਪੱਖਪਾਤ ਅਤੇ ਰੂੜ੍ਹੀਵਾਦ ਬਾਰੇ ਮੋੜਵੀਂਆਂ ਦਲੀਲਾਂ ਦਿੰਦਾ ਹੋਇਆ ਆਪਣੇ ਸਾਥੀਆਂ, ਅਧਿਆਪਕਾਂ ਅਤੇ ਵੱਡਿਆਂ ਨਾਲ਼ ਖੁੱਲ੍ਹ ਕੇ ਚਰਚਾ ਕਰੇ।
- ਆਲ਼ੇ-ਦੁਆਲ਼ੇ ਵਿੱਚ ਸਥਿਤ ਵਿਭਾਗਾਂ ਜਿਵੇਂ ਬੈਂਕ, ਜਲ ਬੋਰਡ, ਹਸਪਤਾਲ ਆਦਿ ਦਾ ਦੌਰਾ ਕਰੇ ਅਤੇ ਇਸ ਨਾਲ਼ ਤਾਅਲੁਕ ਰੱਖਦੇ ਲੋਕਾਂ ਨਾਲ਼ ਸੰਬੰਧਤ ਦਸਤਾਵੇਜ਼ ਸਾਂਝੇ ਕਰੇ।
- ਸਧਾਰਨ ਗਤੀਵਧੀਆਂ ਕਰੇ ਅਤੇ ਜਿਵੇਂ ਪ੍ਰੇਖਣਾਂ ਨੂੰ ਸਾਰਨੀ/ ਸਕੈੱਚ/ ਬਾਰ ਗ੍ਰਾਫ/ ਪਾਈ ਚਾਰਟ/ ਲਿਖਤੀ/ ਜ਼ੁਬਾਨੀ ਰੂਪ ਵਿੱਚ ਰਿਕਾਰਡ ਕਰਨਾ।
- ਪ੍ਰਾਣੀਆਂ (ਪੌਦਿਆਂ ਅਤੇ ਜੰਤੂਆਂ) ਦੇ ਧਰਤੀ ਉੱਪਰ ਨਿਵਾਸ ਦੇ ਹੱਕ, ਜੰਤੂਆਂ ਦੇ ਹੱਕ ਅਤੇ ਸਹੀ ਇਲਾਜ ਬਾਰੇ ਚਰਚਾ ਕਰੇ।
- ਜਿਹੜੇ ਲੋਕ ਨਿਰਸਵਾਰਥ ਸੇਵਾ, ਲੋਕ ਭਲਾਈ ਦੇ ਕੰਮ ਕਰਦੇ ਹਨ ਉਹਨਾਂ ਨਾਲ਼ ਤਜਰਬੇ ਸਾਂਝੇ ਕਰੇ ਅਤੇ ਇਹ ਜਾਣੇ ਕਿ ਉਹਨਾਂ ਨੂੰ ਇਸ ਦੀ ਪ੍ਰੇਰਣਾ ਕਿੱਥੋਂ ਮਿਲਦੀ ਹੈ?
- ਸਮੂਹ ਵਿੱਚ ਕੰਮ ਕਰਦੇ ਹੋਏ ਦੇਖਭਾਲ, ਹਮਦਰਦੀ, ਅਗਵਾਈ ਕਰਨ ਵਿੱਚ ਪਹਿਲ ਕਦਮੀ ਕਰੇ ਜਿਵੇਂ ਕਿ ਵੱਖ-ਵੱਖ ਇਨਡੋਰ/ ਆਊਟਡੋਰ/ ਸਥਾਨਕ/ ਸਮਕਾਲੀ ਖੇਡਾਂ ਅਤੇ ਗਤੀਵਿਧੀਆਂ, ਪੌਦੇ/ ਪੌਦਿਆਂ/ ਆਲ਼ੇ-ਦੁਅਲ਼ੇ ਦੀਆਂ ਵਸਤੂਆਂ ਦੀ ਦੇਖਭਾਲ, ਜੰਤੂਆਂ/ ਪੰਛੀਆਂ ਨੂੰ ਭੋਜਨ ਦੇਣਾ ਵਰਗੇ ਕੰਮ (ਪ੍ਰੋਜੈਕਟ) ਕਰੇ।
- ਆਪਾਤ/ ਕੁਦਰਤੀ ਆਫ਼ਤ ਦੀ ਸਥਿਤੀ ਨਾਲ ਨਜਿੱਠਣ ਲਈ ਮੌਕ ਡਰਿੱਲ (Mock Drill) ਕਰੇ।

ਪ੍ਰਤੀ ਹਮਦਰਦੀ ਦਾ ਇਜ਼ਹਾਰ ਕਰਦਾ ਹੈ।





# ਵਿਗਿਆਨ ਵਿਸ਼ੇ ਵਿੱਚ ਸਿੱਖਣ ਦੇ ਪਰਿਣਾਮ-ਅੱਪਰ ਪ੍ਰਾਇਮਰੀ ਪੱਧਰ

**ਜਾਣ -ਪਛਾਣ**

ਵਿਗਿਆਨ ਇਕ ਗਤੀਸ਼ੀਲ ਵਿਕਸਤ ਹੋ ਰਹੀ ਗਿਆਨ ਦੀ ਸ਼ਾਖਾ ਹੈ ਜਿਸ ਵਿਚ ਨਵੇ ਤਜਰਬਿਆਂ ਦਾ ਸਮ-ਾਵੇਸ਼ ਹੁੰਦਾ ਹੈ। ਇਹ ਸੰਸਾਰ ਨੂੰ ਸਮਝਣ ਦੀ ਇਕ ਮਨੁੱਖੀ ਕੋਸ਼ਿਸ਼ ਹੈ,ਜਿਸ ਵਿਚ ਨਿਰੀਖਣ ਤੇ ਅਧਾਰਿਤ ਸੰ-ਕਲਪੀ ਨਮੂਨਿਆਂ ਦਾ ਨਿਰਮਾਣ ਕਰਕੇ ਸਿਧਾਤਾਂ ,ਅਸੂਲਾਂ ਤੇ ਨਿਯਮਾਂ ਤੱਕ ਪਹੁੰਚਿਆ ਜਾਂਦਾ ਹੈ। ਪ੍ਰਗਤੀਸ਼ੀਲ ਸਮਾਜ ਵਿੱਚ ਵਿਗਿਆਨ ਅਸਲ ਅਜ਼ਾਦੀ ਦੇਣ ਵਾਲਾ ਹੈ ਤੇ ਇਹ ਲੋਕਾਂ ਨੂੰ ਗਰੀਬੀ,ਅਗਿਆਨਤਾ ਤੇ ਅੰਧ-ਵਿਸ਼ਵਾਸ਼ਾਂ ਦੇ ਲਗਾਤਾਰ ਚੱਲਣ ਵਾਲੇ ਚੱਕਰ ਤੋਂ ਬਚਣ ਵਿਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਅੱਜਕੱਲ੍ਹ ਲੋਕ ਤੇਜ਼ੀ ਨਾਲ ਬਦਲ ਰਹੇ ਵਿਸ਼ਵ ਦਾ ਸਾਹਮਣਾ ਕਰ ਰਹੇ ਹਨ ਜਿਸ ਵਿੱਚ ਸਭ ਤੋਂ ਮਹੱਤਵਪੂਰਨ ਲੋੜੀਂਦੀਆਂ ਕੁਸ਼ਲਤਾਵਾਂ ਹਨ: ਲਚੀਲਾਪਨ,ਖੋਜ ਅਤੇ ਰਚਨਾਤਮਿਕਤਾ। ਵਿਗਿਆਨ ਦੀ ਸਿੱਖਿਆ ਦੀ ਰੂਪ ਰੇਖਾ ਤਿਆਰ ਕਰਦੇ ਸਮੇਂ ਇਹਨਾਂ ਵੱਖ-ਵੱਖ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਵਿਗਿਆਨ ਦੀ ਚੰਗੀ ਸਿੱਖਿਆ ਬੱਚੇ,ਜੀਵਨ ਅਤੇ ਅਨੁਸਾਸ਼ਨ ਪ੍ਰਤੀ ਸੱਚੀ ਹੁੰਦੀ ਹੈ।

ਅੱਪਰ ਪ੍ਰਾਇਮਰੀ ਪੱਧਰ ਤੇ ਮਾਨਸਿਕ ਵਿਕਾਸ ਦੇ ਕ੍ਰਮ ਵਿੱਚ ਚਲਦੇ ਹੋਏ ਪਾਠਕ੍ਰਮ ਵਿੱਚ ਵਿਗਿਅਨ ਨੂੰ ਕੇਂਦਰੀ ਵਿਸ਼ੇ ਦੇ ਤੌਰ ਲਿਆ ਜਾਂਦਾ ਹੈ ।ਇਸ ਪੱਧਰ ਤੇ ਪ੍ਰਾਇਮਰੀ ਦੀ ਵਾਤਾਵਰਨ ਸਿੱਖਿਆ ਤੋਂ ਹੌਲੀ-ਹੌਲੀ ਵਿਗਿਆਨ ਦੇ ਸਿਧਾਂਤਾਂ ਵੱਲ ਮੁੜਿਆ ਜਾਂਦਾ ਹੈ। ਇਸ ਪੱਧਰ ਤੇ ਬੱਚੇ ਦੀ ਸੋਚ ਦੇ ਦਾਇਰੇ ਨੂੰ ਵਧਾਉਣਾ ਮਹੱਤਵਪੂਰਨ ਹੁੰਦਾ ਹੈ ਅਤੇ ਇਸਦੀ ਸ਼ੁਰੂਆਤ ਉਹਨਾਂ ਸੰਕਲਪਾਂ ਤੋਂ ਕਰਨੀ ਚਾਹੀਦੀ ਹੈ ਜੋ ਕਿ ਬੱਚੇ ਦੇ ਨਿੱਜੀ ਤਜਰਬਿਆਂ ਵਿਚ ਸ਼ਾਮਿਲ ਹੋਣ। ਬੱਚਾ ਆਮ ਤਜ਼ਰਬਿਆਂ ,ਤਕਨੀਕੀ ਇਕਾਈਆਂ ,ਤੇ ਮਾਡਲਾਂ ਦੀ ਬਣਤਰ ਲਈ ਹੱਥੀਂ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਕੇ ਵਿਗਿਆਨ ਦੇ ਸਿਧਾਂਤਾਂ ਨੂੰ ਸਿੱਖੇ ਅਤੇ ਵਾਤਾਵਰਨ ਤੇ ਸਿਹਤ ਜਿਸ ਵਿੱਚ ਪ੍ਰਜਣਨ ਤੇ ਲਿੰਗੀ ਸਿਹਤ ਸ਼ਾਮਿਲ ਹੋਣ,ਬਾਰੇ ਲਗਾਤਾਰ ਜਾਣਕਾਰੀ ਵਿਚ ਵਾਧਾ ਕਰੇ। ਵਿਗਿਆਨ ਦੇ ਸੰਕਲਪਾਂ ਤੱਕ ਮੁੱਖ ਤੌਰ ਤੇ ਗਤੀਵਿਧੀਆਂ,ਪ੍ਰਯੋਗਾਂ ਤੇ ਸਰਵੇਖਣਾਂ ਰਾਹੀਂ ਪਹੁੰਚ ਕੀਤੀ ਜਾਂਦੀ ਹੈ। ਸਕੂਲ ਦੇ ਆਂਢ-ਗੁਆਂਢ,ਸਾਥੀ ਤੇ ਅਧਿਆਪਕ ਸਮੂਹਾਂ ਵਿੱਚ ਕਿਰਿਆਵਾਂ ਤੇ ਵਿਚਾਰ ਵਟਾਂਦਰੇ,ਸਰਵੇਖਣ,ਤੱਥਾਂ ਦੇ ਸੰਗਠਨ ਅਤੇ ਇਹਨਾਂ ਦੀ ਪਰਦਰਸ਼ਨੀ ਰਾਹੀਂ ਨੁਮਾਇਸ਼ ਅਧਿਆਪਨ ਦਾ ਮਹੱਤਵਪੂਰਨ ਅੰਗ ਹੋਣਾ ਚਾਹੀਦਾ ਹੈ।

## ਪਾਠਕ੍ਰਮ ਤੋਂ ਉਮੀਦਾਂ

**ਅੱਪਰ ਪ੍ਰਾਇਮਰੀ ਪੱਧਰ 'ਤੇ ਵਿਗਿਆਨ ਦੇ ਪਾਠਕ੍ਰਮ ਦਾ ਉਦੇਸ਼ ਹੇਠ ਲਿਖੀਆਂ ਗੱਲਾਂ ਨੂੰ ਵਿਕਸਿਤ ਕਰਨਾ ਹੁੰਦਾ ਹੈ**

- ਵਿਗਿਆਨਕ ਸੁਭਾਅ ਅਤੇ ਵਿਗਿਆਨਕ ਸੋਚ।
- ਵਿਗਿਆਨਕ ਜਾਣਕਾਰੀ ਦੇ ਸੁਭਾਅ ਨੂੰ ਸਮਝਣਾ ਜਿਵੇਂ ਕਿ ਇਹ ਜਾਂਚ ਯੋਗ, ਇੱਕਸਾਰ, ਕਿਫ਼ਾਇਤੀ, ਅਨੈਤਿਕ, ਵਿਕਾਸਸ਼ੀਲ ਅਤੇ ਰਚਨਾਤਮਿਕ ਹੈ।
- ਵਿਗਿਆਨ ਦੀਆਂ ਕੁਸ਼ਲਤਾਵਾਂ ਜਿਵੇਂ ਕਿ ਨਿਰੀਖਣ ਕਰਨਾ,ਪ੍ਰਸ਼ਨ ਪੁੱਛਣਾ,ਸਿੱਖਣ ਦੇ ਵੱਖ ਵੱਖ ਸਾਧਨਾਂ ਦੀ ਖੋਜ,ਜਾਂਚ ਲਈ ਯੋਜਨਾਬੰਦੀ,ਪਰਿਕਲਪਨਾ ਦਾ ਨਿਰਮਾਣ ਅਤੇ ਜਾਂਚ, ਤੱਥਾਂ ਨੂੰ ਇਕੱਠਾ ਕਰਨ,ਜਾਂਚਣ ਅਤੇ ਨਤੀਜੇ ਕੱਢਣ ਦੀਆਂ ਵੱਖ ਵੱਖ ਵਿਧੀਆਂ ਦੀ ਵਰਤੋਂ, ਵਿਆਖਿਆ ਨੂੰ ਸਬੂਤਾਂ ਨਾਲ ਸਥਾਪਤ ਕਰਨਾ ਬਦਲਵੀਆਂ ਧਾਰਨਾਵਾਂ ਤੇ ਅਲੋਚਨਾਤਮਕ ਵਿਚਾਰ ਤੇ ਜਾਂਚ ਅਤੇ ਆਪਣੀ ਵਿਅਕਤੀਗਤ ਸੋਚ ਨੂੰ ਸਾਹਮਣੇ ਰੱਖਣਾ।
- ਵਿਗਿਆਨ ਦੇ ਇਤਿਹਾਸਕ ਪੱਖ ਨੂੰ ਸਵੀਕਾਰਨਾ ਅਤੇ ਇਸਦੀ ਸ਼ਲਾਘਾ ਕਰਨਾ।
- ਵਾਤਾਵਰਨ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲ ਹੋਣਾ।
- ਮਨੁੱਖੀ ਸਨਮਾਨ, ਅਧਿਕਾਰਾਂ, ਲਿੰਗ ਸਮਾਨਤਾ, ਇਮਾਨਦਾਰੀ, ਏਕਤਾ, ਮਿਲਵਰਤਨ ਅਤੇ ਜੀਵਨ ਪ੍ਰਤੀ ਸੰਵੇਦਨਾ ਜਿਹੀਆਂ ਕਦਰਾਂ-ਕੀਮਤਾਂ ਪ੍ਰਤੀ ਸਤਿਕਾਰ।

**ਪਾਠਕ੍ਰਮ ਦਾ ਹੇਠ ਲਿਖੇ ਸੰਕਲਪਾਂ ਦੇ ਦੁਆਲ਼ੇ ਗਠਨ ਕੀਤਾ ਜਾਂਦਾ ਹੈ ਜਿਨ੍ਹਾਂ ਦਾ ਸੁਭਾਅ ਪਰਸਪਰ ਅੰਤਰ ਸਬੰਧਤ ਹੈ**

- ਭੋਜਨ
- ਪਦਾਰਥ
- ਜੀਵ ਜਗਤ
- ਗਤੀਸ਼ੀਲ ਵਸਤਾਂ, ਲੋਕ ਤੇ ਵਿਚਾਰ
- ਵਸਤਾਂ ਕਿਵੇਂ ਕੰਮ ਕਰਦੀਆਂ ਹਨ..?
- ਕੁਦਰਤੀ ਵਰਤਾਰੇ
- ਕੁਦਰਤੀ ਸਾਧਨ





## ਜਮਾਤ:ਛੇਵੀਂ (ਵਿਗਿਆਨ)

### ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਵਿਦਿਆਰਥੀ ਨੂੰ ਜੋੜਿਆਂ, ਸਮੂਹਾਂ ਅਤੇ ਵਿਅਕਤੀਗਤ ਤੌਰ ਤੇ ਸੰਮਿਲਤ ਢਾਂਚੇ ਵਿਚ ਮੌਕੇ ਪ੍ਰਦਾਨ ਕਰਨਾ ਤੇ ਹੇਠ ਲਿਖਿਆਂ ਲਈ ਪ੍ਰੋਤਸਾਹਿਤ ਕਰਨਾ**

- ਆਲ਼ੇ-ਦਾਆਲ਼ੇ ਦੀਆਂ ਕੁਦਰਤੀ ਪ੍ਰਕਿਰਿਆਵਾਂ ਤੇ ਵਰਤਾਰਿਆਂ ਨੂੰ ਇੰਦਰੀਆਂ ਦੀ ਸਹਾਇਤਾ ਨਾਲ ਜਾਨਣਾ ਜਿਵੇਂ ਕਿ ਦੇਖਣਾ, ਛੂਹਣਾ, ਸਵਾਦ ਚੱਖਣਾ, ਸੁੰਘਣਾ ਅਤੇ ਸੁਣਨਾ।
- ਪ੍ਰਸ਼ਨ ਪੁੱਛਣਾ ਅਤੇ ਚਿੰਤਨ, ਵਿਚਾਰ-ਵਟਾਂਦਰੇ, ਬਣਾਵਟ, ਢੁੱਕਵੀਆਂ ਕਿਰਿਆਵਾਂ ਤੇ ਗਤੀਵਿਧੀਆਂ, ਸੂਚਨਾ ਅਤੇ ਸੰਚਾਰ ਤਕਨੀਕਾਂ ਦੀ ਵਰਤੋਂ ਰਾਹੀਂ ਪ੍ਰਸ਼ਨਾਂ ਦੇ ਹੱਲ ਲੱਭਣਾ।
- ਪ੍ਰਕਿਰਿਆਵਾਂ, ਪ੍ਰਯੋਗਾਂ, ਵਿਸਲੇਸ਼ਣਾ ਅਤੇ ਖੇਤਰੀ ਦੌਰਿਆਂ ਸਮੇਂ ਪ੍ਰੇਖਣਾਂ ਨੂੰ ਦਰਜ ਕਰਨਾ।
- ਦਰਜ ਕੀਤੇ ਤੱਥਾਂ ਦਾ ਵਿਸਲੇਸ਼ਣ ਕਰਨਾ ਅਤੇ ਨਤੀਜਿਆਂ ਤੱਕ ਪਹੁੰਚਣਾ, ਸਧਾਰਨੀਕਰਨ ਕਰਨਾ ਤੇ ਪ੍ਰਾਪਤੀਆਂ ਨੂੰ ਸਾਥੀਆਂ ਤੇ ਵੱਡਿਆਂ ਨਾਲ਼ ਸਾਂਝਾ ਕਰਨਾ ।
- ਨਵੀਨ ਵਿਚਾਰਾਂ,ਨਮੂਨਿਆਂ ਤੇ ਸੁਧਾਰਾਂ ਦਾ ਪ੍ਰਦਰਸ਼ਨ ਕਰਦਿਆਂ ਰਚਨਾਤਮਿਕਤਾ ਵਿਖਾਉਣਾ।
- ਮਿਲਵਰਤਣ, ਸਹਿਯੋਗ, ਸਹੀ ਸੂਚਨਾ, ਸਾਧਨਾਂ ਦੀ ਤਰਕਸੰਗਤ ਵਰਤੋਂ ਵਰਗੀਆਂ ਕਦਰਾਂ-ਕੀਮਤਾਂ ਦਾ ਸਮਾਵੇਸ਼, ਪ੍ਰਾਪਤੀ ਅਤੇ ਪ੍ਰਸ਼ੰਸਾ ਕਰਨਾ ਆਦਿ।

### ਸਿੱਖਣ ਦੇ ਪਰਿਣਾਮ

- ਪਦਾਰਥ ਅਤੇ ਜੀਵਾਂ ਦੀ ਉਹਨਾਂ ਦੀਆਂ ਨਿਰੀਖਣਯੋਗ ਵਿਸ਼ੇਸ਼ਤਾਵਾਂ ਜਿਵੇਂ ਕਿ ਬਣਾਵਟ, ਕਾਰਜ ਅਤੇ ਗੰਧ ਦੇ ਆਧਾਰ ਤੇ ਪਛਾਣ ਜਿਵੇਂ ਕਿ ਬਨਸਪਤੀ, ਰੇਸ਼ੇ, ਫੁੱਲ ਆਦਿ।
- ਵਿਸ਼ੇਸ਼ਤਾਵਾਂ, ਬਣਾਵਟ ਅਤੇ ਕਾਰਜ ਦੇ ਆਧਾਰ ਤੇ ਪਦਾਰਥਾਂ ਅਤੇ ਜੀਵਾਂ ਦਾ ਨਿਖੇੜਨ ਜਿਵੇਂ ਕਿ ਰੇਸ਼ੇ ਅਤੇ ਉੱਨ, ਮੂਸਲ ਅਤੇ ਰੇਸ਼ੇਦਾਰ ਜੜ੍ਹ, ਬਿਜਲਈ ਸੁਚਾਲਕ ਅਤੇ ਕੁਚਾਲਕ ਆਦਿ।
- ਨਿਰੀਖਣ ਯੋਗ ਗੁਣਾਂ ਦੇ ਅਧਾਰ ਤੇ ਪਦਾਰਥਾਂ, ਜੀਵਾਂ ਤੇ ਕਿਰਿਆਵਾਂ ਦਾ ਵਰਗੀਕਰਨ ਜਿਵੇਂ ਕਿ ਘੁਲਣਸ਼ੀਲ ਤੇ ਅਘੁਲਣਸ਼ੀਲ ਪਦਾਰਥ, ਪਾਰਦਰਸ਼ੀ, ਅਲਪ ਪਾਰਦਰਸ਼ੀ ਤੇ ਅਪਾਰਦਰਸ਼ੀ, ਮੋੜਵੇਂ ਅਤੇ ਨਾ-ਮੋੜਵੇਂ ਪਰਿਵਰਤਨ, ਪੌਦੇ ਜਿਵੇਂ ਕਿ ਬੂਟੀਆਂ, ਝਾੜੀਆਂ, ਰੁੱਖ, ਬੇਲਾਂ ਅਤੇ ਲਤਾਵਾਂ, ਅਵਾਸ ਦੇ ਜੈਵਿਕ ਅਤੇ ਅਜੈਵਿਕ ਤੱਤ, ਸਰਲਰੇਖੀ, ਚੱਕਰਾਕਾਰ ਅਤੇ ਆਵਰਤੀ ਗਤੀ।
- ਜਗਿਆਸਾ ਦੇ ਉੱਤਰ ਲੱਭਣ ਲਈ ਸਧਾਰਨ ਜਾਂਚ ਕਰਨਾ ਜਿਵੇਂ ਕਿ ਪਸ਼ੂ ਚਾਰੇ ਵਿਚ ਕਿਹੜੇ ਪੋਸ਼ਕ ਤੱਤ ਮੌਜੂਦ ਹਨ..?ਕੀ ਸਾਰੀਆਂ ਭੌਤਿਕ ਤਬਦੀਲੀਆਂ ਨੂੰ ਮੋੜਿਆ ਜਾ ਸਕਦਾ ਹੈ.?ਕੀ ਸੁਤੰਤਰ ਰੂਪ ਵਿਚ ਲਟਕਿਆ ਚੁੰਬਕ ਕਿਸੇ ਖਾਸ ਦਿਸ਼ਾ ਵਿਚ ਸਥਿਰ ਹੁੰਦਾ ਹੈ..?
- ਕਿਰਿਆਵਾਂ ਅਤੇ ਵਰਤਾਰਿਆਂ ਦਾ ਇਹਨਾਂ ਦੇ ਕਾਰਨਾਂ ਨਾਲ਼ ਸਬੰਧ ਸਥਾਪਤ ਕਰਨਾ ਜਿਵੇਂ ਕਿ ਤਰੁੱਟੀ ਰੋਗਾਂ ਦਾ ਭੋਜਨ ਨਾਲ਼, ਜੀਵਾਂ ਅਤੇ ਪੌਦਿਆਂ ਦਾ ਉਹਨਾਂ ਦੇ ਅਵਾਸ ਨਾਲ਼, ਹਵਾ ਦੀ ਗੁਣਵੱਤਾ ਦਾ ਪ੍ਰਦੂਸ਼ਕਾਂ ਨਾਲ ਅਦਿ।
- ਕਿਰਿਆਵਾਂ ਅਤੇ ਵਰਤਾਰਿਆਂ ਦੀ ਵਿਆਖਿਆ

ਕਰਨਾ ਜਿਵੇਂ ਕਿ ਬਨਸਪਤੀ ਰੇਸ਼ਿਆਂ ਦਾ ਸੋਧਨ, ਪੌਦਿਆਂ ਅਤੇ ਜੀਵਾਂ ਵਿਚ ਗਤੀਸ਼ੀਲਤਾ, ਪਰਛਾਵਿਆਂ ਦਾ ਬਣਨਾ, ਸਮਤਲ ਦਰਪਣ ਤੋਂ ਪ੍ਰਕਾਸ਼ ਦਾ ਪਰਿਵਰਤਨ, ਹਵਾ ਦੀ ਬਣਤਰ ਵਿਚ ਵਖਰੇਵਾਂ, ਗੰਡੋਇਆਂ ਦੁਆਰਾ ਖਾਦ ਦਾ ਉਤਪਾਦਨ ਆਦਿ।

- ਭੌਤਿਕ ਮਾਤਰਾਂਵਾਂ ਦਾ ਮਾਪਣ ਅਤੇ ਮਾਪਣ ਇਕਾਈਆਂ ਵਿੱਚ ਪੇਸ਼ਕਾਰੀ ਜਿਵੇਂ ਕਿ ਲੰਬਾਈ।
- ਜੀਵਾਂ ਅਤੇ ਪ੍ਰਕਿਰਿਆਂਵਾਂ ਦੇ ਅੰਕਿਤ ਕੀਤੇ ਚਿੱਤਰ ਅਤੇ ਪ੍ਰਵਾਹ ਚਿੱਤਰ ਬਣਾਉਣਾ ਜਿਵੇਂ ਕਿ ਫੁੱਲ ਦੇ ਭਾਗ, ਮਨੁੱਖੀ ਸ਼ਰੀਰ ਦੇ ਜੋੜ, ਫਿਲਟਰ ਕਰਨ ਦੀ ਪ੍ਰਕਿਰਿਆ ਅਤੇ ਜਲ ਚੱਕਰ ਆਦਿ।
- ਆਲੇ-ਦੁਆਲੇ ਦੇ ਪਦਾਰਥਾਂ ਤੋਂ ਮਾਡਲ ਤਿਆਰ ਕਰਨਾ ਅਤੇ ਉਹਨਾਂ ਦੀ ਕਾਰਜ ਵਿਧੀ ਦੀ ਵਿਆਖਿਆ ਕਰਨਾ ਜਿਵੇਂ ਕਿ ਸੂਈ ਛੇਦ, ਕੈਮਰਾ, ਪੈਰੀਸਕੋਪ ਅਤੇ ਬਿਜਲਈ ਟਾਰਚ ਆਦਿ।
- ਰੋਜ਼ਾਨਾ ਜ਼ਿੰਦਗੀ ਵਿਚ ਵਿਗਿਆਨ ਦੇ ਸੰਕਲਪਾਂ ਦੀ ਵਰਤੋਂ ਜਿਵੇਂ ਕਿ ਸੰਤੁਲਿਤ ਭੋਜਨ ਲਈ ਖਾਣਯੋਗ ਪਦਾਰਥਾਂ ਦੀ ਚੋਣ, ਪਦਾਰਥਾਂ ਦਾ ਨਿਖੇੜਨ, ਰੁੱਤ ਅਨੁਸਾਰ ਉਚਿੱਤ ਕੱਪੜਿਆਂ/ਵਸਤਾਂ ਦੀ ਚੋਣ, ਦਿਸ਼ਾਵਾਂ ਦੀ ਜਾਣਕਾਰੀ ਲਈ ਚੁੰਬਕੀ ਸੂਈ ਦੀ ਵਰਤੋਂ, ਭਾਰੀ ਬਾਰਿਸ਼ ਜਾਂ ਅਕਾਲ ਦਾ ਸਾਹਮਣਾ ਕਰਨ ਲਈ ਸੁਝਾਅ ਦੇਣਾ ਆਦਿ।
- ਵਾਤਾਵਰਨ ਦੀ ਸੁਰੱਖਿਆ ਲਈ ਕੋਸ਼ਿਸ਼ ਕਰਨਾ ਜਿਵੇਂ ਕਿ ਭੋਜਨ ਪਦਾਰਥਾਂ, ਪਾਣੀ ਤੇ ਬਿਜਲੀ ਦੀ ਬਰਬਾਦੀ ਨੂੰ ਰੋਕਣਾ, ਰਹਿੰਦ-ਖੂੰਹਦ ਦੀ ਮਾਤਰਾ ਨੂੰ ਘਟਾਉਣਾ, ਵਰਖਾ ਦੇ ਪਾਣੀ ਦੀ ਸੰਭਾਲ ਤੇ ਭੰਡਾਰਨ, ਪੌਦਿਆਂ ਦੀ ਸੰਭਾਲ ਆਦਿ।
- ਉਪਲਬਧ ਸਾਧਨਾਂ ਦੀ ਵਰਤੋਂ, ਇਹਨਾਂ ਦੀ ਯੋਜਨਾਬੰਦੀ ਅਤੇ ਪ੍ਰਬੰਧ ਸਮੇਂ ਰਚਨਾਤਮਿਕਤਾ ਵਿਖਾਉਣਾ।
- ਇਮਾਨਦਾਰੀ, ਨਿਰਪੱਖਤਾ, ਮਿਲਵਰਤਨ, ਡਰ ਤੇ ਪੱਖਪਾਤ ਤੋਂ ਮੁਕਤੀ ਵਰਗੀਆਂ ਕਦਰਾਂ ਕੀਮਤਾਂ ਦਾ ਪ੍ਰਦਰਸ਼ਨ।





# ਜਮਾਤ:ਸੱਤਵੀਂ(ਵਿਗਿਆਨ)

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਵਿਦਿਆਰਥੀ ਨੂੰ ਜੋੜਿਆਂ, ਸਮੂਹਾਂ ਅਤੇ ਵਿਅਕਤੀਗਤ ਤੌਰ ਤੇ ਸੰਮਿਲਤ ਢਾਂਚੇ ਵਿਚ ਮੌਕੇ ਪ੍ਰਦਾਨ ਕਰਨਾ ਤੇ ਹੇਠ ਲਿਖਿਆਂ ਲਈ ਪ੍ਰੋਤਸਾਹਿਤ ਕਰਨਾ**

- ਆਲੇ-ਦਾਆਲੇ ਦੀਆਂ ਕੁਦਰਤੀ ਪ੍ਰਕਿਰਿਆਵਾਂ ਤੇ ਵਰਤਾਰਿਆਂ ਨੂੰ ਇੰਦਰੀਆਂ ਦੀ ਸਹਾਇਤਾ ਨਾਲ਼ ਜਾਨਣਾ ਜਿਵੇਂ ਕਿ ਦੇਖਣਾ, ਛੂਹਣਾ, ਸਵਾਦ ਚੱਖਣਾ, ਸੁੰਘਣਾ ਅਤੇ ਸੁਣਨਾ।
- ਪ੍ਰਸ਼ਨ ਪੁੱਛਣਾ ਅਤੇ ਚਿੰਤਨ,ਵਿਚਾਰ-ਵਟਾਂਦਰੇ, ਬਣਾਵਟ, ਢੁੱਕਵੀਆਂ ਕਿਰਿਆਵਾਂ ਤੇ ਗਤੀਵਿਧੀਆਂ, ਸੂਚਨਾ ਅਤੇ ਸੰਚਾਰ ਤਕਨੀਕਾਂ ਦੀ ਵਰਤੋਂ ਰਾਹੀਂ ਪ੍ਰਸ਼ਨਾਂ ਦੇ ਹੱਲ ਲੱਭਣਾ।
- ਪ੍ਰਕਿਰਿਆਵਾਂ, ਪ੍ਰਯੋਗਾਂ, ਵਿਸ਼ਲੇਸ਼ਣਾ ਅਤੇ ਖੇਤਰੀ ਦੌਰਿਆਂ ਸਮੇ ਪ੍ਰੇਖਣਾਂ ਨੂੰ ਦਰਜ ਕਰਨਾ।
- ਦਰਜ ਕੀਤੇ ਤੱਥਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਨਤੀਜਿਆਂ ਤੱਕ ਪਹੁੰਚਣਾ, ਸਧਾਰਨੀਕਰਨ ਕਰਨਾ ਤੇ ਪ੍ਰਾਪਤੀਆਂ ਨੂੰ ਸਾਥੀਆਂ ਤੇ ਵੱਡਿਆਂ ਨਾਲ਼ ਸਾਂਝਾ ਕਰਨਾ ।
- ਨਵੀਨ ਵਿਚਾਰਾਂ, ਨਮੂੰਨਿਆਂ ਤੇ ਸੁਧਾਰਾਂ ਦਾ ਪ੍ਰਦਰਸ਼ਨ ਕਰਦਿਆਂ ਰਚਨਾਤਮਿਕਤਾ ਵਿਖਾਉਣਾ।
- ਮਿਲਵਰਤਣ, ਸਹਿਯੋਗ, ਸਹੀ ਸੂਚਨਾ, ਸਾਧਨਾਂ ਦੀ ਤਰਕਸੰਗਤ ਵਰਤੋਂ ਵਰਗੀਆਂ ਕਦਰਾਂ-ਕੀਮਤਾਂ ਦਾ ਸਮਾਵੇਸ਼, ਪ੍ਰਾਪਤੀ ਅਤੇ ਪ੍ਰਸ਼ੰਸਾ ਕਰਨਾ ਆਦਿ।

## ਸਿੱਖਣ ਦੇ ਪਰਿਣਾਮ

- ਪਦਾਰਥ ਅਤੇ ਜੀਵਾਂ ਦੀ ਦਿੱਖ, ਸਤ੍ਹਾ ਅਤੇ ਕਾਰਜ ਆਦਿ ਦਿਖਣਯੋਗ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਪਛਾਣ ਕਰਨਾ ਜਿਵੇਂ ਕਿ ਜੈਵਿਕ ਰੇਸ਼ੇ, ਦੰਦਾਂ ਦੀਆਂ ਕਿਸਮਾਂ, ਦਰਪਣ ਅਤੇ ਲੈਨਜ਼ ਆਦਿ।
- ਪਦਾਰਥਾਂ ਅਤੇ ਜੀਵਾਂ ਵਿੱਚ ਉਹਨਾਂ ਦੇ ਗੁਣਾਂ, ਬਣਾਵਟ ਤੇ ਕਾਰਜ ਦੇ ਅਧਾਰ ਤੇ ਅੰਤਰ ਸਥਾਪਿਤ ਕਰਨਾ ਜਿਵੇਂ ਕਿ ਵੱਖ ਵੱਖ ਜੀਵਾਂ ਵਿੱਚ ਪਾਚਨ, ਇੱਕ ਲਿੰਗੀ ਤੇ ਦੋ ਲਿੰਗੀ ਫੁੱਲ,ਤਾਪ ਦੇ ਸੁਚਾਲਕ ਤੇ ਕੁਚਾਲਕ, ਖਾਰੀ ਤੇ ਉਦਾਸੀਨ ਪਦਾਰਥ, ਦਰਪਣ ਅਤੇ ਲੈਂਨਜ਼ਾਂ ਦੁਆਰਾ ਬਣੇ ਪ੍ਰਤੀਬਿੰਬ ਆਦਿ।
- ਪਦਾਰਥਾਂ ਅਤੇ ਜੀਵਾਂ ਦਾ ਉਹਨਾਂ ਦੇ ਗੁਣਾਂ/ਵਿਸ਼ੇਸ਼ਤਾਵਾਂ ਦੇ ਅਧਾਰ ਤੇ ਵਰਗੀਕਰਨ ਜਿਵੇਂ ਕਿ ਬਨਸਪਤੀ ਅਤੇ ਜੰਤੂ ਰੇਸ਼ੇ, ਭੌਤਿਕ ਅਤੇ ਰਸਾਇਣਕ ਪਰਿਵਰਤਨ ਆਦਿ।
- ਜਗਿਆਸਾ ਦੇ ਉੱਤਰ ਲੱਭਣ ਲਈ ਸਧਾਰਨ ਜਾਂਚ ਕਰਨਾ ਜਿਵੇਂ ਕਿ ਕੀ ਰੰਗੀਨ ਫੁੱਲਾਂ ਦੇ ਅਰਕ ਨੂੰ ਤੇਜ਼ਾਬਾਂ ਅਤੇ ਖਾਰਾਂ ਦੇ ਸੂਚਕ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ..? ਕੀ ਹਰੇ ਪੱਤਿਆਂ ਤੋਂ ਇਲਾਵਾ ਦੂਸਰੇ ਪੱਤੇ ਵੀ ਪ੍ਰਕਾਸ਼ ਸੰਸ਼ਲੇਸ਼ਣ ਕਰਦੇ ਹਨ..? ਕੀ ਸਫੈਦ ਪ੍ਰਕਾਸ਼ ਕਈ ਰੰਗਾਂ ਤੋਂ ਮਿਲ ਕੇ ਬਣਿਆ ਹੈ..?
- ਕਿਰਿਆਵਾਂ ਅਤੇ ਵਰਤਾਰਿਆਂ ਦਾ ਇਹਨਾਂ ਦੇ ਕਾਰਨਾਂ ਨਾਲ਼ ਸਬੰਧ ਸਥਾਪਤ ਕਰਨਾ ਜਿਵੇਂ ਕਿ ਵਾਯੂ ਦਬਾਅ ਨੂੰ ਹਵਾ ਦੀ ਗਤੀ ਦੇ ਨਾਲ, ਉਗਾਈਆਂ ਜਾਣ ਵਾਲੀਆਂ ਫਸਲਾਂ ਨੂੰ ਮਿੱਟੀ ਦੇ ਨਾਲ਼, ਘੱਟਦੇ ਜਲ ਸਤਰ ਨੂੰ ਮਨੁੱਖੀ ਗਤੀਵਿਧੀਆਂ ਨਾਲ਼ ਆਦਿ।
- ਕਿਰਿਆਵਾਂ ਅਤੇ ਵਰਤਾਰਿਆਂ ਦੀ ਵਿਆਖਿਆ ਕਰਨਾ ਜਿਵੇਂ ਕਿ ਜੰਤੂ ਰੇਸ਼ਿਆਂ ਦਾ ਸੋਧਨ, ਤਾਪ

ਦੇ ਸਥਾਨ ਅੰਤਰਨ ਦੇ ਢੰਗ, ਜੀਵਾਂ ਤੇ ਪੌਦਿਆਂ ਵਿੱਚ ਅੰਗ ਤੇ ਪ੍ਰਣਾਲੀਆਂ, ਬਿਜਲੀ ਦੇ ਤਾਪੀ ਅਤੇ ਚੁੰਬਕੀ ਪ੍ਰਭਾਵ ਆਦਿ ।

- ਰਸਾਇਣਕ ਕਿਰਿਆਵਾਂ ਲਈ ਸ਼ਬਦੀ ਸਮੀਕਰਨ ਲਿਖਣਾ ਜਿਵੇਂ ਕਿ ਤੇਜ਼ਾਬੀ ਤੇ ਖਾਰੀ ਪ੍ਰਤੀਕਿਰਿਆਵਾਂ, ਜੰਗ ਲੱਗਣਾ, ਪ੍ਰਕਾਸ਼ ਸੰਸਲੇਸ਼ਣ, ਸਾਹ ਕਿਰਿਆ ਆਦਿ।
- ਗਿਣਨਾ ਤੇ ਮਿਣਨਾ ਜਿਵੇਂ ਕਿ ਤਾਪਮਾਨ, ਨਬਜ਼ ਦੀ ਗਤੀ, ਗਤੀਸ਼ੀਲ ਵਸਤੂਆਂ ਦੀ ਚਾਲ, ਸਧਾਰਨ ਪੈਂਡੂਲਮ ਦੀ ਅਵ੍ਰਿਤੀ ਦਾ ਸਮਾਂ ਆਦਿ।
- ਅੰਕਿਤ ਕੀਤੇ ਚਿੱਤਰ ਅਤੇ ਪ੍ਰਵਾਹ ਚਿੱਤਰ ਬਣਾਉਣਾ ਜਿਵੇਂ ਕਿ ਮਨੁੱਖ ਅਤੇ ਪੌਦਿਆਂ ਦੀਆਂ ਅੰਗ ਪ੍ਰਣਾਲੀਆਂ, ਬਿਜਲਈ ਸਰਕਟ, ਪ੍ਰਯੋਗੀ ਢਾਂਚੇ, ਰੇਸ਼ਮ ਦੇ ਕੀੜੇ ਦਾ ਜੀਵਨ ਚੱਕਰ ਆਦਿ।
- ਗ੍ਰਾਫ ਨੂੰ ਬਣਾਉਣਾ ਅਤੇ ਨਤੀਜੇ ਕੱਢਣਾ ਜਿਵੇਂ ਕਿ ਦੂਰੀ ਸਮਾਂ ਗ੍ਰਾਫ ਆਦਿ।
- ਆਲ਼ੇ-ਦੁਆਲ਼ੇ ਦੇ ਸਾਧਨਾਂ ਤੋਂ ਮਾਡਲ ਬਣ-ਾਉਣੇ ਅਤੇ ਉਹਨਾਂ ਦੀ ਕਾਰਜ ਪ੍ਰਣਾਲੀ ਦੀ ਕਾਰਜ ਪ੍ਰਣਾਲੀ ਦੀ ਵਿਆਖਿਆ ਕਰਨਾ ਜਿਵੇਂ ਕਿ ਸਟੈਥੋਸਕੋਪ, ਪਵਨਵੇਗਮਾਪੀ ਯੰਤਰ (Anemometer), ਬਿਜਲਈ ਚੁੰਬਕ, ਨਿਊਟਨ ਦੀ ਸਤਰੰਗੀ ਡਿਸਕ ਆਦਿ।
- ਵਿਗਿਆਨਿਕ ਖੋਜਾਂ ਦੀਆਂ ਕਹਾਣੀਆਂ ਨੂੰ ਵਿਚਾਰਨਾ ਅਤੇ ਉਹਨਾਂ ਦੀ ਪ੍ਰਸੰਸਾ ਕਰਨਾ।
- ਰੋਜ਼ਾਨਾ ਜ਼ਿੰਦਗੀ ਵਿਚ ਵਿਗਿਆਨ ਦੇ ਸੰਕਲਪਾਂ ਦੀ ਵਰਤੋਂ ਜਿਵੇਂ ਕਿ ਤੇਜ਼ਾਬੀਕਰਨ ਨਾਲ਼ ਨਜਿੱਠਣਾ, ਮਿੱਟੀ ਦੀ ਜਾਂਚ ਤੇ ਸੁਧਾਰ, ਭੌਂ ਖੋਰ ਨੂੰ ਰੋਕਣ ਦੇ ਢੰਗ, ਕਾਇਆ ਪ੍ਰਜਨਣ ਰਾਹੀਂ ਕਾਸ਼ਤ, ਕਿਸੇ ਯੰਤਰ ਵਿਚ ਦੋ ਜਾਂ ਦੋ ਤੋਂ ਵੱਧ ਸੈੱਲਾਂ ਨੂੰ ਸਹੀ ਤਰਤੀਬ ਵਿੱਚ ਜੋੜਨਾ, ਆਫ਼ਤ ਦੇ ਸਮੇਂ ਅਤੇ ਉਸ ਤੋਂ ਬਾਅਦ ਢੁੱਕਵੇਂ ਕਦਮ ਚੁੱਕਣਾ ਪ੍ਰਦੂਸ਼ਤ ਪਾਣੀ ਦੀ ਮੁੜ ਵਰਤੋਂ ਲਈ ਵਿਧੀਆਂ ਬਾਰੇ ਸੁਝਾਅ ਦੇਣਾ ਆਦਿ।





- ਵਾਤਾਵਰਨ ਦੀ ਸੁਰੱਖਿਆ ਲਈ ਯਤਨ ਕਰਨਾ ਜਿਵੇਂ ਕਿ ਜਨਤਕ ਥਾਂਵਾਂ ਦੀ ਸਵੱਛਤਾ ਲਈ ਚੰਗੀਆਂ ਆਦਤਾਂ ਦਾ ਅਨੁਕਰਨ, ਪ੍ਰਦੂਸ਼ਕਾਂ ਦੀ ਉਤਪਤੀ ਨੂੰ ਘਟਾਉਣਾ, ਮਿੱਟੀ ਦੇ ਕਟਾਅ ਨੂੰ ਰੋਕਣ ਲਈ ਦਰੱਖ਼ਤ ਲਗਾਉਣਾ ਤੇ ਸਮਾਜ ਨੂੰ ਕੁਦਰਤੀ ਸਾਧਨਾਂ ਦੀ ਅਥਾਹ ਵਰਤੋਂ ਦੀਆਂ ਹਾਨੀਆਂ ਬਾਰੇ ਚੇਤੰਨ ਕਰਨਾ।
- ਉਪਲਬਧ ਸਾਧਨਾਂ ਦੀ ਵਰਤੋਂ, ਯੋਜਨਾਬੰਦੀ ਅਤੇ ਪ੍ਰਬੰਧ ਸਮੇ ਰਚਨਾਤਮਿਕਤਾ ਦਾ ਪ੍ਰਦਰਸ਼ਨ ਕਰਨਾ ਆਦਿ।
- ਇਮਾਨਦਾਰੀ, ਨਿਰਪੱਖਤਾ, ਮਿਲਵਰਤਨ, ਡਰ ਤੇ ਪੱਖਪਾਤ ਤੋਂ ਮੁਕਤੀ ਵਰਗੀਆਂ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ।

## ਜਮਾਤ:ਅੱਠਵੀਂ(ਵਿਗਿਆਨ)

### ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਵਿਦਿਆਰਥੀ ਨੂੰ ਜੋੜਿਆਂ, ਸਮੂਹਾਂ ਅਤੇ ਤੌਰ ਤੇ ਸੰਮਿਲਤ ਢਾਂਚੇ ਵਿਚ ਮੌਕੇ ਪ੍ਰਦਾਨ ਕਰਨਾ ਤੇ ਹੇਠ ਲਿਖਿਆਂ ਲਈ ਪ੍ਰੋਤਸਾਹਿਤ ਕਰਨਾ**

- ਆਲ਼ੇ-ਦਾਆਲ਼ੇ ਦੀਆਂ ਕੁਦਰਤੀ ਪ੍ਰਕਿਰਿਆਵਾਂ ਤੇ ਵਰਤਾਰਿਆਂ ਨੂੰ ਇੰਦਰੀਆਂ ਦੀ ਸਹਾਇਤਾ ਨਾਲ ਜਾਨਣਾ ਜਿਵੇਂ ਕਿ ਦੇਖਣਾ, ਛੂਹਣਾ,ਸਵਾਦ ਚੱਖਣਾ, ਸੁੰਘਣਾ ਅਤੇ ਸੁਣਨਾ।
- ਪ੍ਰਸ਼ਨ ਪੁੱਛਣਾ ਅਤੇ ਚਿੰਤਨ, ਵਿਚਾਰ-ਵਟਾਂਦਰੇ, ਬਣਾਵਟ, ਢੁੱਕਵੀਆਂ ਕਿਰਿਆਵਾਂ ਤੇ ਗਤੀ-ਵਿਧੀਆਂ, ਸੂਚਨਾ ਅਤੇ ਸੰਚਾਰ ਤਕਨੀਕਾਂ ਦੀ ਵਰਤੋਂ ਰਾਹੀਂ ਪ੍ਰਸ਼ਨਾਂ ਦੇ ਹੱਲ ਲੱਭਣਾ।
- ਪ੍ਰਕਿਰਿਆਵਾਂ, ਪ੍ਰਯੋਗਾਂ, ਵਿਸਲੇਸ਼ਣਾ ਅਤੇ ਖੇਤਰੀ ਦੌਰਿਆਂ ਸਮੇ ਪ੍ਰੇਖਣਾਂ ਨੂੰ ਦਰਜ ਕਰਨਾ।
- ਦਰਜ ਕੀਤੇ ਤੱਥਾਂ ਦਾ ਵਿਸਲੇਸ਼ਣ ਕਰਨਾ ਅਤੇ ਨਤੀਜਿਆਂ ਤੱਕ ਪਹੁੰਚਣਾ, ਸਧਾਰਨੀਕਰਨ ਕਰਨਾ ਤੇ ਪ੍ਰਾਪਤੀਆਂ ਨੂੰ ਸਾਥੀਆਂ ਤੇ ਵੱਡਿਆਂ ਨਾਲ਼ ਸਾਂਝਾ ਕਰਨਾ ।
- ਨਵੀਨ ਵਿਚਾਰਾਂ, ਨਮੂਨਿਆਂ ਤੇ ਸੁਧਾਰਾਂ ਦਾ ਪ੍ਰਦਰਸ਼ਨ ਕਰਦਿਆਂ ਰਚਨਾਤਮਿਕਤਾ ਵਿਖਾਉਣਾ।
- ਮਿਲਵਰਤਣ, ਸਹਿਯੋਗ, ਸਹੀ ਸੂਚਨਾ, ਸਾਧਨਾਂ ਦੀ ਤਰਕਸੰਗਤ ਵਰਤੋਂ ਵਰਗੀਆਂ ਕਦਰਾਂ-ਕੀਮਤਾਂ ਦਾ ਸਮਾਵੇਸ਼, ਪ੍ਰਾਪਤੀ ਅਤੇ ਪ੍ਰਸ਼ੰਸਾ ਕਰਨਾ ਆਦਿ

### ਸਿੱਖਣ ਦੇ ਪਰਿਣਾਮ

- ਪਦਾਰਥਾਂ ਅਤੇ ਜੀਵਾਂ ਨੂੰ ਉਹਨਾਂ ਦੇ ਗੁਣਾਂ, ਬਣਾਵਟ ਤੇ ਕੰਮਾਂ ਦੇ ਅਧਾਰ ਤੇ ਨਿਖੇੜਨਾ ਜਿਵੇਂ ਕਿ ਕੁਦਰਤੀ ਅਤੇ ਮਨੁੱਖ ਦੁਆਰਾ ਬਣਾਏ ਰੇਸ਼ੇ, ਸੰਪਰਕ ਅਤੇ ਅਸੰਪਰਕ ਬਲ, ਬਿਜਲਈ ਸੁਚਾਲਕ ਤੇ ਕੁਚਾਲਕ ਦ੍ਰਵ, ਪੌਦਾ ਸੈੱਲ ਅਤੇ ਜੰਤੂ ਸੈੱਲ, ਬੱਚੇ ਦੇਣ ਵਾਲੇ ਅਤੇ ਅੰਡੇ ਦੇਣ ਵਾਲੇ ਜੰਤੂ ਆਦਿ।
- ਪਦਾਰਥਾਂ ਅਤੇ ਸਜੀਵਾਂ ਦਾ ਉਹਨਾਂ ਦੇ ਗੁਣਾਂ/ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਵਰਗੀਕਰਨ ਕਰਨਾ ਜਿਵੇਂ ਕਿ ਧਾਤਾਂ ਤੇ ਅਧਾਤਾਂ, ਹਾੜ੍ਹੀ ਤੇ ਸਾਉਣੀ ਦੀਆਂ ਫਸਲਾਂ, ਲਾਭਦਾਇਕ ਤੇ ਹਾਨੀਕਾਰਕ ਸੂਖਮ ਜੀਵ, ਲਿੰਗੀ ਤੇ ਅਲਿੰਗੀ ਪ੍ਰਜਨਣ, ਖਗੋ-ਲੀ ਪਿੰਡ, ਮੁੱਕਣਯੋਗ ਤੇ ਨਾਮੁੱਕਣਯੋਗ ਕੁਦਰਤੀ ਸ੍ਰੋਤ ਆਦਿ।
- ਜਗਿਆਸਾ ਦੇ ਉੱਤਰ ਦੇਣ ਲਈ ਸਧਾਰਨ ਜਾਂਚ ਕਰਨਾ ਜਿਵੇਂ ਕਿ ਜਾਲਣ ਲਈ ਜ਼ਰੂਰੀ ਸ਼ਰਤਾਂ ਕੀ ਹਨ..? ਅਚਾਰ ਅਤੇ ਮੁਰੱਬੇ ਵਿੱਚ ਅਸੀਂ ਖੰਡ ਕਿਉਂ ਰਲਾਉਂਦੇ ਹਾਂ..? ਕੀ ਇਕੋ ਜਿਹੀ ਗਹਿਰਾਈ ਤੇ ਦ੍ਰਵ ਸਮਾਨ ਦਬਾਅ ਪਾਉਂਦੇ ਹਨ..?
- ਪ੍ਰਕਿਰਿਆਵਾਂ ਅਤੇ ਵਰਤਾਰਿਆਂ ਦਾ ਇਹਨਾਂ ਦੇ ਕਾਰਨਾਂ ਨਾਲ਼ ਸਬੰਧ ਸਥਾਪਤ ਕਰਨਾ ਜਿਵੇਂ ਕਿ ਪ੍ਰਦੂਸ਼ਕਾਂ ਦੀ ਮੌਜੂਦਗੀ ਹਵਾ ਵਿਚ ਕੋਹਰੇ ਦਾ ਬਣਨਾ, ਇਤਿਹਾਸਕ ਸਮਾਰਕਾਂ ਦਾ ਤੇਜ਼ਾਬੀ ਵਰਖਾ ਨਾਲ ਖੋਰਨ ਆਦਿ।
- ਪ੍ਰਕਿਰਿਆਵਾਂ ਅਤੇ ਵਰਤਾਰਿਆਂ ਦੀ ਵਿਆਖਿਆ ਜਿਵੇਂ ਕਿ ਮਨੁੱਖ ਅਤੇ ਜਾਨਵਰਾਂ ਵਿਚ ਪ੍ਰਜਨਣ, ਧੁਨੀ ਦਾ ਪੈਦਾ ਹੋਣਾ ਤੇ ਸੰਚਾਰ ਹੋਣਾ, ਬਿਜਲਈ ਧਾਰਾ ਦੇ ਰਸਾਇਣਕ ਪ੍ਰਭਾਵ, ਬਹੁ ਪ੍ਰਤੀਬਿੰਬਾਂ ਦਾ ਬਣਨਾ, ਲਾਟ ਦੀ ਬਨਾਵਟ ਆਦਿ।





- ਰਸਾਇਣਕ ਪ੍ਰਤੀਕਿਰਿਆਵਾਂ ਲਈ ਸ਼ਬਦੀ ਸਮੀਕਰਨਾਂ ਲਿਖਣਾ ਜਿਵੇਂ ਕਿ ਹਵਾ, ਪਾਣੀ ਤੇ ਤੇਜ਼ਾਬਾਂ ਨਾਲ਼ ਧਾਤਾਂ ਤੇ ਅਧਾਤਾਂ ਦੀ ਪ੍ਰਤੀ-ਕਿਰਿਆ ਆਦਿ।
- ਆਪਤਨ ਤੇ ਪਰਾਵਰਤਨ ਕੋਣਾਂ ਦਾ ਮਾਪਨ।
- ਸੂਖਮ ਜੀਵਾਂ, ਪਿਆਜ਼ ਦੇ ਛਿਲਕੇ, ਮਨੁੱਖੀ ਗੱਲ੍ਹ ਦੇ ਸੈੱਲ ਆਦਿ ਦੀਆਂ ਸਲਾਈਡਾਂ ਤਿਆਰ ਕਰਨਾ ਅਤੇ ਉਹਨਾਂ ਦੇ ਸੂਖਮ ਲੱਛਣਾਂ ਦੀ ਵਿਆਖਿਆ ਕਰਨਾ।
- ਲੇਬਲ ਕੀਤੇ ਚਿੱਤਰ ਅਤੇ ਪ੍ਰਵਾਹ ਚਿੱਤਰ ਬਣਾਉਣੇ ਜਿਵੇਂ ਕਿ ਸੈਲ ਦੀ ਬਨਾਵਟ, ਅੱਖ, ਮਨੁੱਖੀ ਜਨਣ ਅੰਗਾਂ ਦੀ ਬਨਾਵਟ ਤੇ ਪ੍ਰਯੋਗੀ ਢਾਂਚੇ ਆਦਿ।
- ਆਲੇ-ਦਾਆਲੇ ਦੀਆਂ ਵਸਤਾਂ ਦੇ ਮਾਡਲ ਤਿਆਰ ਕਰਨਾ ਅਤੇ ਇਹਨਾਂ ਦੀ ਕਾਰਜ ਵਿਧੀ ਦੀ ਵਿਆਖਿਆ ਕਰਨਾ ਜਿਵੇਂ ਕਿ ਇੱਕਤਾਰਾ, ਇਲੈਕਟਰੋਸਕੋਪ ਅਤੇ ਅੱਗ ਬੁਝਾਊ ਯੰਤਰ ਆਦਿ।
- ਰੋਜ਼ਾਨਾ ਜ਼ਿੰਦਗੀ ਵਿਚ ਵਿਗਿਆਨਕ ਸੰਕਲਪਾਂ ਦੀ ਜਾਣਕਾਰੀ ਦੀ ਵਰਤੋਂ ਜਿਵੇਂ ਕਿ ਪਾਣੀ ਦਾ ਸ਼ੁੱਧੀਕਰਨ, ਗਲਣਯੋਗ ਅਤੇ ਨਾਗਲਣਯੋਗ ਕਚਰੇ ਦਾ ਨਿਖੇੜਨ, ਫਸਲੀ ਪੈਦਾਵਾਰ ਨੂੰ ਵਧਾਉਣਾ, ਵੱਖ-ਵੱਖ ਮੰਤਵਾਂ ਲਈ ਢੁੱਕਵੀਆਂ ਧਾਤਾਂ ਅਤੇ ਅਧਾਤਾਂ ਦੀ ਵਰਤੋਂ,ਰਗੜ ਬਲ ਨੂੰ ਘਟਾਉਣਾ/ਵਧਾਉਣਾ, ਕਿਸ਼ੋਰ ਅਵਸਥਾ ਪ੍ਰਤੀ ਵਿਚਾਰਾਂ ਅਤੇ ਵਰਜਿਤ ਮਾਨਤਾਵਾਂ ਨੂੰ ਚੁਣੌਤੀ ਦੇਣਾ ਆਦਿ।
- ਵਿਗਿਆਨਿਕ ਖੋਜਾਂ ਦੀਆਂ ਕਹਾਣੀਆਂ ਨੂੰ ਵਿਚਾਰਨਾ ਅਤੇ ਉਹਨਾਂ ਦੀ ਪ੍ਰਸ਼ੰਸਾ ਕਰਨਾ।
- ਵਾਤਾਵਰਨ ਦੀ ਸੁਰੱਖਿਆ ਲਈ ਯਤਨ ਕਰਨਾ ਜਿਵੇਂ ਕਿ ਸਰੋਤਾਂ ਤੇ ਸਾਧਨਾਂ ਦੀ ਤਰਕਸੰਗਤ ਵਰਤੋਂ, ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਨਿਯੰਤਰਿਤ ਵਰਤੋਂ, ਵਾਤਾਵਰਨ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਢੰਗ ਤਰੀਕਿਆਂ ਬਾਰੇ ਸੁਝਾਅ ਦੇਣਾ।

- ਉਪਲਬਧ ਸਾਧਨਾਂ ਦੀ ਵਰਤੋਂ, ਇਹਨਾਂ ਦੀ ਯੋਜਨਾਬੰਦੀ ਅਤੇ ਪ੍ਰਬੰਧ ਸਮੇਂ ਰਚਨਾਤਮਿਕਤਾ ਵਿਖਾਉਣਾ ਆਦਿ।
- ਇਮਾਨਦਾਰੀ, ਨਿਰਪੱਖਤਾ, ਮਿਲਵਰਤਨ, ਡਰ ਤੇ ਪੱਖਪਾਤ ਤੋਂ ਮੁਕਤੀ ਵਰਗੀਆਂ ਕਦਰਾਂ ਕੀਮਤਾਂ ਦਾ ਪ੍ਰਦਰਸ਼ਨ ਆਦਿ।





# ਸਮਾਜਿਕ ਵਿਗਿਆਨ ਵਿੱਚ ਸਿੱਖਣ ਪ੍ਰਕਿਰਿਆ ਦੇ ਨਤੀਜੇ ਅੱਪਰ ਪ੍ਰਾਇਮਰੀ ਪੱਧਰ।

**ਜਾਣ ਪਛਾਣ**

ਅੱਪਰ ਪ੍ਰਾਇਮਰੀ ਪੱਧਰ ਉੱਪਰ ਸਮਾਜਿਕ ਵਿਗਿਆਨ ਦਾ ਉਦੇਸ਼ ਤੁਰੰਤ ਪ੍ਰਭਾਵੀ ਵਾਤਾਵਰਨ ਵਿੱਚ ਵੱਖ-ਵੱਖ ਵਰਤਾਰਿਆਂ ਨੂੰ ਵਿਸ਼ਲੇਸ਼ਣਾਤਮਕ ਪੱਧਰ ਉਪਰ ਸਮਝਣਾ ਹੁੰਦਾ ਹੈ। ਸਿੱਖਿਆਰਥੀ ਦੀ ਵੱਖਰੇ-ਵੱਖਰੇ ਲੋਕਾਂ ਅਤੇ ਵੱਖ-ਵੱਖ ਸਮਾਜਾਂ ਵਿੱਚ ਉਨ੍ਹਾਂ ਦੇ ਰਿਵਾਜਾਂ, ਖੇਤਰਾਂ ਅਤੇ ਸਮਾਜਾਂ ਵਿਚਲੇ ਸੱਭਿਆਚਾਰਾਂ ਨਾਲ਼ ਪਹਿਚਾਣ ਕਰਵਾਈ ਜਾਂਦੀ ਹੈ। ਹਮਦਰਦੀ, ਵਿਸ਼ਵਾਸ, ਸ਼ਾਂਤੀ, ਸਹਿਯੋਗ, ਸਮਾਜਿਕ ਨਿਆਂ, ਵਾਤਾਵਰਨ ਸੁਰੱਖਿਆ ਅਤੇ ਹੋਰ ਚਿੰਤਾਵਾਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨ ਵਿੱਚ ਸਮਾਜਿਕ ਵਿਗਿਆਨਾਂ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੈ।

ਇਸਦਾ ਵਿਕਾਸ ਵਿਆਕਤੀ ਦੇ ਆਪਣੇ ਸਮਾਜਿਕ ਵਾਤਾਵਰਨ, ਖ਼ੁਦ,ਪਰਿਵਾਰ ਦੇ ਨਾਲ਼ ਭੂਗੋਲਿਕ, ਇਤਿਹਾਸਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕਾਰਕਾਂ ਨਾਲ਼ ਕਿਰਿਆਵਾਂ ਕਰਕੇ ਹੁੰਦਾ ਹੈ। ਵਿਕਾਸ ਪ੍ਰਕਿਰਿਆ ਵਿੱਚ ਗਤੀਸ਼ੀਲਤਾ ਨਾਲ਼ ਸਿੱਖਿਆਰਥੀ ਨੂੰ ਜਾਣੂ ਕਰਵਾਉਣਾ ਜ਼ਰੂਰੀ ਹੈ ਤਾਂ ਕਿ ਉਹ ਸੁਤੰਤਰ ਰੂਪ ਨਾਲ਼ ਅਨੁਸ਼ਾਸਨਾਤਮਕ ਕਦਰਾਂ-ਕੀਮਤਾਂ ਅਤੇ ਅੰਤਰ ਸੰਬੰਧਿਤ ਅਨੁਸ਼ਾਸਨਾਂ ਨੂੰ ਸਮਝਣ ਲਈ ਲੋੜੀਂਦੀ ਚੇਤਨਤਾ ਦਾ ਵਿਕਾਸ ਕਰ ਸਕੇ।

## ਪਾਠਕ੍ਰਮਕ – ਉਮੀਦਾਂ

**ਇਹ ਉਮੀਦ ਕੀਤੀ ਜਾਂਦੀ ਹੈ ਕਿ ਸਿੱਖਿਆਰਥੀ ਅੱਪਰ-ਪ੍ਰਇਮਰੀ ਪੱਧਰ (ਅੱਠਵੀਂ ਜਮਾਤ) ਦੇ ਅੰਤ ਤੱਕ ਨਿਮਨਲਿਖਤ ਪਾਠਕ੍ਰਮਕ ਉਦੇਸ਼ਾਂ ਦੀ ਪੂਰਤੀ ਕਰ ਸਕਦਾ ਹੈ:**

- ਉਹ ਢੰਗ ਤਰੀਕੇ ਜਿਨ੍ਹਾਂ ਵਿੱਚ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਮੁੱਦੇ ਜੋ ਉਹਨਾਂ ਦੇ ਰੋਜ਼ਾਨਾ ਜੀਵਨ ਨੂੰ ਬਗੈਰ ਸਮੇਂ ਅਤੇ ਸਥਾਨ ਦੇ ਪ੍ਰਭਾਵਿਤ ਕਰਦੇ ਹਨ, ਨੂੰ ਪਹਿਚਾਨਣਾ।
- ਧਰਤੀ ਨੂੰ ਮਨੁੱਖੀ ਨਿਵਾਸ ਸਥਾਨ ਅਤੇ ਜੀਵਨ ਦੇ ਹੋਰ ਰੂਪਾਂ ਨੂੰ ਸਮਝਣਾ ।
- ਆਪਣੇ ਖੇਤਰ ਨੂੰ ਸਮਝਣਾ ਅਤੇ ਵੱਖ-ਵੱਖ ਖੇਤਰਾਂ (ਸਥਾਨਿਕ ਅਤੇ ਸੰਸਾਰਿਕ) ਦੀ ਆਪਸੀ ਨਿਰਭਰਤਾ ਦਾ ਅਹਿਸਾਸ ਕਰਵਾਉਣਾ।
- ਸੋਮਿਆਂ ਦੀ ਅੰਤਰ-ਸਬੰਧੀ ਵੰਡ ਅਤੇ ਉਹਨਾਂ ਦੀ ਸਾਂਭ-ਸੰਭਾਲ ਨੂੰ ਸਮਝਣਾ ।
- ਭਾਰਤੀ ਇਤਿਹਾਸ ਦੇ ਵੱਖ-ਵੱਖ ਪੜਾਵਾਂ ਵਿੱਚ ਇਤਿਹਾਸਿਕ ਪੜਾਵਾਂ ਨੂੰ ਸਮਝਣਾ ਅਤੇ ਵੱਖ-ਵੱਖ ਸੋਮਿਆਂ ਨੂੰ ਵਰਤ ਕੇ ਇਤਿਹਾਸਕਾਰ ਅਤੀਤ ਨੂੰ ਕਿਵੇਂ ਜਾਣਦੇ ਹਨ, ਦਾ ਵਿਸ਼ਲੇਸ਼ਣ ਕਰਨਾ।
- ਇੱਕ ਖੇਤਰ ਦੇ ਇਤਿਹਾਸਿਕ ਵਿਕਾਸ ਨੂੰ ਦੂਸਰੇ ਖੇਤਰ ਦੇ ਵਿਕਾਸ ਨਾਲ਼ ਜੋੜ ਕੇ ਇਤਿਹਾਸਿਕ ਭਿੰਨਤਾਵਾਂ ਨੂੰ ਸਮਝਣਾ।
- ਭਾਰਤੀ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਅਤੇ ਰੋਜ਼ਾਨਾ ਜੀਵਨ ਵਿੱਚ ਉਹਨਾਂ ਦੇ ਮਹੱਤਵ ਨੂੰ ਸਮਝਣਾ।
- ਸਥਾਨਿਕ, ਪ੍ਰਾਂਤਕ ਅਤੇ ਰਾਸ਼ਟਰੀ ਪੱਧਰ ਉਪਰ ਭਾਰਤੀ ਲੋਕਤੰਤਰ, ਇਸ ਦੀਆਂ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਦੇ ਕੰਮ ਕਾਰ ਦੀ ਸਮਝ ਹਾਸਲ ਕਰਨਾ।
- ਸੰਸਥਾਵਾਂ ਜਿਵੇਂ ਕਿ ਪਰਿਵਾਰ, ਬਾਜ਼ਾਰ ਅਤੇ ਸਰਕਾਰ ਦੀ ਸਮਾਜਿਕ, ਆਰਥਿਕ ਭੂਮਿਕਾ ਤੋਂ ਜਾਣੂ ਹੋਣਾ।
- ਰਾਜਨੀਤਿਕ, ਸੱਭਿਆਚਾਰਕ ਅਤੇ ਵਾਤਾਵਰਨਕ ਪ੍ਰਕਿਰਿਆਵਾਂ ਵਿੱਚ ਸਮਾਜ ਦੇ ਵੱਖ-ਵੱਖ ਅੰਗਾਂ ਦੇ ਸਹਿਯੋਗ ਨੂੰ ਪਹਿਚਾਨਣਾ।





## ਜਮਾਤ ਛੇਵੀਂ (ਸਮਾਜਿਕ ਵਿਗਿਆਨ)

### ਸੁਝਾਈ ਸਿਖਲਾਈ ਪ੍ਰਕਿਰਿਆ

**ਸਿੱਖਿਆਰਥੀ ਨੂੰ ਜੋੜਿਆਂ/ਸਮੂਹਾਂ/ ਵਿਅਕਤੀਗਤ ਰੂਪ ਵਿੱਚ ਮੌਕੇ ਪ੍ਰਦਾਨ ਕੀਤੇ ਜਾਣਗੇ ਅਤੇ ਉਤਸ਼ਾਹਿਤ ਕੀਤਾ ਜਾਵੇਗਾ:**

- ਰੇਖਾ ਚਿੱਤਰਾਂ, ਮਾਡਲਾਂ ਅਤੇ ਵੇਖਣ-ਪ੍ਰੇਖਣ ਸਮੱਗਰੀ ਨੂੰ ਵਰਤਣਾ ਅਤੇ ਧਰਤੀ ਦੀਆਂ ਗਤੀਆਂ ਨੂੰ ਸਮਝਣਾ।
- ਨਸ਼ੱਤਰੀ ਵਰਤਾਰੇ ਨੂੰ ਸਮਝਣ ਲਈ ਤਾਰਿਆਂ, ਗ੍ਰਹਿਆਂ,ਉਪਗ੍ਰਹਿਆਂ (ਚੰਦਰਮਾਂ), ਗ੍ਰਹਿਣ ਨੂੰ ਮਾਪਿਆਂ/ ਅਧਿਆਪਕਾਂ /ਵੱਡਿਆਂ ਦੀ ਅਗਵਾਈ ਵਿੱਚ ਵੇਖਣਾ।
- ਲੰਬਕਾਰ ਅਤੇ ਵਿਥਕਾਰ ਨੂੰ ਸਮਝਣ ਲਈ ਗਲੋਬ ਵਰਤਣਾ।
- ਥਲ ਮੰਡਲ, ਜਲ ਮੰਡਲ, ਵਾਯੂ ਮੰਡਲ ਅਤੇ ਜੀਵ ਮੰਡਲ ਨੂੰ ਸਮਝਣ ਲਈ ਰੇਖਾ ਚਿੱਤਰਾਂ ਦੀ ਵਰਤੋਂ ਕਰਨੀ।
- ਮਹਾਂਦੀਪਾਂ, ਮਹਾਂਸਾਗਰਾਂ, ਸਾਗਰਾਂ, ਭਾਰਤ ਦੇ ਰਾਜਾਂ / ਕੇਂਦਰੀ ਸ਼ਾਸ਼ਿਤ ਪ੍ਰਦੇਸਾਂ, ਭਾਰਤ ਅਤੇ ਇਸਦੇ ਗੁਆਂਢੀ ਦੇਸ਼ਾਂ , ਭਾਰਤ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਜਿਵੇਂ ਕਿ ਪਹਾੜਾਂ, ਪਠਾਰਾਂ, ਮੈਦਾਨਾਂ, ਮਾਰੂਥਲਾਂ, ਦਰਿਆਵਾਂ ਆਦਿ ਨੂੰ ਲੱਭਣ ਲਈ ਨਕਸ਼ਿਆਂ ਨੂੰ ਘੋਖਣਾ।
- ਗ੍ਰਹਿਣਾਂ ਨਾਲ਼ ਸਬੰਧਿਤ ਅੰਧ-ਵਿਸ਼ਵਾਸਾਂ ਤੇ ਵਿਚਾਰ ਚਰਚਾ ਕਰਨਾ।
- ਵੱਖ-ਵੱਖ ਪ੍ਰਕਾਰ ਦੇ ਸੋਮਿਆਂ ਨੂੰ ਪੜ੍ਹਨ, ਵਿਆਖਿਆ ਕਰਨ ਅਤੇ ਵਿਚਾਰ ਚਰਚਾ ਕਰਨ ਲਈ ਇਹਨਾਂ ਦੀਆਂ ਤਸਵੀਰਾਂ ਅਤੇ ਚਿੱਤਰਾਂ ਦੀ ਵਰਤੋਂ ਕਰਨੀ ਅਤੇ ਸਮਝਣਾ ਕਿ ਇਤਿਹਾਸਕਾਰਾਂ ਨੇ ਪ੍ਰਚੀਨ ਭਾਰਤੀ ਇਤਿਹਾਸ ਦਾ ਪੁਨਰ ਨਿਰਮਾਣ ਕਿਵੇਂ ਕੀਤਾ ਹੈ।

### ਸਿਖਲਾਈ ਦੇ ਨਤੀਜੇ

**ਸਿੱਖਿਆਰਥੀ**

- ਤਾਰਿਆਂ, ਗ੍ਰਹਿਆਂ ਅਤੇ ਉਪਗ੍ਰਹਿਆਂ ਜਿਵੇਂ ਕਿ ਸੂਰਜ, ਧਰਤੀ ਅਤੇ ਚੰਦਰਮਾ ਵਿੱਚ ਵੱਖਰੇਵਾਂ ਕਰਦਾ ਹੈ।
- ਜ਼ਿੰਦਗੀ ਦੀ ਹੋਂਦ ਕਰਕੇ ਧਰਤੀ ਨੂੰ ਵਿਸ਼ੇਸ਼ ਬ੍ਰਹਿਮੰਡੀ ਪਿੰਡ ਦੇ ਤੌਰ ਖਾਸ਼ ਕਰਕੇ ਜੀਵ ਮੰਡਲ ਦੇ ਸੰਦਰਭ ਵਿੱਚ ਪਹਿਚਾਣਦਾ ਹੈ।
- ਦਿਨ-ਰਾਤ ਅਤੇ ਮੌਸਮ ਦਰਸਾਉਂਦਾ ਹੈ।
- ਦੁਨੀਆਂ ਦੇ ਨਕਸ਼ੇ ਅਤੇ ਗਲੋਬ ਉਪਰ ਧੱਧਰੇ ਤਲ ਅਤੇ ਦਿਸ਼ਾਵਾਂ, ਮਹਾਂਦੀਪਾਂ ਅਤੇ ਸਾਗਰਾਂ ਨੂੰ ਲੱਭ ਸਕਦਾ ਹੈ।
- ਲੰਬਕਾਰਾਂ ਅਤੇ ਵਿਥਕਾਰਾਂ ਉਦਾਹਰਨ ਲਈ ਧਰੁਵਾਂ, ਭੂਮੱਧ ਰੇਖਾ, ਕਰਕ ਰੇਖਾ, ਮਕਰ ਰੇਖਾ ਅਤੇ ਭਾਰਤ ਦੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸਾਂ ਅਤੇ ਗੁਆਂਢੀ ਦੇਸਾਂ ਨੂੰ ਨਕਸ਼ੇ ਅਤੇ ਗਲੋਬ ਉਪਰ ਪਹਿਚਾਣਦਾ ਹੈ।
- ਭਾਰਤ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਜਿਵੇਂ ਪਹਾੜਾਂ, ਪਠਾਰਾਂ, ਮੈਦਾਨਾਂ, ਮਾਰੂਥਲਾਂ, ਦਰਿਆਵਾਂ ਆਦਿ ਨੂੰ ਭਾਰਤ ਦੇ ਨਕਸ਼ੇ ਤੇ ਪਹਿਚਾਣਦਾ ਹੈ।
- ਪਰੰਪਰਾਗਤ ਚਿੰਨ੍ਹਾਂ ਦੀ ਸਹਾਇਤਾ ਨਾਲ਼ ਪੈਮਾਨਾ, ਦਿਸ਼ਾਵਾਂ ਅਤੇ ਵਿਸ਼ੇਸ਼ਤਾਵਾਂ ਦਰਸਾਉਂਦੇ ਆਂਢ-ਗੁਆਂਢ ਦੇ ਨਕਸ਼ੇ ਤਿਆਰ ਕਰਦਾ ਹੈ।
- ਆਲੋਚਨਾਤਮਕ ਦ੍ਰਿਸ਼ਟੀ ਤੋਂ ਗ੍ਰਹਿਣ ਨਾਲ਼ ਜੁੜੇ ਅੰਧ ਵਿਸ਼ਵਾਸਾਂ ਦਾ ਨਿਰੀਖਣ ਕਰਦਾ ਹੈ।
- ਵਭਿੰਨ ਪ੍ਰਕਾਰ ਦੇ ਸਰੋਤਾਂ (ਪੁਰਾਤੱਤਵ ਅਤੇ ਸਾਹਿਤਕ ਆਦਿ) ਨੂੰ ਪਹਿਚਾਣਦਾ ਹੈ ਅਤੇ ਇਸ ਸਮੇਂ ਦੇ ਇਤਿਹਾਸ ਦੇ ਪੁਨਰ: ਨਿਰਮਾਣ ਵਿੱਚ ਇਹਨਾਂ ਦੀ ਵਰਤੋਂ ਦੀ ਵਿਆਖਿਆ ਕਰਦਾ ਹੈ।

- ਨਕਸ਼ਾ ਗਤੀਵਿਧੀ ਅਪਣਾਉਣਾ: ਮਹੱਤਵਪੂਰਨ ਸਥਾਨਾਂ ਨੂੰ ਲੱਭਣਾ, ਸ਼ਿਕਾਰੀ, ਭੋਜਨ ਇੱਕਠਾ ਕਰਨਾ, ਪੈਦਾ ਕਰਨਾ, ਹੜੱਪਾ ਸੱਭਿਅਤਾ, ਜਨਪਦਾਂ, ਮਹਾਂਜਨਪਦਾਂ, ਸਾਮਰਾਜਾਂ, ਮਹਾਤਮਾ ਬੁੱਧ ਅਤੇ ਮਹਾਂਵੀਰ ਦੇ ਜੀਵਨ ਨਾਲ਼ ਸੰਬੰਧਿਤ ਘਟਨਾਵਾਂ ਨਾਲ਼ ਸੰਬੰਧਿਤ ਸਥਾਨਾਂ, ਭਾਰਤ ਨਾਲ਼ ਸੰਬੰਧਿਤ ਭਾਰਤ ਤੋਂ ਬਾਹਰ ਕਲਾ ਅਤੇ ਭਵਨ ਨਿਰਮਾਣ ਕਲਾ ਦੇ ਕੇਂਦਰ।
- ਮਹਾਂਕਾਵਿ ਰਮਾਇਣ, ਮਹਾਭਾਰਤ, ਸਿਲਾਪੱਦੀਕਰਮ, ਮਨੀਮੀਕਲੱਈ ਅਤੇ ਕਾਲੀ ਦਾਸ ਦੀਆਂ ਹੋਰ ਮਹੱਤਵਪੂਰਨ ਕ੍ਰਿਤਾਂ ਦਾ ਅਧਿਐਨ ਕਰਨਾ ਆਦਿ।
- ਵਿਚਾਰ ਚਰਚਾ: ਮੁਢਲੇ ਸਿਧਾਂਤ, ਬੁੱਧਵਾਦ, ਜੈਨਵਾਦ ਅਤੇ ਹੋਰ ਸੋਚ ਪ੍ਰਬੰਧਾਂ ਦੀਆਂ ਕਦਰਾਂ-ਕੀਮਤਾਂ: ਉਹਨਾਂ ਦੀਆਂ ਸਿੱਖਿਆਵਾਂ ਦੀ ਅੱਜ ਸਾਰਥਿਕਤਾ , ਪ੍ਰਚੀਨ ਭਾਰਤ ਵਿੱਚ ਕਲਾ ਅਤੇ ਭਵਨ ਨਿਰਮਾਣ ਕਲਾ ਦਾ ਵਿਕਾਸ ਸੱਭਿਆਚਾਰਿਕ ਅਤੇ ਵਿਗਿਆਨਿਕ ਖੇਤਰ ਵਿੱਚ ਭਾਰਤ ਦਾ ਯੋਗਦਾਨ।
- ਨਾਟਕੀਕਰਨ: ਵੱਖ-ਵੱਖ ਇਤਿਹਾਸਕ ਥੀਮਜ਼ ਉੱਪਰ ਜਿਵੇਂ ਕਿ ਕਾਲਿੰਗਾ ਦੀ ਲੜਾਈ ਤੋਂ ਬਾਅਦ ਅਸ਼ੋਕ ਵਿੱਚ ਤਬਦੀਲੀ-ਉਸ ਸਮੇਂ ਦੇ ਸਾਹਿਤ ਵਿੱਚੋ ਕਿਸੇ ਇੱਕ ਘਟਨਾ/ ਘਟਨਾਕ੍ਰਮ ਉੱਪਰ।
- ਪ੍ਰੋਜੈਕਟਸ ਅਪਣਾਉਣਾ: ਰਾਜ ਦਾ ਵਿਕਾਸ ਗਨਾਂ ਅਤੇ ਸੰਘਾਂ ਦੀ ਕਾਰਜ ਸ਼ੈਲੀ, ਸੱਭਿਆਚਾਰ ਦੇ ਖੇਤਰ ਵਿੱਚ ਵੰਸ਼ਾਂ ਅਤੇ ਰਾਜਾਂ ਦਾ ਯੋਗਦਾਨ, ਭਾਰਤ ਦੇ ਭਾਰਤ ਤੋਂ ਬਾਹਰਲੇ ਖੇਤਰਾਂ ਨਾਲ਼ ਸਬੰਧ ਅਤੇ ਉਹਨਾਂ ਸਬੰਧਾਂ ਨੂੰ ਉਭਾਰ ਦੇ ਪ੍ਰਭਾਵ ਅਤੇ ਉਹਨਾਂ ਪ੍ਰੋਜੈਕਟਸ ਉੱਪਰ ਜਮਾਤ ਵਿੱਚ ਵਿਚਾਰ ਚਰਚਾ।
- ਅਜਾਇਬ ਘਰ ਜਾਣਾ: ਮੁੱਢਲੀਆਂ ਮਨੁੱਖੀ ਬਸ-ਤੀਆਂ (ਹੜੱਪਾ) ਦੇ ਅਵਸ਼ੇਸ਼ ਦੇਖਣ ਜਾਣਾ ਅਤੇ ਸੱਭਿਆਚਾਰ ਵਿੱਚ ਲਗਾਤਾਰਤਾ ਅਤੇ ਤਬਦੀਲੀ ਉਪਰ ਵਿਚਾਰ ਚਰਚਾ ਕਰਨੀ।
- ਭਾਰਤ ਦੇ ਖ਼ਾਕੇ ਤੇ ਮਹੱਤਵਪੂਰਨ ਇਤਿਹਾਸਿਕ ਦ੍ਰਿਸ਼, ਸਥਾਨ ਆਦਿ ਅੰਕਿਤ ਕਰ ਸਕਦਾ ਹੈ।
- ਮੁੱਢਲੇ ਮਨੁੱਖੀ ਸੱਭਿਆਚਾਰ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨੂੰ ਪਹਿਚਾਣਦਾ ਹੈ ਅਤੇ ਉਹਨਾਂ ਦੇ ਵਿਕਾਸ ਦੀ ਵਿਆਖਿਆ ਕਰਦਾ ਹੈ।
- ਮਹੱਤਵਪੂਰਨ ਰਾਜਾਂ ਅਤੇ ਵੰਸ਼ਾਂ ਦੇ ਯੋਗਦਾਨ ਦੀ ਸੂਚੀ ਉਦਾਹਰਨ ਸਹਿਤ ਤਿਆਰ ਕਰਦਾ ਹੈ ਜਿਵੇਂ ਅਸ਼ੋਕ ਦੇ ਸ਼ਿਲਾਲੇਖ, ਗੁਪਤਾ ਦੇ ਸਿੱਕੇ ਅਤੇ ਪੱਲਵਾਂ ਦੇ ਰੱਥ ਮੰਦਰ ਆਦਿ।
- ਪ੍ਰਚੀਨ ਸਮੇਂ ਦੌਰਾਨ ਮਹੱਤਵਪੂਰਨ ਵਿਕਾਸ ਤੋਂ ਭੋਜਨ ਇਕੱਠਾ ਕਰਨ ਦਾ ਪੜਾਅ, ਖੇਤੀਬਾੜੀ ਦੀ ਸ਼ੁਰੂਆਤ, ਸਿੰਧ ਘਾਟੀ ਵਿੱਚ ਪਹਿਲੇ ਸ਼ਹਿਰ ਆਦਿ ਦੀ ਵਿਆਖਿਆ ਕਰਦਾ ਹੈ ਅਤੇ ਇੱਕ ਜਗ੍ਹਾ ਦੇ ਵਿਕਾਸ ਨੂੰ ਦੂਸਰੀ ਜਗ੍ਹਾ ਦੇ ਵਿਕਾਸ ਨਾਲ਼ ਜੋੜਦਾ ਹੈ।
- ਧਰਮ, ਕਲਾ ਅਤੇ ਭਵਨ ਨਿਰਮਾਣ ਕਲਾ ਦੇ ਖੇਤਰ ਵਿੱਚ ਭਾਰਤ ਦੇ ਭਾਰਤ ਤੋਂ ਬਾਹਰਲੇ ਸੰਬੰਧਾਂ ਦੀ ਸਾਰਥਿਕਤਾ ਦੀ ਵਿਆਖਿਆ ਕਰਦਾ ਹੈ।
- ਕਲਾ ਅਤੇ ਵਿਗਿਆਨ ਜਿਵੇਂ ਕਿ ਨਛੱਤਰ ਵਿਗਿਆਨ, ਦਵਾਈਆਂ, ਗਣਿਤ ਅਤੇ ਧਾਤਾਂ ਦੇ ਗਿਆਨ ਆਦਿ ਦੇ ਸੰਬੰਧ ਵਿੱਚ ਭਾਰਤ ਦੀ ਮਹੱਤਵਪੂਰਨ ਦੇਣ ਦੀ ਸੂਚੀ ਤਿਆਰ ਕਰਦਾ ਹੈ।
- ਵਿਭਿੰਨ ਇਤਿਹਾਸਿਕ ਪੜਾਵਾਂ ਨਾਲ਼ ਸੰਬੰਧਤ ਸੂਚਨਾਵਾਂ ਦਾ ਸੰਸਲੇਸ਼ਣ ਕਰਦਾ ਹੈ।
- ਪ੍ਰਾਚੀਨ ਕਾਲ ਵਿੱਚ ਵੱਖ-ਵੱਖ ਧਰਮਾਂ ਅਤੇ ਸੋਚ ਪ੍ਰਬੰਧਾਂ ਦੇ ਮੁੱਢਲੇ ਵਿਚਾਰਾਂ ਅਤੇ ਕਦਰਾਂ-ਕੀਮਤਾਂ ਦਾ ਵਿਸ਼ਲੇਸ਼ਣ ਕਰਦਾ ਹੈ।
- ਆਪਣੇ ਆਲ਼ੇ-ਦੁਆਲ਼ੇ ਦੇ ਵਭਿੰਨ ਮਨੁੱਖੀ ਰੂਪਾਂ ਦੀ ਵਿਆਖਿਆ ਕਰਦਾ ਹੈ।
- ਆਪਣੇ ਆਲ਼ੇ-ਦੁਆਲ਼ੇ ਦੀਆਂ ਵਭਿੰਨ ਪ੍ਰਕਾਰ ਦੀਆਂ ਵਭਿੰਨਤਾਵਾਂ ਪ੍ਰਤੀ ਸਿਹਤਮੰਦ ਵਤੀਰਾ ਅਪਣਾਉਂਦਾ ਹੈ।





- ਵਿਭਿੰਨਤਾ, ਵਿਤਕਰਾ, ਸਰਕਾਰ ਅਤੇ ਉਪਜੀਵਕਾ ਧਾਰਨਾਵਾਂ ਉਪਰ ਵਿਚਾਰ ਚਰਚਾ ਵਿੱਚ ਭਾਗ ਲੈਣਾ।
- ਪਰਿਵਾਰ, ਸਕੂਲ, ਸਮਾਜ ਆਦਿ ਵਿੱਚ ਲੋਕਾਂ ਨਾਲ਼ ਹੁੰਦੇ ਠੀਕ/ ਗ਼ਲਤ ਵਿਵਹਾਰ ਦੀਆਂ ਉਦਹਾਰਨਾਂ ਨੂੰ ਵਾਚਣਾਂ ।
- ਪਾਠ ਪੁਸਤਕ ਵਿੱਚੋਂ ਪੜ੍ਹਨਾ ਅਤੇ ਗ੍ਰਾਮ ਪੰਚਾਇਤ ਜਾਂ ਮਿਉਂਸਪੈਲਟੀ/ ਕਾਰਪੋਰੇਸ਼ਨ ਦੀ ਸਿੱਧੀ ਕਾਰਜ ਪ੍ਰਕਿਰਿਆ ਨੂੰ ਵਾਚਣਾ (ਉਸ ਸਥਾਨ ਦੇ ਅਨੁਸਾਰ ਜਿੱਥੇ ਵਿਦਿਆਰਥੀ ਰਹਿੰਦਾ ਹੈ)।
- ਸਮਾਜ ਵਿੱਚ ਸਾਸ਼ਨ ਦੇ ਕੰਮ, ਪਰਿਵਾਰ ਅਤੇ ਪਿੰਡ/ ਸ਼ਹਿਰ ਦੇ ਕੰਮ ਵਿਚਲੇ ਫ਼ਰਕ ਨੂੰ ਸਮਝਣਾ।
- ਧੰਦਿਆਂ ਦੇ ਸੰਦਰਭ ਵਿੱਚ ਨੇੜਲੀਆਂ ਬਸਤੀਆਂ/ ਪਿੰਡਾਂ ਵਿਚਲੇ ਕੇਸਾਂ ਦਾ ਅਧਿਐਨ ਕਰਨਾ।
- ਵਿਤਕਰੇ ਦੀਆਂ ਵੱਖ-ਵੱਖ ਕਿਸਮਾਂ ਨੂੰ ਪਹਿਚਾਣਦਾ ਹੈ ਅਤੇ ਵਿਤਕਰੇ ਦੀ ਪ੍ਰਕਿਰਤੀ ਅਤੇ ਸੋਮਿਆਂ ਨੂੰ ਸਮਝਦਾ ਹੈ।
- ਸਿਹਤਮੰਦ ਢੰਗ ਨਾਲ਼ ਵਿਚਰਨ ਲਈ ਬਰਾਬਰੀ ਤੇ ਨਾ-ਬਰਾਬਰੀ ਦੇ ਵੱਖ-ਵੱਖ ਰੂਪਾਂ ਵਿੱਚ ਫ਼ਰਕ ਕਰਦਾ ਹੈ।
- ਸਰਕਾਰ ਦੇ ਵੱਖ-ਵੱਖ ਪੱਧਰ- ਸਥਾਨਕ ਸਰਕਾਰ, ਰਾਜ ਸਰਕਾਰ ਅਤੇ ਸੰਘੀ ਸਰਕਾਰ ਦੀ ਵਿਆਖਿਆ ਕਰਦਾ ਹੈ।
- ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਪੇਂਡੂ ਅਤੇ ਸ਼ਹਿਰੀ ਸਥਾਨਕ ਸਰਕਾਰ ਦੇ ਕੰਮਾਂ ਦਾ ਵਿਸ਼ਲੇਸ਼ਣ ਕਰਦਾ ਹੈ।
- ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਅਪਣਾਏ ਜਾਂਦੇ ਵੱਖ-ਵੱਖ ਧੰਦਿਆਂ ਦੀ ਉਪਲੱਬਧਤਾ ਲਈ ਜ਼ਿੰਮੇਵਾਰ ਕਾਰਕਾਂ ਦੀ ਵਿਆਖਿਆ ਕਰਦਾ ਹੈ।

## ਸੱਤਵੀਂ ਜਮਾਤ (ਸਮਾਜਿਕ ਵਿਗਿਆਨ)

### ਸੁਝਾਈ ਸਿਖਲਾਈ ਪ੍ਰਕਿਰਿਆ

**ਸਿੱਖਿਆਰਥੀ ਨੂੰ ਜੋੜਿਆਂ/ ਸਮੂਹਾਂ/ ਵਿਅਕਤੀਗਤ ਰੂਪ ਵਿੱਚ ਮੌਕੇ ਪ੍ਰਦਾਨ ਕੀਤੇ ਜਾਣਗੇ ਅਤੇ ਉਤਸ਼ਾਹਿਤ ਕੀਤਾ ਜਾਵੇਗਾ**

- ਮੁੱਢਲੀਆਂ ਧਾਰਨਾਵਾਂ ਜਿਵੇਂ ਕਿ ਪ੍ਰਸਥਿਤੀ ਪ੍ਰਬੰਧ, ਵਾਤਾਵਰਨ, ਆਫ਼ਤਾਂ, ਮੌਸਮ, ਜਲਵਾਯੂ, ਜਲਵਾਯੂ ਖੰਡ ਆਦਿ ਨਾਲ਼ ਅਰਥਪੂਰਨ ਵਿਆਖਿਆਵਾਂ ਅਤੇ ਯੋਗ ਸੋਮਿਆਂ ਰਾਹੀਂ ਜੁੜਨ ਲਈ ।
- ਵਾਤਾਵਰਨ ਦੇ ਵੱਖ-ਵੱਖ ਪਹਿਲੂਆਂ ਸਬੰਧੀ ਉਹਨਾਂ ਦੀ ਸਮਝ ਅਤੇ ਤਜ਼ਰਬੇ ਸਾਂਝੇ ਕਰਨਾ ਜਿਵੇਂ ਕਿ ਕੁਦਰਤੀ ਵਾਤਾਵਰਨ, ਮਨੁੱਖ ਸਿਰਜਤ ਵਾਤਾਵਰਨ ਦੇ ਤੱਤ, ਵੱਖ-ਵੱਖ ਪ੍ਰਸਥਿਤ ਪ੍ਰਬੰਧਾਂ ਅਤੇ ਜਲਵਾਯੂ ਖੰਡਾਂ ਵਿੱਚ ਬਨਸਪਤੀ ਅਤੇ ਜੀਵ ਜੰਤੂ, ਪ੍ਰਦੂਸ਼ਨ ਦੀਆਂ ਕਿਸਮਾਂ, ਉਹਨਾਂ ਦੇ ਆਲ਼ੇ- ਦੁਆਲ਼ੇ ਤਾਜ਼ੇ ਪਾਣੀ ਦੇ ਸੋਮੇ ਆਦਿ।
- ਇਤਿਹਾਸਿਕ ਸਥਾਨਾਂ/ ਰਾਜਾਂ ਜਲਵਾਯੂ ਖੰਡਾਂ ਅਤੇ ਹੋਰ ਸੋਮਿਆਂ ਦੀ ਪਹਿਚਾਣ ਲਈ ਗਲੋਬ ਅਤੇ ਨਕਸ਼ੇ ਦੇਖਣਾ।
- ਧਰਤੀ ਦੇ ਅੰਤਰੀਵ ਵੱਖ-ਵੱਖ ਪ੍ਰਕਾਰ ਦੇ ਭੂ-ਖੰਡਾਂ ਦੇ ਨਿਰਮਾਣ ਅਤੇ ਮਹਾਂਸਾਗਰੀ ਪਾਣੀ ਦੀਆਂ ਗਤੀਆਂ ਸਮਝਣ ਲਈ ਰੇਖਾ ਚਿੱਤਰਾਂ/ ਮਾਡਲਾਂ/ ਵੇਖਣ-ਪ੍ਰੇਖਣ ਸਮੱਗਰੀ ਵਰਤਣਾ।
- ਆਪਣੇ ਆਲ਼ੇ-ਦੁਆਲ਼ੇ ਦੇ ਖੇਤਰ ਵਿਚੋਂ ਵੱਖ-ਵੱਖ ਚਟਾਨਾਂ ਦੇ ਨਮੂੰਨੇ ਇੱਕਠੇ ਕਰਨਾ ਅਤੇ ਉਹਨਾਂ ਨੂੰ ਪਹਿਚਾਨਣਾ।
- ਭੂਚਾਲ ਅਤੇ ਹੋਰ ਆਫ਼ਤਾਂ ਲਈ ਨਕਲੀ ਅਭਿਆਸ ਵਿੱਚ ਭਾਗ ਲੈਣਾ।
- ਸੁਨਾਮੀ, ਹੜ੍ਹ, ਭੂਚਾਲ ਆਦਿ ਵਰਗੀਆਂ ਕੁਦਰਤੀ ਅਤੇ ਮਨੁੱਖੀ ਕਾਰਨਾਂ ਤੇ ਚਰਚਾ ਕਰਨਾ।
- ਸੰਸਾਰ ਦੇ ਵੱਖ-ਵੱਖ ਪ੍ਰਾਕ੍ਰਿਤਕ ਖੰਡਾਂ ਵਿੱਚ ਵੱਸਦੇ ਲੋਕਾਂ ਦੇ ਜੀਵਨ ਵਿਚਲੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ 'ਤੇ ਚਰਚਾ ਕਰਨਾ।
- ਕਿਤਾਬਾਂ ਵਿੱਚ ਮੌਜੂਦ ਵੱਖ-ਵੱਖ ਸੋਮਿਆਂ ਨੂੰ ਪਹਿਚਾਨਣਾ/ ਸਥਾਨਿਕ ਵਾਤਾਵਰਨ ਉਦਾਹਰਨ ਲਈ ਹੱਥ ਲਿਖਤਾਂ ਦੇ ਹਿੱਸੇ/ ਨਕਸ਼ੇ/ ਉਦਾਹਰਨਾਂ/ ਚਿੱਤਰ/ ਇਤਿਹਾਸਿਕ ਇਮਾਰਤਾਂ/ ਫਿਲਮਾਂ/ ਜੀਵਨੀ ਅਧਾਰਿਤ ਨਾਟਕ/ ਟੈਲੀਵੀਜ਼ਨ ਦੇ ਲੜੀਵਾਰ ਲੋਕ-ਨਾਟਕ ਅਤੇ ਸਮੇਂ ਨੂੰ ਸਮਝਣ ਲਈ ਇਹਨਾਂ ਨੂੰ ਪਰਿਭਾਸ਼ਿਤ ਕਰਨਾ।
- ਨਵੇਂ ਰਾਜ ਘਰਾਣਿਆਂ ਦੇ ਉਭਾਰ ਨਾਲ਼ ਜਾਣ-ਪਛਾਣ ਕਰਵਾਉਂਣਾ ਅਤੇ ਇਸ ਸਮੇਂ ਦੌਰਾਨ ਮਹੱਤਵਪੂਰਨ ਘਟਨਾਵਾਂ ਅੰਕਿਤ ਕਰਨ ਲਈ ਟਾਈਮ ਲਾਈਨ ਬਣਾਉਣਾ।
- ਦਿੱਤੇ ਗਏ ਇਤਿਹਾਸਿਕ ਸਮੇਂ ਦੀਆਂ ਮਹੱਤਵਪੂਰਨ ਘਟਨਾਵਾਂ/ ਵਿਅਕਤੀਆਂ ਜਿਵੇਂ ਕਿ ਰਜ਼ੀਆ ਸੁਲਤਾਨ/ ਅਕਬਰ ਆਦਿ ਦਾ ਨਾਟਕੀਕਰਨ ਕਰਨਾ।
- ਮੱਧ ਕਾਲ ਦੌਰਾਨ ਸਮਾਜ ਵਿਚਲੀਆਂ ਤਬਦੀਲੀਆਂ ਤੇ ਵਿਚਾਰ ਕਰਨਾ ਅਤੇ ਅਜੋਕੇ ਦੌਰ ਨਾਲ਼ ਤੁਲਣਾ ਕਰਨਾ।
- ਪ੍ਰੋਜੈਕਟ ਤਿਆਰ ਕਰਨਾ : ਦਿੱਤੇ ਸਮੇਂ ਦੇ ਰਾਜਵੰਸ਼ਾਂ/ ਰਾਜਾਂ/ ਪ੍ਰਸ਼ਾਸ਼ਨਿਕ ਸੁਧਾਰਾਂ ਅਤੇ ਭਵਨ ਨਿਰਮਾਣ ਕਲਾ ਦੀਆਂ ਮੁਹਾਰਤਾਂ ਜਿਵੇਂ ਕਿ ਖ਼ਿਲਜੀਆਂ, ਮੁਗਲਾਂ ਆਦਿ ਉਪਰ।
- ਭਗਤੀ ਜਾਂ ਸੂਫੀ ਸੰਤਾਂ ਨਾਲ਼ ਸਬੰਧਿਤ ਨੇੜੇ ਦੇ ਦਰਗਾਹ/ ਮੰਦਰ/ ਗੁਰੂਦੁਆਰੇ ਜਾਣਾ ਅਤੇ ਸੰਤਾਂ ਦੀਆਂ ਕਵਿਤਾਵਾਂ/ ਭਜਨਾਂ/ ਕੀਰਤਨ ਜਾਂ ਕਵਾਲੀਆਂ ਰਾਹੀਂ ਨਵੇਂ ਪੈਦਾ ਹੁੰਦੇ ਧਾਰਮਿਕ ਵਿਚਾਰਾਂ ਵਿੱਚ ਯੋਗਦਾਨ ਪਾਉਣ ਵਾਲੇ ਤੱਤਾਂ ਨਾਲ਼ ਜੋੜਨਾ ਅਤੇ ਵਭਿੰਨ ਧਰਮਾਂ ਦੇ ਮੁੱਢਲੇ ਸਿਧਾਤਾਂ ਤੇ ਵਿਚਾਰ ਚਰਚਾ ਕਰਨਾ।
- ਲੋਕਤੰਤਰ, ਸਮਾਨਤਾ, ਰਾਜ ਸਰਕਾਰ, ਲਿੰਗ, ਮੀਡੀਆ ਅਤੇ ਇਸ਼ਤਿਹਾਰਬਾਜੀ ਦੀਆਂ

### ਸਿਖਲਾਈ ਦੇ ਨਤੀਜੇ

**ਸਿੱਖਿਆਰਥੀ**

- ਰੇਖਾ ਚਿੱਤਰ ਵਿੱਚ ਧਰਤੀ ਦੇ ਅੰਤਰੀਵ ਨੂੰ ਮੁੱਖ ਪਰਤਾਂ, ਚਟਾਨਾਂ ਦੀਆਂ ਕਿਸਮਾਂ ਅਤੇ ਵਾਯੂ ਮੰਡਲ ਦੀਆਂ ਤੈਹਾਂ ਪਹਿਚਾਣਦਾ ਹੈ।
- ਦੁਨੀਆ ਦੇ ਨਕਸ਼ੇ ਜਾਂ ਗਲੋਬ ਉਪਰ ਵੱਖ-ਵੱਖ ਜਲਵਾਯੂ ਖੰਡਾਂ ਦਾ ਫੈਲਾਅ ਅਤੇ ਵੰਡ ਅੰਕਿਤ ਕਰਦਾ ਹੈ।
- ਹੜ੍ਹ, ਭੂਚਾਲ, ਸੋਕੇ ਵਰਗੀਆਂ ਆਫ਼ਤਾਂ ਸਮੇਂ ਬਚਾਅ ਕਾਰਜਾਂ ਦੀ ਵਿਆਖਿਆ ਕਰਦਾ ਹੈ।
- ਵੱਖ-ਵੱਖ ਕਾਰਕਾਂ / ਘਟਨਾਵਾਂ ਕਰਕੇ ਭੂ-ਖੰਡਾਂ ਦੀ ਬਣਤਰ ਦੀ ਵਿਆਖਿਆ ਕਰਦਾ ਹੈ।
- ਵਾਯੂਮੰਡਲ ਦੀ ਬਣਤਰ ਅਤੇ ਢਾਂਚੇ ਦੀ ਵਿਆਖਿਆ ਕਰਦਾ ਹੈ।
- ਵਾਤਾਵਰਨ ਦੇ ਵੱਖ-ਵੱਖ ਭਾਗਾਂ ਅਤੇ ਉਹਨਾਂ ਦੀ ਅੰਤਰ ਸੰਬੰਧਿਤਾ ਦੀ ਵਿਆਖਿਆ ਕਰਦਾ ਹੈ।
- ਆਪਣੇ ਆਲ਼ੇ-ਦੁਆਲ਼ੇ ਵਿੱਚ ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਾਲੇ ਕਾਰਕਾਂ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਇਹਨਾਂ ਨੂੰ ਰੋਕਣ ਵਾਲੇ ਉਪਾਅ ਜਾਣਦਾ ਹੈ।
- ਬਨਸਪਤੀ ਅਤੇ ਜੀਵ-ਜੰਤੂਆਂ ਵਿੱਚ ਭਿੰਨਤਾ ਪੈਦਾ ਕਰਨ ਵਾਲੇ ਕਾਰਕ ਜਿਵੇਂ ਜਲਵਾਯੂ, ਭੂ-ਖੰਡ ਸਬੰਧੀ ਤਰਕ ਦਿੰਦਾ ਹੈ।
- ਆਫ਼ਤਾਂ ਅਤੇ ਤਬਾਹੀਆਂ ਵੱਲ ਲੈ ਜਾਂਦੇ ਕਾਰਕਾਂ ਬਾਰੇ ਸੋਚਦਾ ਹੈ।
- ਪ੍ਰਾਕ੍ਰਿਤਕ ਸੋਮਿਆਂ - ਹਵਾ, ਪਾਣੀ, ਊਰਜਾ, ਜੀਵ-ਜੰਤੂ ਅਤੇ ਬਨਸਪਤੀ ਦੀ ਸੰਭਾਲ ਦੀ ਜ਼ਰੂਰਤ ਸੰਬੰਧੀ ਸੰਵੇਦਨਸ਼ੀਲਤਾ ਦਿਖਾਉਂਦਾ ਹੈ।
- ਜਲਵਾਯੂ ਖੰਡਾਂ ਅਤੇ ਵੱਖ-ਵੱਖ ਜਲਵਾਯੂ ਖੰਡਾਂ ਵਿੱਚ ਰਹਿ ਰਹੇ ਲੋਕਾਂ ਦੇ ਜੀਵਨ ਦਰਮਿਆਨ ਅੰਤਰ ਸੰਬੰਧਿਤਾ ਦਰਸਾਉਂਦਾ ਹੈ।
- ਵਿਸ਼ੇਸ਼ ਖੰਡਾਂ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦਾ ਵਿਸ਼ਲੇਸ਼ਣ ਕਰਦਾ ਹੈ।
- ਇਤਿਹਾਸ ਦੇ ਵਿਭਿੰਨ ਪੜਾਵਾਂ ਦੇ ਅਧਿਐਨ ਲਈ ਸੋਮਿਆਂ ਦੀਆਂ ਉਦਾਹਰਨਾਂ ਮੁਹੱਈਆਂ ਕਰਵਾਉਂਦਾ ਹੈ।
- ਮੱਧ ਕਾਲ ਵਿੱਚ ਇੱਕ ਸਥਾਨ ਉਪਰ ਹੋਈਆਂ ਮੁੱਖ ਇਤਿਹਾਸਿਕ ਘਟਨਾਵਾਂ ਨੂੰ ਦੂਸਰੇ ਸਥਾਨ ਨਾਲ਼ ਜੋੜਦਾ ਹੈ।
- ਰੋਜ਼ੀ-ਰੋਟੀ ਦੇ ਤਰੀਕਿਆਂ ਜਿਵੇਂ ਕਬੀਲੇ, ਘੁਮੱਕੜ, ਚਰਾਗਾਹੀ, ਵਣਜਾਰੇ ਆਦਿ ਦੀ ਭੂਗੋਲਿਕ ਹਾਲਤਾਂ ਨਾਲ਼ ਸੰਬੰਧਾਂ ਦੀ ਵਿਆਖਿਆ ਕਰਦਾ ਹੈ।
- ਮੱਧ ਕਾਲ ਦੌਰਾਨ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤਬਦੀਲੀਆਂ ਦਾ ਵਿਸ਼ਲੇਸ਼ਣ ਕਰਦਾ ਹੈ।
- ਵੱਖ-ਵੱਖ ਰਾਜਸ਼ਾਹੀਆਂ ਜਿਵੇਂ ਖਿਲਜੀ, ਤੁਗਲਕ, ਮੁਗਲਾਂ ਆਦਿ ਦੁਆਰਾ ਸੈਨਿਕ ਨਿਯੰਤਰਨ ਲਈ ਅਪਣਾਏ ਵੱਖ-ਵੱਖ ਉਪਾਵਾਂ ਅਤੇ ਰਣਨੀਤੀਆਂ ਦਾ ਵਿਸ਼ਲੇਸ਼ਣ ਕਰਦਾ ਹੈ।
- ਵੱਖ-ਵੱਖ ਸ਼ਾਸਕਾਂ ਦੀਆਂ ਨੀਤੀਆਂ ਵਿਚਕਾਰ ਤੁਲਨਾ ਕਰਦਾ ਹੈ।
- ਮੰਦਰਾਂ, ਮਸਜਿਦਾਂ, ਮਕਬਰਿਆਂ ਆਦਿ ਦੇ ਨਿਰਮਾਣ ਲਈ ਸ਼ੈਲੀਆਂ ਅਤੇ ਤਕਨੀਕ ਦੇ ਵਿਸ਼ੇਸ਼ ਵਿਕਾਸ ਦੀ ਵਿਆਖਿਆ ਕਰਦਾ ਹੈ।
- ਨਵੇਂ ਧਾਰਮਿਕ ਵਿਚਾਰਾਂ ਅਤੇ ਲਹਿਰਾਂ ( ਭਗਤੀ ਅਤੇ ਸੂਫੀ) ਦੇ ਉਭਾਰ ਲਿਆਉਣ ਵਿੱਚ ਸਹਾਈ ਕਾਰਕਾਂ ਦੀ ਵਿਆਖਿਆ ਕਰਦਾ ਹੈ।
- ਭਗਤੀ ਅਤੇ ਸੂਫੀ ਸੰਤਾਂ ਦੀ ਕਵਿਤਾ ਤੋਂ ਅਜੋਕੇ ਸਮਾਜਿਕ ਵਰਤਾਰੇ ਸਬੰਧੀ ਨਤੀਜੇ ਕੱਢਦਾ ਹੈ।
- ਲੋਕਤੰਤਰ ਵਿੱਚ ਸਮਾਨਤਾ ਦੀ ਮਹੱਤਤਾ ਦੀ ਵਿਆਖਿਆ ਕਰਦਾ ਹੈ।

ਧਾਰਨਾਵਾਂ ਉਪਰ ਵਿਚਾਰ ਚਰਚਾ ਵਿੱਚ ਭਾਗ ਲੈਣਾ।

- ਸੰਵਿਧਾਨ, ਪ੍ਰਸਤਾਵਨਾ, ਸਮਾਨਤਾ ਦਾ ਅਧਿਕਾਰ ਅਤੇ ਸਮਾਨਤਾ ਲਈ ਸੰਘਰਸ਼ ਆਦਿ ਦੇ ਮਹੱਤਵ ਉਪਰ ਚਿੱਤਰਾਂ ਅਤੇ ਤਸਵੀਰਾਂ ਨਾਲ਼ ਪੋਸਟਰ ਤਿਆਰ ਕਰਨੇ।
- ਰਾਜ/ ਕੇਂਦਰ ਸਾਸ਼ਿਤ ਪ੍ਰਦੇਸ ਦੇ ਵਿਧਾਨ ਸਭਾ ਹਲਕੇ ਦਾ ਨਕਸ਼ਾ ਘੋਖਣਾ।
- ਨਕਲੀ ਚੋਣਾਂ ਅਤੇ ਨੌਜਵਾਨ ਸਭਾ ਦਾ ਸੰਗਠਨ ਕਰਨਾ।
- ਸੰਚਾਰ ਮਾਧਿਅਮ ਦੇ ਕਿਰਦਾਰ ਬਾਰੇ ਬਹਿਸ ਕਰਵਾਉਣਾ।
- ਕਵਿਤਾਵਾਂ ਅਤੇ ਗੀਤਾਂ ਰਾਹੀਂ ਲੋਕਤੰਤਰ ਵਿੱਚ ਸਮਾਨਤਾ, ਲੜਕੀਆਂ ਨੂੰ ਦਰਪੇਸ਼ ਵਿਤਕਰਾ ਵਰਗੇ ਮੁੱਦਿਆਂ ਤੇ ਨਾਟਕ ਕਰਨਾ।
- ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਲੜਕੀਆਂ ਅਤੇ ਔਰਤਾਂ ਦੇ ਰਹਿਣ-ਸਹਿਣ ਦੇ ਪੱਧਰ ਉਪਰ ਵਿਆਖਿਆਤਮਕ ਅਤੇ ਆਲੋਚਨਾਤਮਕ ਲੇਖਾਂ ਰਾਹੀਂ ਵਿਚਾਰ ਪ੍ਰਗਟਾਉਣਾ।
- ਬਿਹਤਰ ਸਮਾਜ ਲਈ ਸਮਾਜ ਲਈ ਕੰਮ ਕਰ ਰਹੀਆਂ ਔਰਤਾਂ ਬਾਰੇ ਲਿਖਤੀ ਅਤੇ ਜ਼ੁਬਾਨੀ ਪੇਸ਼ਕਾਰੀ ਕਰਨਾ।
- ਖਾਸ਼ ਵਿਸ਼ਿਆਂ (ਜਿਵੇਂ ਸਿਹਤ, ਭੋਜਨ, ਖੇਤੀਬਾੜੀ, ਸੜਕਾਂ) ਉਪਰ ਸਰਕਾਰ ਦੁਆਰਾਂ ਕੀਤੇ ਜਾਂਦੇ ਕੰਮ ਅਤੇ ਵਿਧਾਨ ਸਭਾ ਮੈਂਬਰ ਦੁਆਰਾ ਆਪਣੇ ਹਲਕੇ ਦੇ ਹੱਥ ਵਿੱਚ ਲਏ ਜਨਤਕ ਕੰਮਾਂ ਦੀਆਂ ਅਖ਼ਬਾਰੀ ਖ਼ਬਰਾਂ ਦਾ ਕੋਲਾਜ ਬਣਾਉਣਾ।
- ਪ੍ਰੋਜੈਕਟ ਕਰਨੇ ( ਇੱਕਲੇ, ਜੋੜੇ ਜਾਂ ਸਮੂਹ): ਪਾਣੀ ਅਤੇ ਊਰਜਾ ਬਚਾਉਣ ਸਬੰਧੀ ਇਸ਼ਤਿਹਾਰ ਤਿਆਰ ਕਰਨੇ ਅਤੇ ਇਸ਼ਤਿਹਾਰਾਂ ਦੀਆਂ ਕਿਸਮਾਂ ਸਬੰਧੀ ।
- ਸਫ਼ਾਈ, ਜਨਤਕ ਸਿਹਤ ਅਤੇ ਸੜਕ ਸੁਰੱਖਿਆ ਸਬੰਧੀ ਆਪਣੀ ਅਬਾਦੀ ਵਿੱਚ ਚੇਤਨਾ ਮੁਹਿੰਮ ਦਾ ਪ੍ਰਬੰਧ ਕਰਨਾ।

- ਰਾਜਨੀਤਿਕ ਸਮਾਨਤਾ, ਆਰਥਿਕ ਸਮਾਨਤਾ ਅਤੇ ਸਮਾਜਿਕ ਸਮਾਨਤਾ ਵਿੱਚ ਭੇਦ ਕਰਦਾ ਹੈ।
- ਸਮਾਨਤਾ ਦੇ ਅਧਿਕਾਰ ਦੇ ਸੰਦਰਭ ਵਿੱਚ ਆਪਣੇ ਖੇਤਰ ਵਿੱਚ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਮੁੱਦਿਆਂ ਦੀ ਵਿਆਖਿਆ ਕਰਦਾ ਹੈ।
- ਸਥਾਨਕ ਸਰਕਾਰ ਅਤੇ ਰਾਜ ਸਰਕਾਰ ਵਿੱਚ ਭੇਦ ਕਰਦਾ ਹੈ।
- ਰਾਜ/ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਵਿਧਾਨ ਸਭਾ ਹਲਕਿਆਂ ਦੇ ਨਕਸ਼ੇ ਵਿੱਚ ਆਪਣਾ ਵਿਧਾਨ ਸਭਾ ਹਲਕਾ ਪਹਿਚਾਣਦਾ ਹੈ ਅਤੇ ਸਥਾਨਕ ਵਿਧਾਨ ਸਭਾ ਮੈਂਬਰ ਦਾ ਨਾਮ ਦੱਸਦਾ ਹੈ।
- ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਔਰਤਾਂ ਦੁਆਰਾ ਮਹਿਸੂਸ ਕੀਤੀਆਂ ਜਾਂਦੀਆਂ ਕਮੀਆਂ ਦੇ ਕਾਰਨਾਂ ਅਤੇ ਸਿੱਟਿਆਂ ਦਾ ਵਿਸ਼ਲੇਸ਼ਣ ਕਰਦਾ ਹੈ।
- ਭਾਰਤ ਦੇ ਵਿਭਿੰਨ ਖੇਤਰਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਵਾਲੀਆਂ ਔਰਤਾਂ ਨੂੰ ਪਹਿਚਾਣਦਾ ਹੈ।
- ਯੋਗ ਉਦਾਹਰਨਾਂ ਨਾਲ਼ ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਦੇ ਯੋਗਦਾਨ ਨੂੰ ਦਰਸਾਉਂਦਾ ਹੈ।
- ਅਖ਼ਬਾਰਾਂ ਵਿਚੋਂ ਉਦਾਹਰਨਾਂ ਦੇ ਸੰਚਾਰ ਸਾਧਨਾਂ ਦੀ ਕਾਰਜ ਸ਼ੈਲੀ ਦੀ ਵਿਆਖਿਆ ਕਰਦਾ ਹੈ।
- ਇਸ਼ਤਿਹਾਰਾਂ ਦਾ ਨਿਰਮਾਣ ਕਰਦਾ ਹੈ।
- ਬਾਜ਼ਾਰਾਂ ਦੀਆਂ ਵੱਖ-ਵੱਖ ਕਿਸਮਾਂ ਵਿੱਚ ਭੇਦ ਕਰਦਾ ਹੈ।
- ਵੱਖ ਵੱਖ ਬਾਜ਼ਾਰੀ ਪੜਾਵਾਂ ਵਿੱਚ ਵਸਤੂ ਦੀ ਯਾਤਰਾ ਨੂੰ ਦੇਖਦਾ ਹੈ।





- ਆਪਣੀ ਅਬਾਦੀ ਵਿੱਚ ਰਾਜ ਸਰਕਾਰ/ ਕੇਂਦਰ ਸ਼ਾਸਿਤ ਪ੍ਰਦੇਸ ਦੇ ਕਿਸੇ ਦਫ਼ਤਰ (ਜਿਵੇਂ ਬਿਜਲੀ ਦੇ ਬਿੱਲ ਸਬੰਧੀ ) ਜਾਣਾ, ਉਸਦੀ ਕਾਰਜ ਪ੍ਰਣਾਲੀ ਦੇਖਣਾ ਅਤੇ ਇੱਕ ਸੰਖੇਪ ਰਿਪੋਰਟ ਤਿਆਰ ਕਰਨੀ।
- ਸਥਾਨਿਕ ਬਾਜ਼ਾਰ ਅਤੇ ਸ਼ਾਪਿੰਗ ਕੋਪਲੈਕਸ ਸਬੰਧੀ ਦੌਰਿਆਂ ਰਾਹੀਂ ਅਧਿਐਨ ਅਤੇ ਪ੍ਰੋਜੈਕਟ ਬਣਾਉਣਾ।

## ਜਮਾਤ ਅੱਠਵੀਂ (ਸਮਾਜਿਕ ਵਿਗਿਆਨ)

### ਸੁਝਾਈ ਸਿਖਲਾਈ ਪ੍ਰਕਿਰਿਆ

**ਸਿੱਖਿਆਰਥੀ ਨੂੰ ਜੋੜਿਆਂ/ ਸਮੂਹਾਂ/ ਵਿਅਕਤੀਗਤ ਰੂਪ ਵਿੱਚ ਮੌਕੇ ਪ੍ਰਦਾਨ ਕੀਤੇ ਜਾਣਗੇ ਅਤੇ ਉਤਸ਼ਾਹਿਤ ਕੀਤਾ ਜਾਵੇਗਾ:**

- ਵੱਖ-ਵੱਖ ਕੁਦਰਤੀ ਸੋਮਿਆਂ ਜਿਵੇਂ ਭੂਮੀ, ਮਿੱਟੀ, ਪਾਣੀ, ਕੁਦਰਤੀ ਬਨਸਪਤੀ, ਜੰਗਲੀ ਜੀਵਨ, ਖਣਿਜ, ਸ਼ਕਤੀ ਸਾਧਨਾਂ ਦੀ ਵੰਡ ਅਤੇ ਆਪਣੇ ਵਾਤਾਵਰਨ ਵਿੱਚ ਉਦਯੋਗਾਂ ਸਬੰਧੀ ਜਾਣਕਾਰੀ ਇੱਕਠੀ ਕਰਦਾ ਹੈ ਅਤੇ ਉਸ ਨੂੰ ਭਾਰਤ ਅਤੇ ਵਿਸ਼ਵ ਨਾਲ਼ ਜੋੜ ਦਾ ਹੈ।
- ਗੁਆਂਢੀ ਜ਼ਿਲ੍ਹੇ/ ਰਾਜ ਵਿੱਚ ਵਰਤੇ ਜਾਂਦੇ ਖੇਤੀਬਾੜੀ ਦੇ ਢੰਗਾਂ ਦਾ ਅਧਿਐਨ ਕਰਦਾ ਹੈ।
- ਕੁਦਰਤੀ ਸੋਮਿਆਂ ਦੀ ਉਪਲੱਬਧੀ ਅਤੇ ਉਹਨਾਂ ਦੀ ਸੁਰੱਖਿਆ, ਦੂਸਰੇ ਰਾਜਾਂ/ਦੇਸ਼ਾਂ ਵਿੱਚ ਖੇਤੀਬਾੜੀ ਦੇ ਵੱਖ-ਵੱਖ ਢੰਗਾਂ ਸਬੰਧੀ ਜਾਣਨ ਲਈ ਤਸਵੀਰਾਂ/ ਖ਼ਬਰਾਂ ਦੇ ਹਿੱਸੇ/ ਵੀਡੀਓ ਦੀ ਵਰਤੋਂ ਕਰਦਾ ਹੈ।
- ਕੁਦਰਤੀ ਅਤੇ ਬਣਾਵਟੀ ਸੋਮਿਆਂ ਦੀ ਸੰਭਾਲ ਲਈ ਪ੍ਰੋਜੈਕਟ ਵਿਕਸਤ ਕਰਦਾ ਹੈ।
- ਜੰਗਲ ਦੀ ਅੱਗ, ਭੂ-ਖਿਸਕਣ, ਉਦਯੋਗਿਕ ਆਫਤਾਂ, ਕੁਦਰਤੀ ਅਤੇ ਬਣਾਵਟੀ ਘਟਨਾਵਾਂ

### ਸਿਖਲਾਈ ਦੇ ਨਤੀਜੇ

**ਸਿੱਖਿਆਰਥੀ:**

- ਕੱਚੇ ਮਾਲ, ਆਕਾਰ ਅਤੇ ਮਲਕੀਅਤ ਦੇ ਆਧਾਰ 'ਤੇ ਵੱਖ-ਵੱਖ ਪ੍ਰਕਾਰ ਦੇ ਉਦਯੋਗਾਂ ਵਿੱਚ ਅੰਤਰ ਕਰਦਾ ਹੈ।
- ਮੁੱਖ ਫਸਲਾਂ, ਖੇਤੀ ਦੀਆਂ ਕਿਸਮਾਂ ਅਤੇ ਆਪਣੇ ਇਲਾਕੇ ਵਿੱਚ ਖੇਤੀਬਾੜੀ ਦੇ ਢੰਗਾਂ ਦੀ ਵਿਆਖਿਆ ਕਰਦਾ ਹੈ।
- ਜਨਸੰਖਿਆ ਦੀ ਵੰਡ ਵਿੱਚ ਵਿਭਿੰਨਤਾ ਸੰਬੰਧੀ ਸੰਸਾਰ ਦੇ ਨਕਸ਼ੇ ਦੀ ਵਿਆਖਿਆ ਕਰਦਾ ਹੈ।
- ਜੰਗਲੀ ਅੱਗ, ਭੂ-ਖਿਸਕਣ, ਉਦਯੋਗ ਆਫ਼ਤਾਂ ਦੇ ਕਾਰਨ ਅਤੇ ਇਹਨਾਂ ਦੇ ਖ਼ਤਰੇ ਨੂੰ ਘੱਟ ਕਰਨ ਦੇ ਉਪਾਵਾਂ ਦੀ ਵਿਆਖਿਆ ਕਰਦਾ ਹੈ।
- ਦੁਨੀਆਂ ਦੇ ਨਕਸ਼ੇ ਤੇ ਵੱਖ-ਵੱਖ ਖਣਿਜ ਜਿਵੇਂ ਕੋਲਾ ਅਤੇ ਖਣਿਜ ਤੇਲ ਦੀ ਵੰਡ ਨੂੰ ਅੰਕਿਤ ਕਰਦਾ ਹੈ।
- ਧਰਤੀ ਉਪਰ ਕੁਦਰਤੀ ਅਤੇ ਬਣਾਵਟੀ ਸੋਮਿਆਂ ਦੀ ਵੰਡ ਵਿੱਚ ਵਭਿੰਨਤਾ ਦਾ ਵਿਸ਼ਲੇਸ਼ਣ ਕਰਦਾ ਹੈ।
- ਸਭ ਖੇਤਰਾਂ ਵਿੱਚ ਸਮਾਨ ਵਿਕਾਸ ਲਈ ਕੁਦਰਤੀ ਸੋਮਿਆਂ ਜਿਵੇਂ ਪਾਣੀ, ਮਿੱਟੀ, ਜੰਗਲ

ਦੇ ਕਾਰਨਾਂ ਤੇ ਉਪਾਵਾਂ ਸਬੰਧੀ ਗੰਭੀਰਤਾ ਨਾਲ਼ ਵਿਚਾਰ ਕਰਦਾ ਹੈ।

- ਦੁਨੀਆਂ ਦੇ ਮੁੱਖ ਖੇਤੀਬਾੜੀ ਖੇਤਰਾਂ, ਉਦਯੋਗਿਕ ਖੇਤਰਾਂ/ ਦੇਸਾਂ, ਜਨਸੰਖਿਆ ਦੀ ਵੰਡ ਨੂੰ ਸਮਝਦਾ ਹੈ ਅਤੇ ਅੰਕਿਤ ਕਰਨ ਲਈ ਐਟਲਸ/ ਨਕਸ਼ੇ ਵਰਤਦਾ ਹੈ।
- ਵਿਅਕਤੀਆਂ ਅਤੇ ਸਮਾਜਾਂ ਦੇ ਹੰਢਾਏ ਤਜ਼ਰਬਿਆਂ ਦੀਆਂ ਕਹਾਣੀਆਂ ਪੜ੍ਹਦਾ ਹੈ।
- ਘਟਨਾਵਾਂ ਅਤੇ ਪ੍ਰਕਿਰਿਆਵਾਂ ਨੂੰ ਸਮੂਹ ਵਿੱਚ ਅਤੇ ਕਲਾਸ ਰੂਮ ਸਥਿਤੀ ਵਿੱਚ ਇਕਾਈ ਦੇ ਤੌਰ 'ਤੇ ਵਿਚਾਰ ਕਰਦਾ ਹੈ।
- ਵੱਖ-ਵੱਖ ਮੁੱਦਿਆਂ ਤੇ ਪ੍ਰਸ਼ਨ ਉਠਾਉਂਦਾ ਹੈ; ਜਿਵੇਂ ਬਰਤਾਨਵੀ ਈਸਟ ਇੰਡੀਆਂ ਕੰਪਨੀ ਨੇ ਆਪਣੇ ਆਪ ਨੂੰ ਭਾਰਤੀ ਰਾਜਿਆਂ ਨਾਲ਼ ਲੰਬੇ ਸੰਘਰਸ਼ਾਂ ਵਿੱਚ ਉਲਝਾਉਣ ਦੀ ਲੋੜ ਕਿਉਂ ਮਹਿਸੂਸ ਕੀਤੀ।
- ਇਤਿਹਾਸਿਕ ਸਥਾਨਾਂ, ਵਿਸ਼ੇਸ਼ ਕਰਕੇ ਜਿਹੜੇ ਬਸਤੀਵਾਦੀ ਪ੍ਰਸ਼ਾਸਨ ਅਤੇ ਭਾਰਤੀ ਰਾਸ਼ਟਰੀ ਲਹਿਰ ਨਾਲ਼ ਸਬੰਧਿਤ ਰਹੇ ਹਨ, ਦਾ ਭ੍ਰਮਣ ਕਰਦਾ ਹੈ।
- ਪ੍ਰੋਜੈਕਟ ਅਤੇ ਗਤੀਵਿਧੀਆਂ ਅਪਣਾਉਂਦਾ ਹੈ ਜਿਵੇਂ
  - (ੳ) ਗਾਂਧੀ ਜੀ ਦੇ ਅਹਿੰਸਾ ਪ੍ਰਤੀ ਵਿਚਾਰ ਅਤੇ ਭਾਰਤੀ ਰਾਸ਼ਟਰੀ ਮੁਹਿੰਮ ਉਪਰ ਇਸ ਦਾ ਪ੍ਰਭਾਵ ਵਿਸ਼ੇ ਉਪਰ ਲੇਖ ਲਿਖੋ।
  - (ਅ) ਭਾਰਤੀ ਰਾਸ਼ਟਰੀ ਮੁਹਿੰਮ ਨਾਲ਼ ਸਬੰਧਿਤ ਮੁੱਖ ਘਟਨਾਵਾਂ ਦਰਸਾਉਂਦੀ ਟਾਈਮ ਲਾਈਨ ਤਿਆਰ ਕਰੋ।
  - (ੲ) ਚੋਰਾਂ-ਚੋਰੀ ਦੀ ਘਟਨਾ ਉਪਰ ਨਾਟਕ ਖੇਡੋ।
  - (ਸ) ਬਸਤੀਵਾਦੀ ਸ਼ਾਸਨ ਦੌਰਾਨ ਵਪਾਰਕ ਫਸਲਾਂ ਦੀ ਖੇਤੀ ਦੁਆਰਾ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਨੂੰ ਭਾਰਤ ਦੇ ਨਕਸ਼ੇ ਉਪਰ ਅੰਕਿਤ ਕਰੋ।

ਆਦਿ ਦੀ ਯੋਗ ਵਰਤੋਂ ਨੂੰ ਨਿਆਸੰਗਤ ਬਣ-ਾਉਂਦਾ ਹੈ।

- ਉਹਨਾਂ ਕਾਰਕਾਂ ਦਾ ਵਿਸ਼ਲੇਸ਼ਣ ਕਰਦਾ ਹੈ ਜਿੰਨ੍ਹਾਂ ਕਰਕੇ ਕੁਝ ਦੇਸ਼ ਪ੍ਰਮੁੱਖ ਫਸਲਾਂ ਦੇ ਉਤਪਾਦਨ ਲਈ ਜਾਣੇ ਜਾਂਦੇ ਹਨ ਅਤੇ ਉਹਨਾਂ ਦੇਸ਼ਾਂ ਦੀ ਸੰਸਾਰ ਦੇ ਨਕਸ਼ੇ ਉੱਪਰ ਪਹਿਚਾਣ ਕਰਦਾ ਹੈ।
- ਦੁਨੀਆਂ ਦੇ ਵੱਖ ਵੱਖ ਖੇਤਰਾਂ ਵਿੱਚ ਵਿਕਾਸ ਅਤੇ ਖੇਤੀਬਾੜੀ ਦੀਆਂ ਵੱਖ-ਵੱਖ ਕਿਸਮਾਂ ਵਿੱਚ ਅੰਤਰ ਸੰਬੰਧਿਤਾ ਸਾਹਮਣੇ ਲਿਆਉਂਦਾ ਹੈ।
- ਵੱਖ-ਵੱਖ ਦੇਸ਼ਾਂ/ ਭਾਰਤ/ ਰਾਜਾਂ ਦੀ ਜਨਸੰਖਿਆ ਦਿਖਾਉਣ ਲਈ ਚਿੱਤਰ ਬਣਾਉਂਦਾ ਹੈ।
- ਵਿਸ਼ੇਸ਼ ਵਿਕਾਸ ਅਤੇ ਭਾਰਤੀ ਉਪਮਹਾਂਦੀਪ ਦੇ ਵੱਖ-ਵੱਖ ਖੇਤਰਾਂ ਨਾਲ਼ ਸਬੰਧਿਤ ਨਾਵਾਂ ਅਤੇ ਹੋਰ ਸੋਮਿਆਂ ਦੀ ਵਰਤੋਂ ਕਰਕੇ ਆਧੁਨਿਕ ਕਾਲ ਨੂੰ ਮੱਧ ਕਾਲ ਅਤੇ ਪ੍ਰਚੀਨ ਕਾਲ ਨਾਲੋਂ ਨਿਖੇੜਦਾ ਹੈ।
- ਵਿਆਖਿਆ ਕਰਦਾ ਹੈ ਕਿ ਅੰਗਰੇਜ਼ੀ ਈਸਟ ਇੰਡੀਆ ਕੰਪਨੀ ਪ੍ਰਮੁੱਖ ਸ਼ਕਤੀ ਕਿਵੇਂ ਬਣ ਗਈ।
- ਬਸਤੀਵਾਦੀ ਖੇਤੀਬਾੜੀ ਨੀਤੀਆਂ ਨੇ ਵੱਖ-ਵੱਖ ਦੇਸ਼ਾਂ ਦੇ ਖੇਤਰਾਂ ਵਿੱਚ ਕਿਵੇਂ ਪ੍ਰਭਾਵ ਪਾਇਆ ਜਿਵੇਂ ਨੀਲ ਦਾ ਵਿਦਰੋਹ, ਦੀ ਵਿਆਖਿਆ ਕਰਦਾ ਹੈ।
- ਕਬਾਈਲੀ ਸਮਾਜਾਂ ਪ੍ਰਤੀ ਬਸਤੀਵਾਦੀ ਪ੍ਰਸ਼ਾਸਨਿਕ ਨੀਤੀਆਂ ਦੀ ਵਿਆਖਿਆ ਕਰਦਾ ਹੈ।
- 1857 ਦੇ ਵਿਦਰੋਹ ਦੇ ਸਰੋਤ, ਪ੍ਰਕਿਰਤੀ, ਫੈਲਾਅ ਅਤੇ ਇਸ ਤੋਂ ਸਿੱਖੇ ਗਏ ਸਬਕ ਦੀ ਵਿਆਖਿਆ ਕਰਦਾ ਹੈ।
- ਪੁਰਾਣੇ ਸ਼ਹਿਰੀ ਕੇਂਦਰ , ਹਸਤ ਕਲਾ ਉਦਯੋਗ ਦੇ ਪਤਨ ਅਤੇ ਬਸਤੀਵਾਦੀ ਸਮੇਂ ਦੌਰਾਨ ਨਵੇਂ ਸ਼ਹਿਰੀ ਕੇਂਦਰਾਂ ਅਤੇ ਉਦਯੋਗਾਂ ਦੇ ਵਿਕਾਸ ਦਾ ਵਿਸ਼ਲੇਸ਼ਣ ਕਰਦਾ ਹੈ।
- ਭਾਰਤ ਵਿੱਚ ਨਵੇਂ ਸਿੱਖਿਆ ਪ੍ਰਬੰਧ ਦੇ ਸੰ-





- ਵੱਖ-ਵੱਖ ਇਤਿਹਾਸਿਕ ਲਹਿਰਾਂ ਨੂੰ ਸਮਝਣ ਅਤੇ ਉਹਨਾਂ ਦੇ ਇਤਿਹਾਸ ਨੂੰ ਦੁਬਾਰਾ ਸਿਰਜਣ ਲਈ ਦੇਸੀ ਅਤੇ ਬਰਤਾਨਵੀਂ ਹਵਾਲੇ, ਸ੍ਵੈਜੀਵਨੀਆਂ, ਜੀਵਨੀਆਂ, ਨਾਵਲ, ਚਿੱਤਰ, ਤਸਵੀਰਾਂ, ਫਿਲਮਾਂ, ਡਾਕੂਮੈਂਟਰੀਆਂ ਆਦਿ ਨਾਲ਼ ਨੇੜਤਾ ਕਾਇਮ ਕਰਦਾ ਹੈ।
- ਖ਼ੁਦ ਦੇ ਮੁਲਾਂਕਣ ਲਈ ਸਿੱਖਣ ਦੀ ਪ੍ਰਕਿਰਿਆਂ ਦੇ ਮਾਪਦੰਡਾਂ ਅਤੇ ਨਵੇਂ ਢੰਗ ਤਰੀਕਿਆਂ ਨਾਲ਼ ਸੰਬੰਧਿਤ ਪ੍ਰਸ਼ਨਾਂ ਨੂੰ ਉਜਾਗਰ ਕਰਦਾ ਹੈ ਜਿਵੇਂ ਪਲਾਸੀ ਦੀ ਲੜਾਈ ਦੇ ਕੀ ਕਾਰਨ ਸਨ ?
- ਸੰਵਿਧਾਨ, ਸੰਸਦ, ਨਿਆਪਾਲਿਕਾ ਅਤੇ ਹੱਕਾਂ ਤੋਂ ਵਾਂਝੇ ਹੋਣਾ ਆਦਿ ਧਾਰਨਾਵਾਂ ਉਪਰ ਚਰਚਾਵਾਂ ਵਿੱਚ ਭਾਗ ਲੈਂਦਾ ਹੈ।
- ਭਾਰਤ ਦਾ ਸੰਵਿਧਾਨ, ਪ੍ਰਸਤਾਵਨਾ, ਸੰਸਦੀ ਸਰਕਾਰ, ਸਕਤੀਆਂ ਦੀ ਵੰਡ, ਸੰਘਵਾਦ ਆਦਿ ਦੇ ਮਹੱਤਵ ਉਪਰ ਤਸਵੀਰਾਂ ਅਤੇ ਚਿੱਤਰਾਂ ਨਾਲ਼ ਪੋਸਟਰ ਤਿਆਰ ਕਰਦਾ ਹੈ ਅਤੇ ਜ਼ੁਬਾਨੀ ਅਤੇ ਲਿਖਤੀ ਪੇਸ਼ਕਾਰੀਆਂ ਦਿੰਦਾ ਹੈ।
- ਸੁਤੰਰਤਾ, ਸਮਾਨਤਾ ਅਤੇ ਭਰਾਤਰੀਵਾਦ ਦੇ ਸਿਧਾਂਤ ਜਮਾਤ/ ਸਕੂਲ/ ਘਰ/ ਸਮਾਜ ਵਿੱਚ ਕਿਵੇਂ ਅਪਣਾਏ ਜਾਂਦੇ ਹਨ ਉੱਪਰ ਬਹਿਸ ਕਰਦਾ ਹੈ।
- ਮੁੱਢਲੇ ਅਧਿਕਾਰਾਂ ਅਤੇ ਮੁੱਢਲੇ ਕਰਤਵਾਂ ਨਾਲ਼ ਸੰਬੰਧਿਤ ਪ੍ਰੋਜੈਕਟ (ਇੱਕਲੇ/ ਸਮੂਹ/ ਜੋੜੇ ਵਿੱਚ) ਕਰਦਾ ਹੈ।
- ਰਾਜ ਸਭਾ ਟੀ.ਵੀ. ਸੀਰੀਅਲਜ਼ ਅਤੇ ਫਿਲਮਾਂ ਜਿਵੇਂ ਕਿ ਗਾਂਧੀ, ਸਰਦਾਰ, ਡਾ. ਬਾਬਾ ਸਾਹਿਬ ਅੰਬੇਦਕਰ ਦੇਖਦਾ ਹੈ ਅਤੇ ਵਿਚਾਰ ਚਰਚਾ ਕਰਦਾ ਹੈ।
- ਰਾਜ/ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਸੰਸਦੀ ਹਲਕੇ ਦਾ ਨਕਸ਼ਾ ਦੇਖਦਾ ਹੈ।
- ਆਧੁਨਿਕ ਅਚਾਰ ਸੰਹਿਤਾ ਨਾਲ਼ ਯੁਵਾ ਸੰਸਦ (ਬਾਲ ਸੰਸਦ) ਲਈ ਚੋਣਾਂ ਦਾ ਪ੍ਰਬੰਧ ਕਰਦਾ ਹੈ।
- ਆਪਣੇ ਗੁਆਂਢ ਵਿੱਚ ਦਰਜ਼ ਵੋਟਰਾਂ ਦੀ ਲਿਸਟ

ਸਥੀਕਰਨ ਦੀ ਵਿਆਖਿਆ ਕਰਦਾ ਹੈ ।

- ਆਧੁਨਿਕ ਦੌਰ ਵਿੱਚ ਕਲਾ ਦੇ ਖੇਤਰ ਵਿੱਚ ਹੋਏ ਵਿਕਾਸ ਨੂੰ ਅੰਕਿਤ ਕਰਦਾ ਹੈ।
- 1870 ਤੋਂ ਆਜ਼ਾਦੀ ਤੱਕ ਭਾਰਤੀ ਰਾਸ਼ਟਰੀ ਲਹਿਰ ਦੇ ਸਫ਼ਰ ਨੂੰ ਅੰਕਿਤ ਕਰਦਾ ਹੈ।
- ਕੌਮੀ ਨਿਰਮਾਣ ਦੀ ਪ੍ਰਕਿਰਿਆ ਵਿੱਚ ਮਹੱਤਵਪੂਰਣ ਪੜਾਵਾਂ ਦਾ ਵਿਸ਼ਲੇਸ਼ਣ ਕਰਦਾ ਹੈ।
- ਯੋਗ ਉਦਾਹਰਨਾ ਸਹਿਤ ਮੁੱਢਲੇ ਅਧਿਕਾਰਾਂ ਅਤੇ ਮੁੱਢਲੇ ਕਰਤਵਾਂ ਨੂੰ ਪੇਸ਼ ਕਰਦਾ ਹੈ।
- ਦਿੱਤੀ ਪ੍ਰਸਥਿਤੀ ( ਉਦਾਹਰਨ ਲਈ ਬੱਚਿਆਂ ਦੇ ਹੱਕ) ਵਿੱਚ ਮੁੱਢਲੇ ਅਧਿਕਾਰਾਂ ਦੇ ਗਿਆਨ ਨੂੰ ਉਹਨਾਂ ਦੀ ਉਲੰਘਣਾਂ, ਸੁਰੱਖਿਆ ਅਤੇ ਤਰੱਕੀ ਵਿੱਚ ਲਾਗੂ ਕਰਦਾ ਹੈ।
- ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਦੀ ਵਿਆਖਿਆ ਕਰਦਾ ਹੈ।
- ਰਾਜ/ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਲੋਕ ਸਭਾ ਚੋਣ ਹਲਕਿਆਂ ਵਿੱਚੋਂ ਆਪਣਾ ਹਲਕਾ ਅੰਕਿਤ ਕਰਦਾ ਹੈ ਅਤੇ ਸਥਾਨਕ ਲੋਕ ਸਭਾ ਮੈਂਬਰ ਦਾ ਨਾਮ ਦੱਸਦਾ ਹੈ।
- ਕਾਨੂੰਨ ਬਣਾਉਣ ਦੀ ਪ੍ਰਕਿਰਿਆ ਦੀ ਵਿਆਖਿਆ ਕਰਦਾ ਹੈ।( ਜਿਵੇਂ ਘਰੇਲੂ ਹਿੰਸਾ ਸਬੰਧੀ ਕਾਨੂੰਨ, ਆਰ.ਟੀ.ਆਈ.ਕਾਨੂੰਨ, ਆਰ.ਟੀ.ਈ ਕਾਨੂੰਨ)।
- ਕੁਝ ਵਿਸ਼ੇਸ਼ ਖੇਤਰ ਦੀ ਉਦਾਹਰਨਾਂ ਨਾਲ਼ ਭਾਰਤ ਵਿੱਚ ਨਿਆਂ ਪ੍ਰਬੰਧ ਦੀ ਪ੍ਰਕਿਰਿਆ ਦੀ ਵਿਆਖਿਆ ਕਰਦਾ ਹੈ।
- ਮੁੱਢਲੀ ਸੂਚਨਾ ਰਿਪੋਰਟ (ਐਫ.ਆਈ.ਆਰ) ਨੂੰ ਕਿਵੇਂ ਦਰਜ਼ ਕੀਤਾ ਜਾਂਦਾ ਹੈ ?
- ਆਪਣੇ ਖੇਤਰ ਦੇ ਹੀਣੇ ਲੋਕਾਂ ਨੂੰ ਹੱਕਾਂ ਤੋਂ ਵਾਂਝੇ ਰੱਖੇ ਜਾਣ ਦੇ ਕਾਰਨਾਂ ਅਤੇ ਸਿੱਟਿਆ ਦਾ ਵਿਸ਼ਲੇਸ਼ਣ ਕਰਦਾ ਹੈ।
- ਪਾਣੀ, ਸਫ਼ਾਈ, ਸੜਕਾਂ, ਬਿਜਲੀ ਆਦਿ

ਤਿਆਰ ਕਰਦਾ ਹੈ।

- ਵੋਟਾਂ ਪਾਉਣ ਦੇ ਮਹੱਤਵ ਉਪਰ ਆਪਦੇ ਇਲਾਕੇ ਵਿੱਚ ਚੇਤਨਾ ਮੁਹਿੰਮ ਚਲਾਉਂਦਾ ਹੈ।
- ਆਪਣੇ ਇਲਾਕੇ ਦੇ ਸੰਸਦ ਮੈਂਬਰ ਦੁਆਰਾ ਜਨਤਕ ਕੰਮਾਂ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ।
- ਪਹਿਲੀ ਸੂਚਨਾ ਰਿਪੋਰਟ ( ਐੱਫ.ਆਈ.ਆਰ) ਦੇ ਫਾਰਮ ਦੇ ਤੱਤਾਂ ਨੂੰ ਘੋਖਦਾ ਹੈ।
- ਮੁਕੱਦਮੇਬਾਜਾਂ ਨੂੰ ਨਿਆਂ ਦੇ ਸਬੰਧੀ ਜੱਜਾਂ ਦੀ ਭੂਮਿਕਾ ਉਪਰ ਆਲੋਚਨਾਤਮਕ ਅਤੇ ਵਿਆਖਿਆਤਮਕ ਲਿਖਤਾਂ ਰਾਹੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ।
- ਮਨੁੱਖੀ ਅਧਿਕਾਰਾਂ ਖਾਸ ਕਰਕੇ ਔਰਤਾਂ, ਪੱਛੜੀਆਂ ਸ਼੍ਰੇਣੀਆਂ, ਪੱਛੜੇ ਕਬੀਲਿਆਂ, ਧਾਰਮਿਕ ਅਤੇ ਭਾਸ਼ਾਈ ਘੱਟ ਗਿਣਤੀਆਂ / ਅਪੰਗ ਵਿਅਕਤੀਆਂ ਜਾਂ ਵਿਸ਼ੇਸ਼ ਲੋੜਾਂ ਵਾਲਿਆਂ ਬੱਚਿਆਂ,ਸਫਾਈ ਕਰਮਚਾਰੀਆਂ ਅਤੇ ਹੋਰ ਦੱਬੇ ਕੁਚਲੇ ਵਰਗਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਸੁਰੱਖਿਆ ਅਤੇ ਉਤਸ਼ਾਹਿਤ ਕਰਨ ਲਈ ਸਮੂਹਿਕ ਵਿਚਾਰ ਚਰਚਾ ਦਾ ਪ੍ਰਬੰਧ ਕਰਦਾ ਹੈ।
- 'ਮੈ ਕਲਾਮ ਹਾਂ' ਹਿੰਦੀ ਫਿਲਮ ਦੇਖਦਾ ਹੈ ਅਤੇ ਵਿਚਾਰ ਚਰਚਾ ਕਰਦਾ ਹੈ।
- ਬਾਲ ਮਜ਼ਦੂਰੀ, ਬਾਲ ਅਧਿਕਾਰ ਅਤੇ ਭਾਰਤ ਵਿੱਚ ਅਪਰਾਧਿਕ ਨਿਆਂ ਪ੍ਰਬੰਧ ਸਬੰਧੀ ਨਾਟਕ ਖੇਡਦਾ ਹੈ।
- ਆਪਣੇ ਇਲਾਕੇ ਦੇ ਸੰਘੀ ਸਰਕਾਰ ਦੇ ਕਿਸੇ ਦਫ਼ਤਰ ( ਉਦਾਹਰਨ ਲਈ ਡਾਕਘਰ) ਜਾਂਦਾ ਹੈ ਅਤੇ ਇਸਦੀ ਕਾਰਜ ਪ੍ਰਕਿਰਿਆ ਦੇਖਦਾ ਹੈ ਅਤੇ ਇਸ ਸਬੰਧੀ ਇੱਕ ਸੰਖੇਪ ਰਿਪੋਰਟ ਤਿਆਰ ਕਰਦਾ ਹੈ।
- ਜਨਤਕ ਸਹੂਲਤਾਂ ਅਤੇ ਪਾਣੀ, ਬਿਜਲੀ, ਸਫ਼ਾਈ ਦੀ ਉਪਲੱਬਧੀ ਵਿੱਚ ਭਿੰਨਤਾ ਦੇ ਕਾਰਨਾਂ ਸਬੰਧੀ ਗੰਭੀਰਤਾ ਨਾਲ਼ ਆਪਣੇ ਵਿਚਾਰ ਸਾਂਝੇ ਕਰਦਾ ਹੈ।

ਜਨਤਕ ਸਹੂਲਤਾਂ ਦੇ ਪ੍ਰਦਾਨ ਕਰਨ ਵਿੱਚ ਸਰਕਾਰ ਦੀ ਭੂਮਿਕਾ ਨੂੰ ਪਹਿਚਾਣਦਾ ਹੈ ਅਤੇ ਇਹਨਾਂ ਦੀ ਉਪਲਬਧਤਾ ਨੂੰ ਵਾਚਦਾ ਹੈ।

- ਆਰਥਿਕ ਗਤੀਵਿਧੀਆਂ ਨੂੰ ਨਿਯੰਤਰਿਤ ਕਰਨ ਵਿੱਚ ਸਰਕਾਰ ਦੀ ਭੂਮਿਕਾ ਦੀ ਵਿਆਖਿਆ ਕਰਦਾ ਹੈ।





- ਜਨਤਕ ਸਹੂਲਤਾਂ ਲਈ ਸਰਕਾਰ ਕਿਉਂ ਜ਼ਿੰਮੇਵਾਰ ਹੈ ਵਿਸ਼ੇ ਉੱਪਰ ਭਾਸ਼ਣ ਪ੍ਰਤੀਯੋਗਤਾ ਦਾ ਪ੍ਰਬੰਧ ਕਰਦਾ ਹੈ।
- ਕਾਨੂੰਨ ਨੂੰ ਲਾਗੂ ਕਰਨ ਅਤੇ ਮੁਆਵਜਾ ਦੇਣ ਵਿੱਚ ਕੁਤਾਹੀਆਂ ਦੀ ਉਦਾਹਰਨ ਦੇਣ ਲਈ ਸਿੱਖਿਆਰਥੀਆਂ ਨੂੰ ਕੇਸ ਅਧਿਐਨ ਜਾਂ ਅਖ਼ਬਾਰੀ ਖ਼ਬਰਾਂ ਦੇ ਟੁੱਕੜੇ ਦਿੱਤੇ ਜਾ ਸਕਦੇ ਹਨ।
- ਆਰਥਿਕ ਗਤੀਵਿਧੀਆਂ ਨੂੰ ਨਿਯਮਤ ਕਰਨ ਵਿੱਚ ਸਰਕਾਰ ਦੀ ਭੂਮਿਕਾ ਜਿਵੇਂ ਭੋਪਾਲ ਗੈਸ ਕਾਂਡ ਦੇ ਕਾਰਨਾਂ ਦਾ ਵਿਸ਼ਲੇਸ਼ਣ ਉੱਪਰ ਸਮੂਹਿਕ ਵਿਚਾਰ ਚਰਚਾ ਕਰਵਾਉਣਾ।

## ਵਿਸ਼ੇਸ ਲੋੜਾਂ ਵਾਲੇ ਬੱਚਿਆਂ ਲਈ (ਸਮਾਜ ਵਿਗਿਆਨ)

- ਵਾਤਾਵਰਨ ਸਿੱਖਿਆ ਅਤੇ ਸਮਾਜਿਕ ਵਿਗਿਆਨ ਵਿੱਚ ਸਿਖਲਾਈ ਨਤੀਜੇ ਪ੍ਰਾਪਤ ਕਰਨ ਲਈ ਕੁਝ ਵਿਦਿਆਰਥੀਆਂ ਨੂੰ ਪਾਠ ਪੁਸਤਕ ਤੱਕ ਪਹੁੰਚਣ ਨਾਲ਼ ਪਹਿਲਾਂ ਤਿਆਰ ਟੋਪਪਿਕਸ, ਟਾਕਿੰਗ ਬੁੱਕਸ/ ਡੇਅਲੀ ਬੁੱਕਸ ਦੀ ਸਹਾਇਤਾ ਦੀ ਲੋੜ ਹੋ ਸਕਦੀ ਹੈ, ਆਪਣੇ ਵਿਚਾਰਾਂ ਦੇ ਸੰਚਾਰ ਲਈ ਲਿਖਣ ਵਿੱਚ ਬਦਲਵੇਂ ਸੰਚਾਰ ਦੇ ਤਰੀਕੇ ਜਿਵੇਂ ਕਿ ਆਈ.ਸੀ.ਟੀ ਜਾਂ ਭਾਸ਼ਣ-ਸਮੱਗਰੀ ਅਤੇ ਗਤੀਵਿਧੀਆਂ ਦਾ ਅਨਕੂਲਨ, ਦਿਸ਼ਟਾਤਮਕ ਸੂਚਨਾਵਾਂ ਲਈ ਵਿੱਦਿਅਕ ਸਮੱਗਰੀ ਦਾ ਪ੍ਰਬੰਧ, ਭੂਗੋਲਿਕ ਧਾਰਨਾਵਾਂ, ਵਿਸ਼ੇਸ਼ਤਾਵਾਂ ਅਤੇ ਵਾਤਾਵਰਨ ਨੂੰ ਸਮਝਣ ਲਈ ਸਹਾਇਤਾ ਕਰਨਾ।
- ਸਮੂਹਿਕ ਗਤੀਵਿਧੀਆਂ ਜਿਵੇਂ ਕਿ ਸਹਿਯੋਗਾਤਮਕ ਸਿੱਖਿਆ ਰਾਹੀਂ ਪ੍ਰੋਜੈਕਟ ਅਤੇ ਅਸਾਈਨਮੈਂਟਸ ਪੂਰਾ ਕਰਨਾ, ਵਿਦਿਆਰਥੀਆਂ ਨੂੰ ਐੱਸ.ਈ.ਐਨ ਸਮੇਤ ਕਲਾਸ ਰੂਮ ਗਤੀਵਿਧੀਆਂ ਵਿੱਚ ਕ੍ਰਿਆਤਮਕ ਰੂਪ ਵਿੱਚ ਭਾਗ ਲੈਣ ਦੇ ਯੋਗ ਬਣਾਏਗਾ।
- ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ( ਸੀ.ਡਬਲਯੂ.ਐੱਸ.ਐੱਨ) ਲਈ ਸੋਮੇ ਜਿਵੇਂ ਕਿ ਸਪਰਸ਼ੀ ਚਿੱਤਰ / ਨਕਸ਼ੇ / ਟਾਕਿੰਗ ਬੁਕਸ, ਵੇਖਣ-ਪ੍ਰੇਖਣ ਸਮੱਗਰੀ, ਬ੍ਰੇਲ ਆਦਿ ਵਰਤੇ ਜਾ ਸਕਦੇ ਹਨ, ਸਿੱਖਣ ਪ੍ਰਕਿਰਿਆ ਅਤੇ ਸਿਖਲਾਈ ਨਤੀਜੇ ਦਸਤਾਵੇਜ਼ਾਂ ਵਿੱਚ ਪੂਰਨ ਨਹੀਂ ਹਨ। ਸਿਖਲਾਈ ਨਤੀਜਿਆਂ ਦੇ ਸੁਧਾਰਨ ਲਈ ਅਤੇ ਆਪਣੇ ਵਿਦਿਆਰਥੀਆਂ ਦੇ ਲਗਾਤਾਰ ਮੁਲਾਂਕਣ ਲਈ ਅਧਿਆਪਨ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਮੁਲਾਂਕਣ ਦੇ ਕੰਮ ਦੇ ਨਾਲ਼-ਨਾਲ਼ ਯੋਗ ਸਿਖਲਾਈ ਪ੍ਰਕਿਰਿਆ ਅਤੇ ਰੂਪ-ਰੇਖਾ ਅਪਣਾਉਣਾ।

**ਨਜ਼ਰ ਦੇ ਵਿਗਾੜ ਵਾਲੇ ਬੱਚਿਆਂ ਲਈ:**

- ਭੂਗੋਲਿਕ ਸ਼ਬਦਾਵਲੀ ਅਤੇ ਧਾਰਨਾਵਾਂ ਸਮੇਤ, ਉਦਾਹਰਨ ਲਈ ਲੰਬਕਾਰ, ਵਿਥਕਾਰ, ਦਿਸ਼ਾਵਾਂ ਆਦਿ ਮੌਖਿਕ ਸਮੱਗਰੀ।
- ਗ੍ਰਾਫਿਕ ਅਤੇ ਦ੍ਰਿਸ਼ਟਾਤਿਕ ਵਿਆਖਿਆਵਾਂ ਜਿਵੇਂ ਨਕਸ਼ਾ ਪੜ੍ਹਨਾ, ਗ੍ਰਾਫ, ਚਿੱਤਰ, ਤਸਵੀਰਾਂ, ਸ਼ਿਲਾਲੇਖ, ਪ੍ਰਤੀਕ, ਯਾਦਗਾਰੀ ਭਵਨ ਆਦਿ।
- ਵਾਤਾਵਰਨ ਅਤੇ ਅੰਤਰਿਕਸ਼ ਨੂੰ ਦੇਖਣ - ਥਲ, ਜਲਵਾਯੂ, ਬਨਸਪਤੀ ਅਤੇ ਜੰਗਲੀ ਜੀਵਨ, ਸੋਮਿਆਂ ਅਤੇ ਸੇਵਾਵਾਂ ਦੀ ਵੰਡ ਆਦਿ।
- ਸੰਦਰਭ ਸਮੱਗਰੀ ਜਿਵੇਂ ਸ਼ਬਦ ਜੋੜਾਂ ਦੀ ਸੂਚੀ, ਪ੍ਰਸ਼ਨਾਂ ਦਾ ਅਧਿਐਨ, ਪ੍ਰਮੁੱਖ ਸੰਦਰਭ ਅਤੇ ਹੋਰ ਕੋਈ ਸੂਚਨਾ ਜਿਸ ਦੀ ਵਿਦਿਆਰਥੀਆਂ ਨੂੰ ਜ਼ਰੂਰਤ ਹੋਵੇ, ਮੁਹੱਈਆ ਕਰਵਾਈ ਜਾ ਸਕਦੀ ਹੈ।ਸਪੱਰਸ਼ੀ ਜਾਂ ਉੱਭਰੇ ਹੋਏ ਪ੍ਰਾਰੂਪ ਜਾਂ ਯੋਗ ਢੰਗ ਨਾਲ਼ ਬਣਾਏ ਹੋਏ।

**ਸੁਣਨ ਤੋਂ ਅਸਮਰੱਥ ਬੱਚਿਆਂ ਲਈ:**

- ਸ਼ਬਦਾਵਲੀਆਂ / ਤਕਨੀਕੀ ਸ਼ਬਦਾਵਲੀਆਂ, ਭਾਵਾਤਮਕ ਧਾਰਨਾਵਾਂ, ਤੱਥਾਂ, ਤੁਲਨਾਵਾਂ, ਕਾਰਨ ਪ੍ਰਭਾਵ ਸਬੰਧ, ਅਤੇ ਘਟਨਾਵਾਂ ਦੀ ਤਰਤੀਬ ਨੂੰ ਸਮਝਣਾ।
- ਵੱਡੀਆਂ ਪਾਠ ਪੁਸਤਕਾਂ ( ਪਾਠ ਪੁਸਤਕਾਂ/ ਸ੍ਰੋਤ ਸਮੱਗਰੀ ), ਵਿਸ਼ੇਸ਼ ਕਰਕੇ ਇਤਿਹਾਸ ਅਤੇ ਨਾਗਰਿਕ ਸ਼ਾਸਤਰ, ਪੜ੍ਹਨਾ।





- ਪਾਠ ਪੁਸਤਕਾਂ ਵਿੱਚੋਂ ਅਨੁਮਾਨ ਲਗਾਉਣਾ।

**ਯਾਦ ਸ਼ਕਤੀ ਦੇ ਵਿਗਾੜ, ਬੋਧਿਕ ਅਸਮਰੱਥਾ ਵਾਲੇ ਬੱਚੇ:**

- ਲਿਖਤੀ ਕੰਮ, ਦ੍ਰਿਸ਼ਟਾਂਤ, ਚਾਰਟ, ਗਰਾਫ ਅਤੇ ਨਕਸ਼ੇ ( ਖਾਸ ਕਰਕੇ ਯਾਦ ਸ਼ਕਤੀ ਦੀ ਕਮੀ ਵਾਲੇ ਬੱਚਿਆਂ ਲਈ ਦ੍ਰਿਸ਼ ਸਥਾਨਕ/ ਦ੍ਰਿਸ਼-ਪ੍ਰਕਿਰਿਆ/ ਅਵਧਾਰਾਨਾਤਮਕ)
- ਜ਼ਿਆਦਾ ਸੂਚਨਾ ਭੰਡਾਰ ਵਿੱਚੋਂ ਸਬੰਧਿਤ ਸੂਚਨਾ ਕੱਢਣੀ, ਇਤਿਹਾਸ ਵਰਗੇ ਭਾਰੇ ਭਰਕਮ ਵਿਸ਼ੇ ਅਜਿਹੇ ਬੱਚਿਆਂ ਲਈ ਚੁਨੌਤੀ ਹੁੰਦੇ ਹਨ।
- ਘਟਨਾਵਾਂ ਦੀ ਤਰਤੀਬ ਨੂੰ ਯਾਦ ਰੱਖਣਾ ਅਤੇ ਉਹਨਾਂ ਨੂੰ ਜੋੜਨਾ।
- ਭਾਵਾਤਮਕ ਧਾਰਨਾਵਾਂ ਨੂੰ ਸਮਝਣਾ ਅਤੇ ਵਿਆਖਿਆ ਕਰਨੀ।
- ਪਾਠ-ਪੁਸਤਕਾਂ ਵਿਚਲੀ ਸਮੱਗਰੀ ਨੂੰ ਵਾਤਾਵਰਨ ਅਤੇ ਸਮਾਜ ਨਾਲ਼ ਜੋੜਨਾ ਅਤੇ ਸਮਾਯੋਜਨ ਕਰਵਾਉਣਾ

## 'ਲਰਨਿੰਗ ਆਉਟਕੰਮਜ਼'
## ਅਨੁਵਾਦ ਅਤੇ ਵਿਕਸਤ ਕਰਨ ਵਾਲੀ ਕਮੇਟੀ

| ਨਾਮ | ਅਹੁਦਾ | ਸਕੂਲ/ਸੰਸਥਾ ਦਾ ਨਾਮ |
|---|---|---|
| ਨਵਨੀਤ ਕੌਰ | ਵਿਸ਼ਾ ਮਾਹਰ | ਐੱਸ.ਸੀ.ਈ.ਆਰ.ਟੀ. ਪੰਜਾਬ |
| ਰਣਬੀਰ ਸਿੰਘ | ਵਿਸ਼ਾ ਮਾਹਰ | ਐੱਸ.ਸੀ.ਈ.ਆਰ.ਟੀ. ਪੰਜਾਬ |
| ਕੁਲਦੀਪ ਕੁਮਾਰ ਵਰਮਾ | ਵਿਸ਼ਾ ਮਾਹਰ | ਐੱਸ.ਸੀ.ਈ.ਆਰ.ਟੀ. ਪੰਜਾਬ |
| ਮਨਜੀਤ ਪੁਰੀ | ਲੈਕਚਰਾਰ | ਸਰਕਾਰੀ ਸੇਵਾਕਾਲੀਨ ਸਿਖਲਾਈ ਸੰਸਥਾ ਫਰੀਦਕੋਟ |
| ਜਗਦੀਪ ਸਿੰਘ | ਲੈਕਚਰਾਰ | ਸ.ਸ.ਸ.ਸ ਮਾਨਾ ਸਿੰਘਵਾਲਾ ਫਿਰੋਜ਼ਪੁਰ |
| ਕ੍ਰਿਪਾਲ ਸਿੰਘ | ਲੈਕਚਰਾਰ | ਸ.ਸ.ਸ.ਸ.ਸ ਕੋਠੇ ਚੇਤ ਸਿੰਘ ਬਠਿੰਡਾ |
| ਲਖਵਿੰਦਰ ਕੁਮਾਰ | ਲੈਕਚਰਾਰ | ਸਰਕਾਰੀ ਸੇਵਾਕਾਲੀਨ ਸਿਖਲਾਈ ਸੰਸਥਾ ਫਰੀਦਕੋਟ |
| ਡਾ. ਬੂਟਾ ਸਿੰਘ | ਲੈਕਚਰਾਰ | ਡਾਈਟ ਅਹਿਮਦਗੜ੍ਹ ਮਾਨਸਾ |
| ਡਾ. ਰਮਿੰਦਰਜੀਤ ਕੌਰ | ਲੈਕਚਰਾਰ | ਡਾਈਟ ਗੁਰਦਾਸਪੁਰ |
| ਡਾ. ਸੁਨੀਲ ਬਹਿਲ | ਲੈਕਚਰਾਰ | ਸ.ਮਾ.ਸ.ਸ.ਸ. 3ਬੀ1 ਮੁਹਾਲੀ |
| ਵਰਿੰਦਰ ਕੁਮਾਰ | ਈ.ਟੀ.ਟੀ. ਅਧਿਆਪਕ | ਸ.ਪ.ਸ. ਮਚਾਕੀ ਮੱਲ ਸਿੰਘ ਫਰੀਦਕੋਟ |
| ਨਰੇਸ਼ ਕੁਮਾਰ | ਈ.ਟੀ.ਟੀ ਅਧਿਆਪਕ | ਸ.ਪ.ਸ. ਸੁਰਗਾਪੁਰੀ ਕੋਟਕਪੂਰਾ ਫਰੀਦਕੋਟ |
| ਪਰਮਿੰਦਰ ਸਿੰਘ | ਹਿਸਾਬ ਮਾਸਟਰ | ਸ.ਸ.ਸ.ਸ. ਮੋਰਾਂ ਵਾਲੀ ਫਰੀਦਕੋਟ |
| ਰਕੇਸ਼ ਬੱਬਰ | ਹਿੰਦੀ ਮਾਸਟਰ | ਸ.ਮਿ.ਸਕੂਲ ਲਲੌਡਾ ਪਟਿਆਲਾ |





## DEVELOPMENT TEAM MEMBERS

**ADVISORS**

Hrushikesh Senapaty, Professor and Director, NCERT, New Delhi
B. K. Tripathi, Professor and Joint Director, NCERT, New Delhi

**CHAIRPERSON**

Saroj Yadav, Professor and Dean (A), NCERT, New Delhi
A. K. Rajput, Professor and Head, DEE, NCERT, New Delhi

**CONVENORS**

Kavita Sharma, Associate Professor, DEE, NCERT, New Delhi
Varada M Nikalje, Associate Professor, DEE, NCERT, New Delhi development Team, Ncert
A.D. Tiwari, Professor, ESD
A.K. Srivastava, Professor and Dean (R)
A.K. Wazalwar, Professor and Head, DESM
Alka Mehrotra, Professor, DESM
Anjni Koul, Associate Professor, DESM
Anupam Ahuja, Professor and Head, DEGSN
Aparna Pandey, Associate Professor, DESS
Ashita Raveendran, Assistant Professor, PMD
C.V. Shimray, Assistant Professor, DESM
Chaman Ara Khan, Associate Professor, DEL
Dharamprakash, Professor ( Retd.)
Diwan Hannan Khan, DEL
Farooq Ansari, Professor, DEL
Gagan Gupta, Associate Professor, DESM
Gouri Srivastva, Professor, DGS
Indrani Bhaduri, Professor, ESD
Jaya Singh, Assistant Professor, DESS
K. Vijayan, Assistant Professor, DTE
M.V.S.V. Prasad, Assistant Professor, DESS
Meenakshi Khar, Assistant Professor, DEL
Mily Roy Anand, Associate Professor, DESS
Mohd. Moazzauddin, Professor, DEL
Naresh Kohli, Assistant Professor , DEL
Neerja Rashmi, Professor and Head, DESS
P.K. Mandal, Head, IRD
Padma Yadav, Associate Professor, DEE
Poonam Aggarwal, Professor and Head, DGS
Pratima Kumari, Associate Professor, ESD
Pushplata, Assistant Professor, DESM R. Meganathan, Assistant Professor, DEL
Rachna Garg, Associate Professor, DESM
Rajrani, Professor, DTE
Ranjna Arora, Professor and Head, RMSA
Ruchi Verma , Associate Professor, DESM
Sandhya Sahoo, Professor, DEL

Sandhya Singh, Professor, DEL
Sanjay Kumar Suman, Professor
Santosh Kumar, Professor (Retd.), ESD
Satya Bhushan, Assistant Professor, ESD
Seema S. Ojha, Associate Professor, DESS
Shankar Sharan, Associate Professor, DESS
Sharad Sinha, Professor, RMSA
Shashi Prabha, Associate Professor, DESM
Sonika Kaushik, Sr. Consultant, DEE
Sridevi, Assistant Professor, RMSA
Sridhar Srivastava, Professor and Secretary
Sunita Farkya, Professor, DESM
T.P. Sarma, Associate Professor, DESM
Tanu Malik, Assistant Professor, DESS
Usha Sharma, Professor, DEE
Veer Pal Singh, Professor, ESD
Y. Sreekanth, Head, ESD
Yogesh Kumar, Professor (Retd.), DEE reviewers
Akshay Kumar Dixit, Teacher, Fatehpur Beri, New Delhi
Anjali Tulsiane, F/24, Lajpat Nagar-3, New Delhi-110024
Anju Seghal Gupta, School of Humanities, IGNOU, New Delhi
Ashok Kumar Gupta, TGT, SST,Uttam Nagar, New Delhi
Ateefullah, Professor (Retd.), University of Delhi, New Delhi
Avantika Dam, T.G.T., 7/95, Sec. II, Rajendra Nagar, Sahibabad
Bir Singh Rawat, T.G.T. Sarojini Nagar, New Delhi
Deepti Behal, CIE Experimental Basic School, New Delhi
Farah Farooqi, Professor, Jamia Millia Islamia, New Delhi
Ghazanfar Ali, Professor, APD, Jamia Millia Islamia, New Delhi
Gurjeet Kaur, Jamia Millia Islamia, New Delhi
Haneet Gandhi, Assistant Professor, CIE, University of Delhi.
Hukum Singh, Professor (Retd.), DESM, NCERT, New Delhi
Jasim Ahmad, Associate Professor, Jamia Millia Islamia, New Delhi
Kapil Ghalot, Teacher, Nigam Pratibha Vidhyalaya, New Delhi
Ketan Verma, Pratham, New Delhi
Kushum Lata Agrawal , 7/215, Ramesh Nagar, New Delhi
M. Rajendran, Assistant Professor, CIE, University of Delhi
Manjula Mathur, Professor (Retd.), NCERT, New Delhi
P.K. Mishra, TGT, DPS, Vasant Kunj, New Delhi
Pankaj Arora, Associate Professor, CIE, University of Delhi
Poonam, 3148 Sec-23 Gurgaon-122012
Pradeep Kumar, PGT English, K.V. JNU, New Delhi
Praveen Khanght, Central Square Foundation, New Delhi
Preeti Chadha, CIE Basic School, University of Delhi
Ranjani Shankar M., Research Scholar, University of Delhi
Ravijot Sandhu, PGT Chemistry, Navyug School, New Delhi
Roohi Fatima, Assistant Professor, Jamia Millia Islamia, New Delhi
Shamama Bill, PGT Retd., New Delhi-110025





Sharda Kumari, Sr. Lecturer, DIET, R.K. Puram, New Delhi
Tanya Suri, Teacher, MCD School, Mukundpur, New Delhi
Usha Dwivedi, former Headmistress, K.V., NCERT, New Delhi

## NON-GOVERNMENT ORGANISATIONS (NGOs)

Aanchal Chomal, Azim Premji Foundation, Bengaluru
Anil Ramaprasad, Michael & Susan Dell Foundation, New Delhi
Dhir Jhingran, Language Learning Foundation, New Delhi
Prachi Windlass, Michael & Susan Dell Foundation, New Delhi
Praveen Khanghta, Central Square Foundation, New Delhi
Tariq Musthafa, Central Square Foundation, New Delhi
Vyjayanthi Sankar, Centre for Science of Student Learning, Delhi

## EXPERTS

D.R. Goel, Professor (Retd.), MS University Vadodra
G.L. Arora, Professor,(Retd.), NCERT, New Delhi
M.S. Lalithamma, Professor (Retd.), Pondicherry University
S.N. Tripathy, Professor (Retd.), Utkal University, Bhubaneswar

## SUPPORT STAFF

Chanchal Rani, Computer Typist, DEE, NCERT
Girish Goyal, DTP Operator, DEE, NCERT
Nitin Tanwar, DTP Operator, DEE, NCERT
Mohd. Amir, DTP Operator, DEE, NCERT
Om Prakash Dhyani, UDC, DEE, NCERT
Rani, PA, Dean Office, NCERT
Shakamber Dutt, Assistant, DEE, NCERT
Surender Kumar, DTP Operator, PD, NCERT Suresh Azad, A.P.C., DEE, NCER